GR Video Production



Where precious moments are captured

Gurinder Purewal

Videographer/Photographer

grvideoproductionOl@gmail.com

www.grvideoproduction.com

For bookings, Call (510) 921-6626 or Kash Fabrics (510) 538-1138



ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 33

November 18, 2015

Postal Address 5101 Doe Hollow Pl, Antelope, CA-95843

www.deshdoaba.com

www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਪੈਰਿਸ ਹਮਲਿਆਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਤੇਜ ਹੋਈ

### ਪਕੜੇ ਜਾਣ ਤੋਂ ਬਚਣ ਲਈ ਔਰਤ ਨੇ ਖ਼ੁਦ ਨੂੰ ਉਡਾ ਲਿਆ

**ਸੇਂਟ ਡੈਨਿਸ (ਪੈਰਿਸ)–** ਪੈਰਿਸ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਦੀ ਭਾਲ ਵਿੱਚ ਫਰਾਂਸ ਦੀ ਪੁਲਿਸ ਨੇ ਜਦੋਂ ਇਸ ਉਪ ਨਗਰ ਵਿੱਚ ਇਕ ਅਪਾਰਟਮੈਂਟ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਥੇ ਧਮਾਕਾਖ਼ੇਜ਼ ਸਮੱਗਰੀ ਨਾਲ ਭਰੀ ਜੈਕੇਟ ਵਿੱਚ ਧਮਾਕਾ ਕਰਕੇ ਇਕ ਔਰਤ ਨੇ ਖ਼ੁਦ ਨੂੰ ਉਡਾ ਲਿਆ। ਪੁਲੀਸ ਨੂੰ ਸ਼ੱਕ ਸੀ ਕਿ ਮੁੱਖ ਸਾਜ਼ਿਸ਼ਘਾੜਾ ਇਥੇ ਹੀ ਲੁਕਿਆ ਹੋਇਆ ਹੈ। ਪੁਲੀਸ ਨੇ ਦੱਸਿਆ ਕਿ ਝੜਪ ਤੜਕੇ



ਤੋਂ ਪਹਿਲਾਂ ਸ਼ੁਰੂ ਹੋਈ ਜੋ ਚਾਰ ਘੰਟਿਆਂ ਤੋਂ ਵੱਧ ਸਮੇਂ ਤੱਕ ਜਾਰੀ ਰਹੀ। ਇਸ ਦਾ ਅੰਤ ਇਕ ਵੱਡੇ ਧਮਾਕੇ ਨਾਲ ਹੋਇਆ। ਇਸ ਝੜਪ ਵਿੱਚ ਇਕ ਆਦਮੀ ਵੀ ਮਾਰਿਆ ਗਿਆ, ਜਦ ਕਿ ਸੱਤ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲੀਸ ਦਾ ਮੰਨਣਾ ਹੈ ਕਿ ਅਪਾਰਟਮੈਂਟ ਵਿੱਚ ਇਕ ਹੋਰ ਵਿਅਕਤੀ ਵੀ ਮੌਜੂਦ ਹੈ ਪਰ ਇਹ ਸਾਫ਼ ਨਹੀਂ ਹੋ ਸਕਿਆ ਕਿ ਉਹ ਕੌਣ ਹੈ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਲੱਗਦਾ ਹੈ ਕਿ ਜਦੋਂ ਛਾਪਾ ਮਾਰਿਆ ਗਿਆ ਸੀ ਤਾਂ ਅਪਾਰਟਮੈਂਟ ਵਿੱਚ ਬੈਲਜੀਅਮ ਦਾ ਅਤਿਵਾਦੀ ਅਬਦੁੱਲ ਹਮੀਦ ਅਬੂ ਪੰਜ ਹਥਿਆਰਬੰਦ ਵਿਅਕਤੀਆਂ ਨਾਲ ਮੌਜੂਦ ਸੀ। ਅਧਿਕਾਰੀ ਨੇ ਦੱਸਿਆ ਕਿ ਜਦੋਂ ਸੈਂਕੜੇ ਪੁਲਿਸ ਮੁਲਾਜ਼ਮ ਇਮਾਰਤ


(ਬਾਕੀ ਸਫ਼ਾਂ 5 ਤੇ)


## ਗਦਰੀ ਬਾਬਿਆਂ ਦਾ ਮੇਲਾ ਅਮਿੱਟ ਯਾਦਾਂ ਛੱਡਦਾ ਸੰਪੰਨ

**ਸੈਕਰਾਮੈਂਟੋ (ਡੀ ਡੀ ਬੀ)–** ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆ ਸੈਕਰਾਮੈਂਟੋ ਵਲੋਂ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ "ਮੇਲਾ ਗਦਰੀ ਬਾਬਿਆਂ ਦਾ" ਪਰਫਾਰਮਿੰਗ ਆਰਟ ਸੈਂਟਰ ਸ਼ੈਲਡਮ ਹਾਈ ਸਕੂਲ, 8333 ਕਿੰਗਜ ਬ੍ਰਿਜ ਡ੍ਰਾਈਵ, ਸੈਕਰਾਮੈਂਟੋ ਵਿਖੇ ਸਫਲਤਾ ਨਾਲ ਸੰਪੰਨ ਹੋਇਆ। ਗਦਰੀ ਬਾਬਿਆਂ ਦੇ ਇਸ ਮੇਲੇ ਦੀ ਪ੍ਰਧਾਨਗੀ ਮੰਡਲ ਵਿਚ ਮੁਲਖ ਰਾਜ ਸ਼ਰਮਾ, ਸੁਰਜੀਤ ਸਿੰਘ ਅਟਵਾਲ, ਪਰਮਜੀਤ ਸਿੰਘ ਜੌਹਲ, ਰਵਿੰਦਰ ਸਿੰਘ ਜੌਹਲ, ਅਮਰਜੀਤ ਸਿੰਘ ਕੰਧੋਲਾ, ਸਨੀ ਸਮਰਾ ਅਤੇ ਟਹਿਲ ਸਿੰਘ ਥਾਂਦੀ ਨੇ ਸ਼ਿਰਕਤ ਕੀਤੀ। ਬੁਲਾਰਿਆਂ ਵਿਚ ਡਾ. ਗੁਰਮੇਲ ਸਿੰਘ ਸਿੱਧੂ ਫਰਿਜ਼ਨੋ, ਪ੍ਰੋ. ਨਰਿੰਜਨ ਸਿੰਘ ਢੇਸੀ, ਸ੍ਰੀ ਮੁਲਖ ਰਾਜ ਸ਼ਰਮਾ, ਜਗਜੀਤ ਕੰਦੋਲਾ, ਸੁਰਿੰਦਰ ਮੰਢਾਲੀ ਅਤੇ ਸ੍ਰੀ ਧੁੱਗਾ ਤੇ ਜ਼ਿਨੀ ਸਿਮਜ ਸਾਬਕਾ ਮੈਂਬਰ ਪਾਰਲੀਮੈਂਟ ਕੈਨੇਡਾ ਆਦਿ ਨੇ ਹਾਜ਼ਰੀ ਲਗਵਾਈ। ਮੈਡਮ ਜਿੰਨੀ ਸਿਮਜ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਡੇ ਗਦਰੀ ਬਾਬਿਆਂ ਨੇ ਸਮਾਨਤਾ, ਇਨਸਾਨੀਅਤ ਅਤੇ ਆਜ਼ਾਦੀ ਲਈ ਜੰਗ ਲੜੀ ਹੈ। ਕਾਮਾਗਾਟਾਮਾਰੂ ਦੇ ਦੁਖਾਂਤ ਨੂੰ ਆਪਣੇ ਸੀਨੇ ਤੇ ਸਿਹਾ ਹੈ। ਸੰਘਰਸ਼ ਕਰਕੇ ਸਾਨੂੰ ਵੋਟ ਕੈਨੇਡਾ ਵਿਚ ਦਾ ਹੱਕ ਲੈ ਕੇ ਦਿੱਤਾ ਹੈ। ਅਸੀਂ ਅੱਜ ਜੋ ਅਜ਼ਾਦੀ ਵਾਲਾ ਜੀਵਨ ਜੀਅ ਰਹੇ ਹਾਂ ਉਹ ਗਦਰੀ ਬਾਬਿਆਂ ਦੀ ਦੇਣ ਹੈ। ਪਰ ਗਦਰੀ ਬਾਬਿਆ ਨੇ ਜਿਹੜੇ ਸੁਪਨੇ ਲਏ ਸੀ ਉਹ ਅਜੇ ਪੂਰੇ ਨਹੀਂ ਹੋ ਸਕੇ। ਇਹਨਾਂ ਸੁਪਨਿਆਂ ਨੂੰ ਪੂਰੇ ਕਰਨ ਲਈ ਸਾਨੂੰ ਸਾਰਿਆਂ ਨੂੰ ਰ.ਲ ਮਿ.ਲ ਕੇ ਹੰਭਲਾ ਮਾਰਨ ਦੀ ਲੋੜ ਹੈ। ਮੈਂ ਨੌਂ ਸਾਲ ਦੀ ਸੀ ਜਦੋਂ ਮੈਂ ਇੰਗਲੈਂਡ ਆ ਗਈ ਅਤੇ ਇਸ ਤੋਂ ਬਾਅਦ ਮੈਂ ਕਨੇਡਾ ਦੀ ਧਰਤੀ ਤੇ ਆ ਗਈ। ਇੱਥੇ ਆ ਕੇ ਮਿਹਨਤ ਮੁਸ਼ੱਕਤ ਨਾਲ ਪੜ੍ਹਾਈ ਪੂਰੀ ਕੀਤੀ, ਅਧਿਆਪਕਾ ਦੀ ਨੌਕਰੀ ਕੀਤੀ, ਅਧਿਆਪਕ ਯੂਨੀਅਨ ਦੀ ਪ੍ਰਧਾਨ ਵੀ ਚੁਣੀ ਗਈ ਅਤੇ ਇਸ ਤੋਂ ਬਾਅਦ ਕੈਨੇਡਾ ਦੀ ਪਾਰਲੀਮੈਂਟ ਵਿਚ ਪਹੁੰਚੀ। ਮੈਂ ਅੱਜ ਜੋ ਗੱਲ ਸ਼ਿਦਤ ਨਾਲ ਮਹਿਸੂਸ ਕਰ ਰਹੀ ਹਾਂ ਉਹ ਹੈ ਕਿ ਅਸੀਂ ਇੱਥੇ ਆ ਕੇ ਪੈਸਾ ਤਾਂ ਬਹੁਤ ਕਮਾ ਲਿਆ ਪਰ ਹੁਣ ਲੋੜ ਹੈ ਆਪਣੀ ਆਉਣ ਵਾਲੀ ਪੀੜੀ ਨੂੰ ਆਪਣੇ ਵਿਰਸੇ ਨਾਲ ਜੋੜਨ ਦੀ। ਜਦ ਤੱਕ ਅਸੀਂ ਉਹਨਾਂ ਨੂੰ ਆਪਣੀ ਵਿਰਾਸਤ, ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਨਹੀਂ ਜੋੜ ਕੇ ਰੱਖਦੇ ਤੱਦ ਤੱਕ ਅਸੀਂ ਆਪਣੀ ਵਿਰਾਸਤ ਨੂੰ ਸੁਰੱਖਿਅਤ ਨਹੀਂ ਰੱਖ ਸਕਦੇ। ਅੱਜ ਸਾਨੂੰ ਸੌੜੀ ਸੋਚ ਨੂੰ ਛੱਡ ਕੇ ਸਾਰੇ ਸਮਾਜ ਲਈ ਸੋਚਣਾ ਪਵੇਗਾ। ਅੱਜ ਦੇ ਦਿਹਾੜੇ ਤੇ ਇਹੋ ਗਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



ਲਾਹੌਰ ਸਾਜਿਸ਼ ਕੇਸ ਦੇ ਸੱਤ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਡਾ. ਗੁਰਮੇਲ ਸਿੰਘ ਸਿੱਧੂ ਫਰਿਜ਼ਨੋ, ਪ੍ਰੋ. ਨਰਿੰਜਨ ਸਿੰਘ ਢੇਸੀ ਅਤੇ ਬਾਕੀ ਬੁਲਾਰਿਆਂ ਨੇ ਕਿਹਾ ਸ਼ਹੀਦ ਕਰਤਾਰ ਸਿੰਘ ਸਰਾਭੇ ਨਾਲ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਸ਼ਹੀਦਾਂ ਦੀ ਕੁਰਬਾਨੀ ਵੀ ਕੋਈ ਘੱਟ ਨਹੀਂ ਸੀ। ਪਰ ਕਿਸੇ ਨਾ ਕਿਸੇ ਨੂੰ ਤਾਂ ਮੂਹਰੇ ਹੋ ਕੇ ਅਗਵਾਈ ਕਰਨੀ ਹੀ ਪੈਂਦੀ ਹੈ ਤੇ ਸਰਾਭਾ ਦੇਸ਼ ਦੀ ਅਜ਼ਾਦੀ ਲਈ ਲੜੀ ਜਾ ਰਹੀ ਜੰਗ ਵਿਚ ਹਮੇਸ਼ਾਂ ਅਗਾਂਹ ਹੋ ਕੇ ਲੜਿਆ। ਗਦਰ ਪਾਰਟੀ ਦੇ "ਗਦਰ" ਅਖਬਾਰ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਿਨ ਰਾਤ ਕੰਮ ਕਰਦਾ ਰਿਹਾ। "ਹਿੰਦ ਵਾਸੀਓ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ ਚੋਂ ਨਾ ਭੁਲਾ ਜਾਣਾ", "ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਗੱਲਾਂ ਕਰਨੀਆਂ ਢੇਰ ਸੁਖੱਲੀਆ ਨੇ ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਧਰਿਆ ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ"


**(ਬਾਕੀ ਖਬਰ ਸਫਾ 5 ਤੇ ਅਤੇ ਤਸਵੀਰਾਂ ਸਫਾ 12-13 ਤੇ ਦੇਖੋ)**


## ਬੌਬੀ ਜਿੰਦਲ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿੱਚੋਂ ਬਾਹਰ



**ਵਾਸ਼ਿੰਗਟਨ–** ਲੂਸੀਆਨਾ ਦੇ ਗਵਰਨਰ ਬੌਬੀ ਜਿੰਦਲ ਦੀ ਜਦੋਂ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਕੋਈ ਵਾਹ ਨਾ ਚੱਲੀ ਤਾਂ ਉਨ੍ਹਾਂ ਇਸ ਦੌੜ ਤੋਂ ਬਾਹਰ ਹੋਣ ਦਾ ਰਾਹ ਚੁਣ ਲਿਆ। ਉਨ੍ਹਾਂ ਮੰਨਿਆ ਕਿ ਅਜੇ ਹਾਲਾਤ ਉਨ੍ਹਾਂ ਦਾ ਸਾਥ ਨਹੀਂ ਦੇ ਰਹੇ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਅਹੁਦੇ ਦੀ ਦੌੜ ਲਈ ਉਹ ਰਿਪਬਲੀਕਨ ਉਮੀਦਵਾਰਾਂ 'ਚ ਸ਼ਾਮਲ ਸਨ ਅਤੇ ਪ੍ਰਚਾਰ 'ਚ ਲਗਾਤਾਰ ਪਿਛੜਨ ਤੋਂ ਬਾਅਦ ਉਹ ਸੂਚੀ 'ਚ ਫਾਡੀ ਰਹਿ ਗਏ ਸਨ। ਸ੍ਰੀ ਜਿੰਦਲ ਤੀਜੇ ਰਿਪਬਲੀਕਨ ਉਮੀਦਵਾਰ ਹਨ ਜੋ 2016 'ਚ ਹੋਣ ਵਾਲੀ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਤੋਂ ਲਾਂਭੇ ਹੋ ਗਏ ਹਨ। ਪਹਿਲਾਂ ਟੈਕਸਸ ਦੇ ਸਾਬਕਾ ਗਵਰਨਰ ਰਿਕ ਪੈਰੀ ਅਤੇ ਵਿਸਕੋਨਸਿਨ ਦੇ ਗਵਰਨਰ ਸਕੌਟ ਵਾਕਰ ਨੇ ਆਪਣੇ ਨਾਮ ਵਾਪਸ ਲੈ ਲਏ ਸਨ।


AAA AUTO AND BODY WORKS

We Do Complete Engine Transmission, Body and Paint Work We Sell Used Cars at a Good Price



ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

Free Estimates Free Towing



Prop: Jasbir Singh Takhar 510-755-2132

510- 733- 2222

1421 Industrial PKWY West#F Hayward, CA 94544

Harmandeep Singh

TANDOOR Indian Restaurant

27167 Mission Blvd. Hayward, CA 95544

ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

We are open seven days 11 AM to 10 PM

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

Ph. 510-885-1212, Fax. 510-885-1532



MAJESTIC HOMES

RAMESH SUMAN Broker Realtor RCS-D ™

Office (925) 779-1234

Direct (925) 366-3618

Fax (905) 219-3918

DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY



Ram Saroay Broker

ramsaroay@hotmail.com

39039 Paseo Padre Parkway Suite # 205 Fremont, CA 94538

Office: (510) 742-8120, Fax: (510) 742-8121

Amrik Chand (CPA)



Phone : 510-490-8200

Fax : 510-490-8202

Email : achand@pacbell.net

Income Tax Preparation (Individual, Corporation & LLC)

Payroll Services & Bookkeeping Services

* We are in this business since 1989.

Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



MANDEEP SANDHU

msandhu2014@gmail.com

SANDHU IMMIGRATION CONSULTANT

Passports, Visas, Green Cards, Notary, Immigration Forms

Citizenship, Study Visas, Family Immigration Visas

SANDHU Tours And Travels

(CST# 2122162-50)

Email: sandhutat@gmail.com.

WE OPEN 7-DAYS A WEEK

Note: I am not an Immigration Attorney.

"We sell International and Domestic Airline Tickets on Low Airfares"

(209-373-3562)

3222 PENELOPE DR. STOCKTON, CA- 95212 (NEAR HWY 99 ON MORADA LANE)

Jaspreet Singh

Attorney at Law USA

Over 18 years of Legal Experience

USA Immigration

Citizenship, Green Card

Deportation defense

Political Asylum

Specilized in

Detention cases, Artists

Singers P3 visas

Priest R1 visas

Investor EB 5 visas

L1 Business visas

Family law

Criminal Defense cases.

Offices

New York 37-18 73 Street Suite # 401 Jackson Heights Ny 11372 Phone : 718-533-8444

Fremont 44790 S Grimmer Blvd # 208 Fremont CA 94538 Phone : 510-657-6444

Fresno 4491 W Shaw ave # 131 Fresno CA 93711 Phone : 559-271-5511

Sacramento 2901 W Capitol ave West Sacramento CA 95691 Phone : 916-385-2288



Jaspreet Singh

Email : jaspreetsinghlawoffice@gmail.com


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets

# ਸਟਾਕਟਨ ਗੁਰਦੁਆਰਾ ਸਾਹਿਬ ਵਿਚ ਸਰਬੱਤ ਖਾਲਸੇ ਦੀ ਸਫਲਤਾ ਤੋਂ ਬਾਦ ਪੈਦਾ ਹੋਏ ਹਾਲਾਤ ਬਾਰੇ ਵੀਚਾਰ ਕਰਨ ਲਈ ਵੱਡੀ ਮੀਟਿੰਗ 21 ਨਵੰਬਰ ਨੂੰ

**ਫਰੀਮਾਂਟ (ਬਲਿਵੰਦਰਪਾਲ ਸਿੰਘ ਖਾਲਸਾ)–** ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਸਟਾਕਟਨ ਗੁਰਦੁਆਰਾ ਸਾਹਿਬ ਵਿਚ ਸਮੁੱਚੇ ਕੈਲੇਫੋਰਨੀਆ ਦੀਆਂ ਗੁਰਦੁਆਰਾ ਪ੍ਰਬ–ਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੀ ਸਾਂਝੀ ਮੀਟਿੰਗ 21 ਨਵੰਬਰ ਦਿਨ ਸਨਿੱਛਰਵਾਰ ਸ਼ਾਮੀ 2 ਵਜੇ ਹੋਵ–ੇਗੀ। ਇਸਦਾ ਫੈਸਲਾ ਗੁਰਦੁਆਰਾ ਫਰੀਮਾਂਟ ਵਿਚ ਵਿਸ਼ੇਸ ਸੱਦੇ ਉਤੇ ਪਹੁੰਚ ਸਕੀਆਂ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆ ਤੇ ਸੰਗਤਾਂ ਦੀ ਸਾਂਝੀ ਮੀਟਿੰਗ ਵਿਚ ਕੀਤਾ ਗਿਆ। ਇਸ ਹੰਗਾਮੀ ਮੀਟਿੰਗ ਲਈ ਸਭ ਨੂੰ ਸੱਦਾ ਦਿਤਾ ਗਿਆ ਸੀ।



ਇਸ ਮੀਟਿੰਗ ਵਿਚ ਗੁਰਦੁਆਰਾ ਟਰਲਕ ਤੋਂ ਭਾਈ ਗੁਰਜੀਤ ਸਿੰਘ, ਗੁਰਦੁਆਰਾ ਬਰਾਡਸ਼ਾਹ ਸੈਕਰਾਮੈਂਟੋ ਤੋਂ ਕਸ਼ਮੀਰ ਸਿੰਘ ਤੇ ਜਰਨੈਲ ਸਿੰਘ ਸੰਘਾ, ਗੁਰਦੁਆਰਾ ਸਟਾਕਟਨ ਤੋਂ ਦਲਜੀਤ ਸਿੰਘ, ਗੁਰਦੁਆਰਾ ਮਨਟੀਕਾ ਤੋਂ ਜਰਨੈਲ ਸਿੰਘ, ਸਾਹਿਬ ਸਿੰਘ ਜੋਗਿੰਦਰ ਸਿੰਘ, ਗੁਰਦੁਆਂਰਾ ਫਰੀਮਾਂਟ ਤੋਂ ਗੁਰਮੀਤ ਸਿੰਘ ਖਾਲਸਾ, ਜਸਦੇਵ ਸਿੰਘ, ਹਰਜੀਤ ਸਿੰਘ, ਲਖਵੀਰ ਸਿੰਘ, ਪਰਮਿੰਦਰ ਸਿੰਘ, ਅਮਨਦੀਪ ਸਿੰਘ, ਜਸਦੀਪ ਸਿੰਘ, ਕਸ਼ਮੀਰ ਸਿੰਘ, ਬਲਜੀਤ ਸਿੰਘ, ਗੁਰਮੀਤ ਸਿੰਘ ਆਦਿ, ਗੁਰਦੁਆਰਾ ਟਲੈਰੀ ਤੋਂ ਤਰਸੇਮ ਸਿੰਘ ਖਾਲਸਾ, ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ ਤੋਂ ਬਲਵਿੰਦਰ ਸਿੰਘ ਬੁਟਰ ਤੇ ਕਰਮਜੀਤ ਸਿੰਘ, ਗੁਰਦੁਆਰਾ ਟਰੇਸੀ ਤੋਂ ਦੀਪ ਸਿੰਘ ਤੇ ਲਖਵਿੰਦਰ ਸਿੰਘ ਨੇ ਹਿੱਸਾ ਲਿਆ।

ਪੰਥਕ ਜਥੇਬੰਦੀਆਂ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰੀਤਮ ਸਿੰਘ ਜੋਗਨੰਗਰ ਤੇ ਦਰਸ਼ਨ ਸਿੰਘ, ਬਾਦਲ ਸਿੰਘ, ਰਜਿੰਦਰ ਸਿੰਘ ਰਾਜਾ, ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਵੱਲੋਂ ਬਲਿਵੰਦਰਪਾਲ ਸਿੰਘ, ਬਲਵਿੰਦਰ ਸਿੰਘ ਚੱਬਾ, ਦੀਪ ਕੌਰ ਆਦਿ ਨੇ ਹਿੱਸਾ ਲਿਆ।

ਮੀਟਿੰਗ ਵਿਚ ਸਰਬੱਤ ਖਾਲਸੇ ਦੀ ਸਫਲਤਾ ਬਾਰੇ ਜਸਦੇਵ ਸਿੰਘ ਨੇ ਅੱਖੀ ਵੇਖਿਆ ਹਾਲ ਬਿਆਨ ਕਰਕੇ ਸਭ ਨੂੰ ਨਿਹਾਲ ਕੀਤਾ ਤੇ ਪੰਜਾਬ ਸਰਕਾਰ ਦੁਆਰ ਲੋਕਤੰਤਰ ਦਾ ਕਤਲ ਕਰਕੇ ਨਵੇਂ ਨਿਯੁਕਤ ਕੀਤੇ ਸਿੰਘ ਸਾਹਿਬਾਨਾਂ ਦੀ ਗ੍ਰਿਫਤਾਰੀ ਤੇ ਪਰਦੇਸਾਂ ਵਿਚੋਂ ਸਰਬੱਤ ਖਾਲਸੇ ਵਿਚ ਹਿੱਸਾ ਲੈਣ ਗਏ ਸਿੰਘਾਂ ਵਿਰੁੱਧ ਦਰਜ ਕੀਤੇ ਝੂਠੇ ਮੁਕੱਦਮਿਆਂ ਬਾਰੇ ਜਾਣਕਾਰੀ ਦਿੱਤੀ।

ਮੀਟਿੰਗ ਵਿਚ ਖੁੱਲ੍ਹ ਕੇ ਮੌਜੂਦਾ ਹਾਲਤ ਜਿਨਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਲਗਾਤਾਰ ਹੋ ਰਹੀ ਬੇਅਦਬੀ ਤੇ ਦੋਸ਼ੀਆ ਨੂੰ ਨਾਂ ਫੜਨਾ, ਦੋ ਸ਼ਹੀਦ ਸਿੰਘਾਂ ਦੇ ਕਾਤਲ ਪੁਲਿਸ ਅਫਸਰਾਂ ਨੂੰ ਬਚਾਉਣ ਦੀ ਪੰਜਾਬ ਸਰਕਾਰ ਦੀ ਸਾਜ਼ਿਸ਼, ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿਚ ਸਰਕਾਰ ਦੀ ਦਖਲ ਅੰਦਾਜ਼ੀ, ਸੁਖਬੀਰ ਬਾਦਲ ਦੁਆਰਾ ਸਿੱਖ ਕੌਮ ਨੂੰ ਧਮਕਾਉਣ ਆਦਿ ਬਾਰੇ ਵੀਚਾਰ ਕੀਤੀ ਗਈ ਤੇ ਭਵਿੱਖ ਦੀ ਕਾਰਜ ਪ੍ਰਣਾਲੀ ਬਾਰੇ ਸਮੁੱਚੇ ਰੂਪ ਵਿਚ ਸਾਂਝਾ ਫੈਸਲਾ ਕਰਨ ਲਈ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਦੀ ਸਾਂਝੀ ਤੇ ਵੱਡੀ ਬੈਠਕ ਕਰਨ ਦਾ ਫੈਸਲਾ ਕੀਤਾ ਗਿਆ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆ ਤੇ ਜਥੇਬੰਦੀਆਂ ਨੂੰ ਵਿਸ਼ੇਸ਼ ਬੇਨਤੀ ਕੀਤੀ ਗਈ ਕਿ ਹੋਣ ਵਾਲੀ ਮੀਟਿੰਗ ਵਿਚ ਸਾਰੇ ਸ਼ਾਮਲ ਹੋਣ ਜੋ ਕਿਸੇ ਕਾਰਨ ਫਰੀਮਾਂਟ ਨਹੀਂ ਪਹੁੰਚ ਸਕੇ।

# ਪੰਥਕ ਆਗੂਆਂ ਦੀਆਂ ਗ੍ਰਿਫਤਾਰੀਆਂ ਅਤੇ ਉਹਨਾਂ ਖਿਲਾਫ਼ ਦੇਸ਼ ਧਰੋਹ ਦੇ ਮੁਕੱਦਮੇ ਦਰਜ ਕਰਨਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ–ਜਸਪ੍ਰੀਤ ਸਿੰਘ ਅਟਾਰਟੀ

## ਪੈਰਿਸ 'ਚ ਹੋਏ ਅੱਤਵਾਦੀ ਹਮਲੇ ਦੀ ਕਰੜੇ ਸ਼ਬਦਾਂ 'ਚ ਨਿਖੇਧੀ

**ਨਿਊਯਾਰਕ, (ਬਿਊਰੋ)–** ਸਰਬੱਤ ਖਾਲਸਾ ਨੂੰ ਲੋਕਾਂ ਦੇ ਮਿਲੇ ਵੱਡੇ ਫਤਵੇ ਤੋਂ ਡਰੀ ਅਕਾਲੀ ਸਰਕਾਰ ਨੇ ਸਰਬੱਤ ਖਾਲਸਾ ਬੁਲਾਉਣ ਵਾਲੀਆਂ ਧਿਰਾਂ ਦੇ ਆਗੂਆਂ ਅਤੇ ਤਿੰਨਾਂ ਤਖਤਾਂ ਦੇ ਜਥੇਦਾਰਾਂ ਨੂੰ ਗ੍ਰਿਫਤਾਰ ਕਰਕੇ ਤਾਨਾਸ਼ਾਹੀ ਰਾਜ ਦਾ ਸਬੂਤ ਦਿੱਤਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਾਈ ਪਾਵਰ ਕੋਰ ਕਮੇਟੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨੀ ਤੋਂ ਅਸਤੀਫ਼ਾ ਦੇ ਚੁੱਕੇ ਉਘੇ ਵਕੀਲ ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਪ੍ਰੈਸ ਨੋਟ ਰਾਹੀਂ ਕਿਹਾ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਥਾਪੇ ਜਥੇਦਾਰ ਧਿਆਨ ਸਿੰਘ ਮੰਡ, ਤਖਤ ਸ੍ਰੀ ਕੇਸਗੜ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾ–ਦੂਵਾਲ, ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ ਅਤੇ ਹੋਰਨਾਂ ਸਿੱਖ ਸ਼ਖਸ਼ੀਅਤਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਖਿਲਾਫ਼ ਦੇਸ਼ ਧਰੋਹ ਦੇ ਮੁਕੱਦਮੇ ਦਰਜ ਕਰਕੇ ਸਰਕਾਰ ਨੇ ਪੰਥਕ ਅਵਾਜ਼ ਨੂੰ ਦਬਾਉਣ ਦੀ ਕੋਝੀ ਸਾਜਿਸ਼ ਕੀਤੀ ਹੈ। ਉਹਨਾਂ ਕਿਹਾ ਕਿ ਭਵਿੱਖ ਵਿਚ ਸਰਕਾਰ ਖਿਲਾਫ਼ ਹੋਣ ਵਾਲੇ ਵਿਰੋਧ ਦੀ ਉਹ ਖੁਦ ਹੀ ਜੁੰਮੇਵਾਰ ਹੋਵੇਗੀ। ਉਹਨਾਂ ਕਿਹਾ ਕਿ ਭਾਈ ਮੋਹਕਮ ਸਿੰਘ ਪ੍ਰਧਾਨ ਯੂਨਾਈਟਿਡ ਅਕਾਲੀ ਨੇ ਜੇਲਖ਼ ਜਾਣ ਤੋਂ ਪਹਿਲਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਾਂਤੀ ਬਣਾਈ ਰੱਖਣ ਜੋ ਕਿ ਆਪਣੇ ਆਪ ਵਿਚ ਇਕ ਮਿਸਾਲ ਹੈ, ਪ੍ਰੰਤੂ ਦੂਜੇ ਪਾਸੇ ਸਰਕਾਰ ਸ਼ਾਂਤੀ ਨੂੰ ਭੰਗ ਕਰਨ 'ਤੇ ਲੱਗੀ ਹੋਈ ਹੈ। ਉਨਖ਼ਾਂ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਜਿੰਨਾਂ ਦੀ ਸਿਹਤ ਖਰਾਬ ਹੈ ਨੂੰ ਫੜ ਕੇ ਪੁਲਿਸ ਨੇ ਤਸੀਹੇ ਦਿੱਤੇ ਬਹੁਤ ਹੀ ਨਿੰਦਣਯੋਗ ਹੈ ਅਤੇ ਉਸਦੀ ਉਹ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਉਹਨਾਂ ਅਕਾਲੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਜਬਰ ਦੇ ਖਿਲਾਫ਼ ਲੜਾਈ ਜਾਰੀ ਰਹੇਗੀ ਪਰ ਸਿੱਖਾਂ ਨੂੰ ਸਬਰ ਬਣਾ ਕੇ ਰੱਖਣ ਦੀ ਬਹੁਤ ਸਖ਼ਤ ਲੋੜ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ 10 ਨਵੰਬਰ ਨੂੰ ਚੱਬਾ ਵਿਖੇ ਸਰਬੱਤ ਖ਼ਾਲਸਾ 'ਚ ਹੋਏ ਪੰਥਕ ਵਿਸ਼ਾਲ ਇਕੱਠ ਨੂੰ ਦੇਖ ਕੇ ਪੂਰੀ ਤਰਾਂ ਘਬਰਾ ਗਈ ਹੈ ਅਤੇ ਹੁਣ ਅਜਿਹੇ ਹਥਕੰਢੇ ਵਰਤ ਕੇ ਪੰਥਕ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਤੋਂ ਸਾਨੂੰ ਸਾਰਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ। ਉਹਨਾਂ ਕਿਹਾ ਕਿ ਸਰਬੱਤ ਖਾਲਸੇ ਵਿਚ ਨਾ ਤਾਂ ਕੋਈ ਦੇਸ ਖਿਲਾਫ਼ ਕੋਈ ਭੜਕਾਊ ਭਾਸ਼ਨ ਦਿੱਤਾ ਅਤੇ ਨਾ ਹੀ ਕੋਈ ਦੇਸ਼ 'ਚ ਮਾਹੌਲ ਖਰਾਬ ਕਰਨ ਕਿਸੇ ਨੂੰ ਉਕਸ–ਾਇਆ ਗਿਆ, ਪ੍ਰੰਤੂ ਪੰਜਾਬ ਸਰਕਾਰ ਨੇ ਉਕਤ ਆਗੂਆਂ ਖਿਲਾਫ਼ ਦੇਸ ਧਰੋਹ ਦੇ ਮੁਕੱਦਮੇ ਦਰਜ ਕਰਕੇ ਪੰਥਕ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸਦੀ ਉਹ ਕਰੜੇ ਸ਼ਬਦਾਂ 'ਚ ਨਿਖੇਧੀ ਕਰਦੇ ਹਨ।



ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਟਿੱਪਣੀ ਕਰਦਿਆਂ ਕਿਹਾ ਕਿ ਜੇ ਭਾਈ ਰਣਜੀਤ ਸਿੰਘ ਜੋ ਨਿਰੰਕਾਰੀ ਗੁਰਬਚਨ ਸਿੰਘ ਦੇ ਕਲਤ ਕੇਸ ਵਿਚ ਸਜਾ ਭੁਗਤ ਰਹੇ ਸਨ ਨੂੰ ਜੇਲਖ਼ 'ਚ ਬੈਠੇ ਜਥੇਦਾਰ ਬਣਾਇਆ ਜਾ ਸਕਦਾ ਹੈ ਤਾਂ ਜਗਤਾਰ ਸਿੰਘ ਹਵਾਰਾ ਨੂੰ ਕਿਉਂ ਨਹੀ ਜਥੇਦਾਰ ਬਣਾਇਆ ਜਾ ਸਕਦਾ। ਉਨਖ਼ਾਂ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ ਜੋ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਢ ਵਿਚ ਸਜਾ ਭੁਗਤ ਰਹੇ ਹਨ ਉਨਖ਼ਾਂ ਨੂੰ ਜਿੰਦਾ ਸ਼ਹੀਦ ਦਾ ਖਿਤਾਬ ਦਿੱਤਾ ਜਾ ਸਕਦਾ ਹੈ ਤਾਂ ਭਾਈ ਜਗਤਾਰ ਸਿੰਘ ਹਵਾਰਾ ਵੀ ਉਸੇ ਕੇਸ ਵਿਚ ਸਜਾ ਭੁਗਤ ਰਹੇ ਹਨ। ਉਹਨਾਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ। ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਪੈਰਿਸ ਹਮਲੇ ਦੀ ਨਿੰਦਾ ਕਰਦੇ ਹੋਏ ਇਸ ਨੂੰ ਨਫਰਤ ਭਰਿਆ ਅੱਤਵਾਦੀ ਹਮਲਾ ਦੱਸਿਆ। ਉਹਨਾਂ ਕਿਹਾ ਪੂਰੀ ਦੁਨੀਆ ਨੂੰ ਰਲ ਕੇ ਇਹਨਾਂ ਦਾ ਮੁਕਾਬਲਾ ਕਰਨਾ ਹੋਵੇਗਾ। ਉਨਖ਼ਾਂ ਕਿਹਾ ਕਿ ਅੱਤਵਾਦੀ ਦੇ ਖਿਲਾਫ ਸਖਤ ਕਦਮ ਚੁੱਕਣ ਦੀ ਲੋੜ ਹੈ ਤਾਂ ਜੋ ਅਜਿਹੇ ਘਿਨੌਣੇ ਹਮਲਿਆਂ ਨੂੰ ਰੋਕਿਆ ਜਾ ਸਕੇ।

# ਆਪ ਦੇ ਕੌਮੀ ਲੀਡਰ ਸੰਜੇ ਸਿੰਘ, ਆਸ਼ੂਤੋਸ਼ ਅਤੇ ਹਿੰਮਤ ਸਿੰਘ ਸ਼ੇਰ ਗਿੱਲ ਫਰਿਜ਼ਨੋ ਵਿਖੇ ਲੋਕਾਂ ਦੇ ਰੂਬਰੂ ਹੋਏ

















**ਫਰਿਜ਼ਨੋ (ਕੈਲੇਫੋਰਨੀਆਂ) (ਕੁਲਵੰਤ ਧਾਲੀਆਂ)–** ਆਮ ਆਦਮੀ ਪਾਰਟੀ ਦੇ ਕੌਮੀ ਲੀਡਰ ਅਤੇ ਪੰਜਾਬ ਮਸਲਿਆਂ ਦੇ ਇੰਨਚਾਰਜ਼ ਸੰਜੇ ਸਿੰਘ, ਕੌਮੀਂ ਬੁਲਾਰੇ ਆਸ਼ੂਤੋਸ ਅਤੇ ਵਕੀਲ ਹਿੰਮਤ ਸਿੰਘ ਸ਼ੇਰਗਿੱਲ ਲੰਘੇ ਸ਼ਨੀਵਾਰ ਫਰਿਜ਼ਨੋ ਵਿਖੇ ਆਮ ਲੋਕਾਂ ਨੂੰ ਸੰਬੋਧਨ ਕਰਨ ਲਈ ਸਥਾਨਿਕ ਐਡੀਸਨ ਸ਼ੋਸ਼ਲ ਕਲੱਬ ਵਿਖੇ ਪਹੁੰਚੇ। ਜਿਥੇ ਆਪ ਸਪੋਰਟਰਾਂ ਦੇ ਖਚਾਖਚ ਭਰੇ ਹਾਲ ਵਿੱਚ ਭਾਰੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣੇਂ ਮਹਿਬੂਬ ਨੇਤਾਵਾਂ ਦੇ ਵਿਚਾਰ ਸੁਣੇ। ਇਸ ਸਮਾਗਮ ਦੀ ਸੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਸਭ ਤੋਂ ਪਹਿਲਾਂ ਪੈਰਸ ਵਿੱਚ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਯਾਦ ਕਰਦਿੰਆਂ ਮਿੰਟ ਦਾ ਮੌਨ ਧਾਰਨ ਕਰਕੇ ਸਰਧਾਜ਼ਲੀ ਦਿੱਤੀ ਗਈ।

ਉਪਰੰਤ ਪੰਜਾਬ ਦੇ ਵਿੱਚ ਵਾਪਰੇ ਤਾਜ਼ਾ ਦੁਖਦਾਇਕ ਘਟਨਾਵਾਂ ਤੇ ਦੁਖ ਦਾ ਪ੍ਰਗਟਾਵਾ ਕਰਦਿੰਆਂ ਬੁਲਾਰਿਆ ਨੇ ਪੰਜਾਬ ਸਰਕਾਰ ਨੂੰ ਝਾੜਾ ਪਾਈਆਂ ਅਤੇ ਪੰਜਾਬ ਦੇ ਲੋਕਾਂ ਨੂੰ ਜਾਗੁਰਕ ਕਰਨ ਲਈ ਪਾਏ ਪ੍ਰਦੇਸ਼ੀ ਪੰਜਾਬੀਆਂ ਦੇ ਯੋਗਦਾਨ ਦੀ ਭਰਪੂਰ ਸਰਾਨਾ ਕੀਤੀ। ਮੁੱਖ ਬੁਲਾਰਿਆਂ ਵਿੱਚ ਵਕੀਲ ਹਿੰਮਤ ਸਿੰਘ ਸ਼ੇਰਗਿੱਲ, ਆਸ਼ੂਤੋਸ਼ ਅਤੇ ਸੰਜੇ ਸਿੰਘ ਨੇ ਪੰਜਾਬ ਦੀ ਆਰਥਿਕ, ਸਿਆਸੀ ਅਤੇ ਅਮਨ ਕਨੂੰਨ ਦੀ ਸਥਿਤੀ ਬਾਰੇ ਆਏ ਲੋਕਾਂ ਨਾਲ ਆਪਣੇਂ ਵਿਚਾਰ ਸਾਝੇ ਕੀਤੇ,



ਉਹਨਾਂ ਭਾਰਤੀ ਸਿਆਸਤ ਵਿੱਚ ਵਧਦੇ ਪਰਿਵਾਰਵਾਦ ਦੇ ਰੁਝਾਨ ਪ੍ਰਤੀ ਵੀ ਲੋਕਾਂ ਨੂੰ ਸੁਚੇਤ ਕੀਤਾ। ਪੰਜਾਬ ਅੰਦਰ ਪਿਛਲੇ ਦਸਾਂ ਸਾਲਾਂ ਵਿੱਚ ਅਕਾਲੀ ਸਰਕਾਰ ਨੇ ਕਿਵੇਂ ਲੋਕਾਂ ਨੂੰ ਲੁਟਿਆ ਅਤੇ ਕੁਟਿਆਂ ਬਾਰੇ ਵੀ ਬੁਲਾਰਿਆਂ ਨੇਂ ਖੂਬ ਭੜਾਸ ਕੱਢੀ। ਇਸ ਮੌਕੇ ਹੋਰ ਬੋਲਣ ਵਾਲੇ ਬੁਲਾਰਿਆਂ ਵਿੱਚ ਜੱਗਾ ਸਧਾਰ, ਗੁਰਨੇਕ ਸਿੰਘ ਬਾਗੜੀ, ਮੇਜ਼ਰ ਕੁਲਾਰ, ਗੁਰਬਖਸ਼ੀਸ਼ ਸਿੰਘ ਗਰੇਵਾਲ, ਬਬਲਾ ਮਲੂਕਾ, ਅਤੇ ਅੰਮ੍ਰਤਪਾਲ ਢਿੱਲੋਂ ਨੇ ਆਪਣੇ ਵਿਚਾਰ ਰੱਖੇ, ਲੋਕਲ ਬੁਲਾਰਿਆਂ ਨੇਂ ਰੁਸੇ ਆਪ ਲੀਡਰਾ ਨੂੰ ਮਨਾਉਣ ਲਈ ਹਾਈਕਮਾਡ ਨੂੰ ਵਾਸਤੇ ਪਾਏ, ਉਹਨਾਂ ਪੰਜਾਬ ਦੇ ਬੇਦਾਗ ਲੀਡਰਾ ਨੂੰ ਆਪ ਵਿੱਚ ਸ਼ਾਮਲ ਕਰਨ ਦੀ ਗੁਹਾਰ ਵੀ ਲਾਈ ਅਤੇ ਉਹਨਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਹਰ ਓਸ ਲੀਡਰ ਦੀ ਸਪੋਰਟ ਕਰਦੇ ਹਨ ਜਿਹੜਾ ਉਜੜਦੇ ਪੰਜਾਬ ਨੂੰ ਬਚਾਉਣ ਲਈ ਨਿਡਰ ਸੋਚ ਅਤੇ ਸੁਫ ਸੁਥਰੇ ਅਕਸ ਦਾ ਧਾਰਨੀਂ ਹੋਵੇ। ਬੁਲਾਰਿਆਂ ਨੇਂ ਕੇਜ਼ਰੀਵਾਲ ਸਰਕਾਰ ਦੀਆਂ ਪ੍ਰਾਪਤੀਆਂ ਤੇ ਚਾਨਣਾਂ ਪਾਉਦਿਆਂ ਚੁਰਾਸੀ ਦੇ ਕਤਲੇਆਮ ਸਬੰਧੀ ਪੀੜਤ ਸਿੱਖ ਪਰਿਵਾਰਾ ਦੇ ਹਿਰਦਿੰਆਂ ਤੇ ਮੱਲਹਮ ਲਾਉਣ ਲਈ ਵੀ ਕੇਜ਼ਰੀਵਾਲ ਸਰਕਾਰ ਨੂੰ ਸ਼ਾਬਾਸ਼ ਦਿੱਤੀ। ਇਸ ਤਿੰਨ ਘੰਟੇ ਚੱਲੇ ਸਮਾਗਮ ਦੌਰਾਂਨ ਲੋਕਾਂ ਨੇ ਸਾਹ ਰੋਕਕੇ ਲੀਡਰਾ ਦੇ ਵਿਚਾਰ ਸੁਣੇ ਅਤੇ ਤਾੜੀਆਂ ਦੀ ਗੂੰਜ਼ ਵਿੱਚ ਉਹਨਾਂ ਆਪ ਪਾਰਟੀ ਦੇ ਏਜ਼ੰਡੇ ਨੂੰ ਪ੍ਰਵਾਨਗੀ ਦਿੱਤੀ। ਇਸ ਪ੍ਰੋਗ੍ਰਾਮ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਅਮੋਲਕ ਸਿੱਧੂ, ਜੰਗੀਰ ਸਿੰਘ ਗਿੱਲ, ਪਾਲ ਮਾਹਲ, ਗੁਰਦੇਵ ਨਿੱਝਰ, ਹਾਕਮ ਸਿੰਘ ਢਿੱਲੋਂ, ਜੱਸੀ ਸਟੋਨ ਟਰੱਕਿੰਗ, ਨਾਜ਼ਰ ਸਿੰਘ ਸਹੋਤਾ, ਗੁਰਨੇਕ ਸਿੰਘ ਬਾਗੜੀ, ਮਨਵੀਰ ਭੁਲਰ, ਸਤਵੰਤ ਵਿਰਕ, ਸਮੂਹ ਪੀਸੀਏ ਮੈਬਰ ਅਤੇ ਸਮੂਹ ਕੈਲੇਫੋਰਨੀਆਂ ਆਪ ਟੀਮ ਸਿਰ ਜਾਦਾ ਹੈ। ਸਟੇਜ਼ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਪ੍ਰੋਗ੍ਰਾਮ ਦੌਰਾਨ ਚਾਹ ਪਕੌੜਿਆਂ ਦਾ ਲੰਗਰ ਅਤੁਟ ਵਰਤਿਆ। ਇਸ ਤੋਂ ਬਿਨਾਂ ਐਤਵਾਰ ਨੂੰ ਇਹਨਾਂ ਲੀਡਰਾ ਨੇ ਪੰਜਾਬੀਆਂ ਦੇ ਭਰਵੇਂ ਇਕੱਠ ਨੂੰ ਫੇਅਰਫੀਲਡ ਗੁਰੂਘਰ ਵਿੱਖੇ ਵੀ ਸੰਬੋਧਨ ਕੀਤਾ। ਜਿਥੇ ਹੋਰਨਾਂ ਤੋਂ ਇਲਾਵਾ ਬਲਵੰਤ ਸਿੰਘ ਮੱਲ੍ਹਾ, ਯੋਧਵੀਰ ਸਿੰਘ, ਡਾ. ਇਕਵਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ ਧੁੱਗਾ, ਪਰਵਾਜ਼ ਆਦਿ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਦਾ ਸਿਹਰਾ ਸਮੂਹ ਬੇ–ਏਰੀਆ ਟੀਮ ਸਿਰ ਜਾਦਾ ਹੈ। ਕੁਲ ਮਿਲਾਕੇ ਦੋਵੇਂ ਸਮਾਗਮ ਸੈਕੜੇ ਲੋਕਾਂ ਦੀ ਹਾਜ਼ਰੀ ਵਿੱਚ ਬੇਹੱਦ ਸਫਲ ਰਹੇ।

# ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਰਵਿਦਾਸ ਜੀ ਦੀ ਤਸਵੀਰ ਦੀ ਬੇਅਦਬੀ ਦੀ ਘੋਰ ਨਿੰਦਾ





**ਸੈਕਰਾਮੈਂਟੋ**–ਸ੍ਰੀ ਗੁਰੂ ਰਵਿਦਾਸ ਸਭਾ ਰਿਓ ਲਿੰਡਾ ਵੱਲੋਂ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਧਾਰਮਿਕ ਪੁਸਤਕਾਂ ਦੀ ਬੇਅਦਬੀ ਦੇ ਰੋਸ ਵਜੋਂ ਬੀਤੀ 15 ਨਵੰਬਰ ਨੂੰ ਗੁਰੂ ਘਰ ਰਿਓਲਿੰਡਾ ਵਿਖੇ ਇਕ ਵਿਸ਼ੇਸ਼ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤਾ। ਇਸ ਦਰਮਿਆਨ ਹਾਜ਼ਰ ਬੁਲਾਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਫੋਟੋ ਪ੍ਰਤੀ ਅਪਮਾਨ ਕਰਨ ਦੀ ਪੁਰਜ਼ੋਰ ਨਿੰਦਾ ਕੀਤੀ ਗਈ। ਇਸ ਮੌਕੇ ਸਟੇਜ ਦੀ ਭੂਮਿਕਾ ਜਸਵਿੰਦਰ ਬੰਗਾ ਅਤੇ ਰਾਜ ਸੂਦ ਨੇ ਨਿਭਾਈ। ਉਹਨਾਂ ਕਿਹਾ ਕਿ ਅਜਿਹੇ ਅਪਮਾਨ ਧਰਮ ਅਤੇ ਮਨੁੱਖਤਾ ਦੇ ਖਿਲਾਫ ਹਨ, ਜਿਸ ਦੀ ਹਰ ਪਾਸਿਉਂ ਨਿੰਦਾ ਹੋ ਰਹੀ ਹੈ। **(ਤਸਵੀਰਾਂ ਤੇ ਵੇਰਵਾ– ਜੱਸੀ ਬੰਗਾ)**

# ਅਨੁਸੂਚਿਤ ਜਾਤੀ ਕਰਮਚਾਰੀ 6 ਦਸੰਬਰ ਨੂੰ ਕਰਨਗੇ ਮੁੱਖ ਮੰਤਰੀ ਦਾ ਘਿਰਾਓ

**ਕਰਨਾਲ**– ਹਰਿਆਣਾ ਵਿਚ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਡਿਮੋਸ਼ਨ ਕਰਨ, ਦਲਿਤ ਸਮਾਜ ਵਿਚ ਵੱਧ ਰਹੇ ਅੱਤਿਆਚਾਰਾਂ ਤੇ ਰੋਕ ਲਗਾਉਣ ਨੂੰ ਲੈ ਕੇ ਆਲ ਹਰਿਆਣਾ ਸ਼ਡਿਊਲ ਕਾਸਟ ਇੰਪਲਾਈਜ਼ ਫੈਡਰੇਸ਼ਨ ਨੇ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲੜਨ ਦਾ ਐਲਾਨ ਕੀਤਾ ਹੈ। ਫੈਡਰੇਸ਼ਨ ਦੇ ਸੂਬਾ ਉਪ ਪ੍ਰਧਾਨ ਸੁਖਦੇਵ ਭੁੱਕਲ, ਜ਼ਿਲ੍ਹਾ ਪ੍ਰਧਾਨ ਰਣਧੀਰ ਰੰਗਾ, ਜ਼ਿਲ੍ਹਾ ਉਪ ਪ੍ਰਧਾਨ ਸੂਰਜਭਾਨ ਚੋਪੜਾ ਨੇ ਸਾਂਝਾ ਬਿਆਨ ਜਾਰੀ ਕਰਕੇ ਕਿਹਾ ਕਿ ਹਰਿਆਣਾ ਵਿਚ ਹਾਈ ਕੋਰਟ ਨੇ 16 ਮਾਰਚ 2006 ਤੋਂ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦਾ ਲਾਭ ਲੈ ਚੁੱਕੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਅਧਿਕਾਰੀਆਂ ਨੂੰ ਰਿਵਰਟ ਕਰ ਦਿੱਤਾ ਹੈ। ਇਸਦੇ ਤਹਿਤ 10 ਨਵੰਬਰ ਨੂੰ ਸਿੱਖਿਆ ਵਿਭਾਗ ਵਿਚ ਪ੍ਰਮੋਸ਼ਨ ਦਾ ਲਾਭ ਲੈ ਚੁੱਕੇ 25 ਉਪ ਇੰਸਪੈਕਟਰਾਂ ਨੂੰ ਰਿਵਰਟ ਕਰਕੇ ਦੁਬਾਰਾ ਸਹਾਇਕ ਦੇ ਅਹੁਦੇ ਤੇ ਬਿਠਾ ਦਿੱਤਾ ਹੈ। ਉਹਨਾਂ ਨੇ ਕਿਹਾ ਕਿ 11 ਅਕਤੂਬਰ 2015 ਨੂੰ ਫੈਡਰੇਸ਼ਨ ਦੇ ਪ੍ਰਤੀਨਿਧੀ ਮੰਡਲ ਦੇ ਨਾਲ ਹੋਈ ਗੱਲਬਾਤ ਵਿਚ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਸੀ ਕਿ ਉਹ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਨੂੰ ਡਿਮੋਸ਼ਨ ਨਹੀਂ ਹੋਣ ਦੇਣਗੇ ਅਤੇ 16 ਮਾਰਚ 2006 ਨੂੰ ਇਹਨਾਂ ਦੀ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਨੂੰ ਜਾਰੀ ਰੱਖਣ ਦੇ ਲਈ ਅਦਾਲਤ ਵਿਚ ਠੋਸ ਪੱਖ ਰੱਖਦੇ ਹੋਏ ਐਸ. ਪੀ. ਐਲ. ਪਾਉਣਗੇ।

# ਟਰਕਿਸ਼ ਏਅਰਲਾਇਨਜ਼ ਨੂੰ ਅੰਮ੍ਰਿਤਸਰ ਤੋਂ ਸਿੱਧੀ ਉਡਾਣ ਦੀ ਆਗਿਆ ਦੇਣ ਦੀ ਅਪੀਲ

**ਅੰਮ੍ਰਿਤਸਰ**– ਅੰਮ੍ਰਿਤਸਰ ਵਿਕਾਸ ਮੰਚ ਨੇ ਟਰਕਿਸ਼ ਏਅਰਲਾਇਨਜ਼ ਨੂੰ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਸਿੱਧੀ ਉਡਾਣ ਦੀ ਆਗਿਆ ਦੇਣ ਦੀ ਅਪੀਲ ਕੀਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਗਜਪਥੀ ਰਾਜੂਨੂੰ ਭੇਜੇ ਇਕ ਈ-ਮੇਲ ਵਿਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ 15 ਨਵੰਬਰ ਨੂੰ ਟਰਕੀ ਜਾ ਰਹੇ ਹਨ ਤੇ ਉਥੇ ਕਈ ਸਮਝੌਤੇ ਹੋਣ ਦੀ ਆਸ ਹੈ। ਟਰਕਿਸ਼ ਏਅਰਲਾਇਨਜ਼ ਦੀ ਇਸ ਸਮੇਂ ਦਿੱਲੀ ਅਤੇ ਮੁੰਬਈ ਤੋਂ ਇਕ ਇਕ ਉਡਾਣ ਹੈ ਤੇ ਇਹ ਹਵਾਈ ਕੰਪਨੀ ਜੁਲਾਈ 2013 ਤੋਂ ਹੋਰਨਾਂ ਸ਼ਹਿਰਾਂ ਲਈ ਉਡਾਣ ਦੀ ਮੰਗ ਕਰ ਰਹੀ ਹੈ ਜਿਵੇਂ ਕਿ ਇਤਹਾਦ ਤੇ ਕਤਰ ਏਅਰਲਾਇਨਜ਼ ਨੂੰ ਦਿੱਤੀ ਗਈ ਹੈ।

ਟਰਕਿਸ਼ ਏਅਰਲਾਇਨਜ਼ ਅੰਮ੍ਰਿਤਸਰ, ਅਹਿਮਦਾਬਾਦ, ਬੰਗਲੌਰ, ਹੈਦਰਾਬਾਦ, ਚੈਨਈ ਅਤੇ ਕਲਕੱਤਾ ਤੋਂ ਉਡਾਣਾਂ ਸ਼ੁਰੂ ਕਰਨਾ ਚਾਹੁੰਦੀ ਹੈ। ਮੰਚ ਆਗੂ ਅਨੁਸਾਰ ਪ੍ਰਧਾਨ ਮੰਤਰੀ ਨੂੰ ਇਸ ਫੇਰੀ ਸਮੇਂ ਇਸ ਮੰਗ ਦੀ ਵੀ ਪ੍ਰਵਾਨਗੀ ਦੇਣੀ ਚਾਹੀਦੀ ਹੈ ਤਾਂ ਜੋ ਇਸ ਏਅਰਲਾਇਨਜ਼ ਦੀ ਉਡਾਣ ਲੈਣ ਲਈ ਪੰਜਾਬੀਆਂ ਨੂੰ ਦਿੱਲੀ ਖਜਲ ਖੁਆਰ ਨਾ ਹੋਣਾ ਪਵੇ।

ਇਹ ਯੂਰਪ ਦੀ ਸਭ ਤੋਂ ਵੱਡੀ ਏਅਰ ਲਾਇਨਜ਼ ਹੈ ਜਿਸ ਦੀਆਂ 110 ਦੇਸ਼ਾਂ ਨੂੰ ਉਡਾਣਾਂ ਹਨ, ਜਿਨ੍ਹਾਂ ਵਿਚ ਅਮਰੀਕਾ, ਕੈਨੇਡਾ, ਯੂ. ਕੇ., ਯੂਰਪ ਅਤੇ ਅਫਰੀਕਾ ਸ਼ਾਮਲ ਹੈ, ਜਿਨ੍ਹਾਂ ਦੇਸ਼ਾਂ ਵਿਚ ਪੰਜਾਬੀ ਵੱਡੀ ਗਿਣਤੀ ਵਿਚ ਵਸੇ ਹੋਏ ਹਨ ਤੇ ਉਨ੍ਹਾਂ ਨੂੰ ਸਿੱਧਾ ਲਾਭ ਪੁੱਜੇਗਾ।

# ਦਲਿਤ ਵਰਗ ਨਾਲ ਸਬੰਧਤ ਕਰਮਚਾਰੀਆਂ ਦੀ ਤਰੱਕੀ 'ਤੇ ਲੱਗੀ ਪਾਬੰਦੀ ਹਟੀ : ਡਾ. ਵੇਰਕਾ

**ਜਲੰਧਰ**– ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਯਤਨਾਂ ਦੇ ਚਲਦਿਆਂ ਸੁਪਰੀਮ ਕੋਰਟ ਦਾ ਫੁੱਲ ਬੈਂਚ ਨੇ ਇਤਿਹਾਸਕ ਫੈਸਲਾ ਲਿਆ ਅਤੇ ਅਨੁਸੂਚਿਤ ਜਾਤੀ-ਜਨਜਾਤੀ ਦੇ ਕਰਮਚਾਰੀਆਂ ਦੀ ਤਰੱਕੀ ਤੇ ਲਗਾਈ ਪਾਬੰਦੀ ਨੂੰ ਹਟਾ ਦਿੱਤਾ। ਕਮਿਸ਼ਨ ਦੇ ਰਾਸ਼ਟਰੀ ਉਪ ਪ੍ਰਧਾਨ ਡਾ. ਰਾਜਕੁਮਾਰ ਵੇਰਕਾ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਇਸ ਫੈਸਲੇ ਨੂੰ ਇਤਿਹਾਸਕ ਕਰਾਰ ਦਿੱਤਾ। ਡਾ. ਵੇਰਕਾ ਨੇ ਦੱਸਿਆ ਕਿ ਹੁਣ ਦੇਸ਼ ਦੇ ਲੱਖਾਂ ਦਲਿਤ ਵਰਗ ਨਾਲ ਸਬੰਧਤ ਕਰਮਚਾਰੀ ਜਲਦੀ ਹੀ ਤਰੱਕੀ ਹਾਸਲ ਕਰਨਗੇ। ਉਹਨਾਂ ਦੱਸਿਆ ਕਿ ਇਸ ਫੈਸਲੇ ਦੇ ਆਉਣ ਤੋਂ ਬਾਅਦ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਕੇਂਦਰ ਸਰਕਾਰ ਦੀਆਂ ਸਾਰੀਆਂ ਯੂਨੀਅਨ, ਸਕੱਤਰਾਂ ਅਤੇ ਦੇਸ਼ ਦੇ ਸਾਰੇ ਰਾਜਾਂ ਦੇ ਚੀਫ ਸਕੱਤਰਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਸੁਪਰੀਮ ਕੋਰਟ ਦੇ ਫੈਸਲੇ ਨੂੰ ਤੁਰੰਤ ਅਮਲ ਵਿਚ ਲਿਆਂਦਾ ਜਾਵੇ। ਡਾ. ਵੇਰਕਾ ਨੇ ਦੱਸਿਆ ਕਿ ਪੰਜਾਬ ਵਿਚ ਪਹਿਲਾਂ ਤੋਂ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਕਰਮਚਾਰੀ ਆਪਣੀ ਤਰੱਕੀ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ ਪਰ ਹੁਣ ਉਹਨਾਂ ਦੇ ਲਈ ਖੁਸ਼ੀ ਦੀ ਖਬਰ ਹੈ। ਡਾ. ਵੇਰਕਾ ਨੇ ਦੱਸਿਆ ਕਿ ਕਮਿਸ਼ਨ ਜਲਦੀ ਹੀ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦਾ ਰਿਵਿਊ ਰੱਖਣ ਜਾ ਰਿਹਾ ਹੈ।

# ਨਕਲੀ ਜਾਤੀ ਸਰਟੀਫਿਕੇਟਾਂ ਦੇ ਆਧਾਰ ਤੇ ਨੌਕਰੀ ਕਰ ਰਹੇ ਲੋਕਾਂ ਤੇ ਕਾਰਵਾਈ ਦੀ ਮੰਗ

**ਰਾਏਪੁਰ**– ਛੱਤੀਸਗੜ੍ਹ ਸਰਵਆਦਿਵਾਸੀ ਸਮਾਜ ਦੇ ਪ੍ਰਤੀਨਿਧੀ ਮੰਡਲ ਨੇ ਰਾਜ ਸਰਕਾਰ ਦੇ ਮੁੱਖ ਸਕੱਤਰ ਵਿਵੇਕ ਢਾਂਡ ਤੋਂ ਮੰਤਰਾਲੇ ਵਿਚ ਮੁਲਾਕਾਤ ਕੀਤੀ। ਇਸ ਦੌਰਾਨ ਸਿੱਖਿਆ ਸੰਸਥਾਵਾਂ ਵਿਚ ਪ੍ਰਵੇਸ਼, ਆਦਿਵਾਸੀਆਂ ਦੀ ਜ਼ਮੀਨ ਵਿੱਕਰੀ ਅਤੇ ਜਾਤੀ ਦੇ ਨਾਂ ਤੇ ਮਾਤਰਾ ਵਾਲੀਆਂ ਤਰੁਟੀਆਂ ਦੀ ਵਜ੍ਹਾ ਨਾਲ ਜਾਤੀ ਸਰਟੀਫਿਕੇਟ ਬਣਾਉਣ ਵਿਚ ਆ ਰਹੀਆਂ ਦਿੱਕਤਾਂ ਸਮੇਤ ਨਕਲੀ ਜਾਤੀ ਸਰਟੀਫਿਕੇਟਾਂ ਦੇ ਆਧਾਰ 'ਤੇ ਨੌਕਰੀ ਕਰ ਰਹੇ ਲੋਕਾਂ ਦੇ ਵਿਰੁੱਧ ਕਾਰਵਾਈ ਨਾਲ ਜੁੜੇ ਵਿਸ਼ਿਆਂ ਤੇ ਚਰਚਾ ਕੀਤੀ ਗਈ। ਪ੍ਰਤੀਨਿਧੀ ਮੰਡਲ ਨੇ ਮੁੱਖ ਸਕੱਤਰ ਨੂੰ ਨਕਲੀ ਜਾਤੀ ਸਰਟੀਫਿਕੇਟਾਂ ਦੇ ਆਧਾਰ ਤੇ ਨੌਕਰੀ ਕਰ ਰਹੇ ਲੋਕਾਂ ਦੇ ਖਿਲਾਫ ਤੁਰੰਤ ਬਰਖਾਸਤਗੀ ਦੀ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ। ਬੈਠਕ ਵਿਚ ਮੁੱਖ ਸਕੱਤਰ ਨੇ ਪ੍ਰਤੀਨਿਧੀ ਮੰਡਲ ਨੂੰ ਫਰਜ਼ੀ ਜਾਤੀ ਸਰਟੀਫਿਕੇਟਾਂ ਦੇ ਆਧਾਰ ਤੇ ਨੌਕਰੀ ਕਰ ਰਹੇ ਲੋਕਾਂ ਦੇ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਹੈ। ਵਰਣਨਯੋਗ ਹੈ ਕਿ ਪਿਛਲੇ ਦਿਨੀਂ ਸਰਵਆਦਿਵਾਸੀ ਸਮਾਜ ਦੇ ਪ੍ਰਤੀਨਿਧੀ ਮੰਡਲ ਨੇ ਮੁੱਖ ਮੰਤਰੀ ਡਾ. ਰਮਨ ਸਿੰਘ ਨਾਲ ਮੁਲਾਕਾਤ ਕਰਕੇ ਨਕਲੀ ਜਾਤੀ ਸਰਟੀਫਿਕੇਟ ਦੇ ਆਧਾਰ ਤੇ ਨੌਕਰੀ ਕਰਨ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਦੀ ਮੰਗ ਨੂੰ ਲੈ ਕੇ ਮੈਮੋਰੰਡਮ ਸੌਂਪਿਆ ਸੀ। ਮੁੱਖ ਸਕੱਤਰ ਨੇ ਆਪਣੇ ਦਫਤਰ ਵਿਚ ਆਯੋਜਿਤ ਬੈਠਕ ਵਿਚ ਪ੍ਰਤੀਨਿਧੀ ਮੰਡਲ ਦੇ ਨਾਲ ਆਦਿਵਾਸੀਆਂ ਦੇ ਸਮਾਜਿਕ, ਆਰਥਿਕ ਅਤੇ ਸਿੱਖਿਆ ਵਿਕਾਸ ਨਾਲ ਜੁੜੇ ਵੱਖ ਵੱਖ ਵਿਸ਼ਿਆਂ ਤੇ ਵੀ ਵਿਚਾਰ-ਵਟਾਂਦਰਾ ਕੀਤਾ। ਉਹਨਾਂ ਨੇ ਪ੍ਰਤੀਨਿਧੀ ਮੰਡਲ ਨੂੰ ਰਾਜ ਸ਼ਾਸਨ ਦੁਆਰਾ ਇਸ ਦਿਸ਼ਾ ਵਿਚ ਚੁੱਕੇ ਗਏ ਕਦਮਾਂ ਦੀ ਵੀ ਜਾਣਕਾਰੀ ਦਿੱਤੀ।

# "ਕਠਿਨਚੀਵਰਦਾਨ" ਦਾ ਪ੍ਰੋਗਰਾਮ ਬਹੁਤ ਸ਼ਰਧਾ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ

**ਲੁਧਿਆਣਾ**– ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਅਤੇ ਭਿਖਸ਼ੂ ਸੰਘ ਵੱਲੋਂ "ਕਠਿਨਚੀਵਰਦਾਨ" ਦਾ ਪ੍ਰੋਗਰਾਮ ਬਹੁਤ ਸ਼ਰਧਾ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ। ਇਹ ਪ੍ਰੋਗਰਮਾ ਹਰ ਸਾਲ ਵਰਸ਼ਾਵਾਸ ਦੀ ਸਮਾਪਤੀ ਉਪਰੰਤ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਪੰਜਾਬ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਖੁਸ਼ੀ ਦੇ ਮੌਕੇ ਤੇ ਭਿਖਸ਼ੂ ਜਗਤਾ ਨੰਦ ਮਹਾਥੇਰੋ, ਭਿਖਸ਼ੂ ਧੰਮਸ਼ਰਣ ਥੇਰੋ, ਭਿਖਸ਼ੂ ਪ੍ਰਗਿਆਬੋਧੀ, ਭਿਖਸ਼ੂ ਚੰਦਰ ਕੀਰਤੀ, ਭਿਖਸ਼ੂ ਬੁੱਧਰਤਨ ਨੇ ਪ੍ਰਵਚਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਭਿਖਸ਼ੂ ਪ੍ਰਗਿਆ ਬੋਧੀ ਜੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ "ਕਠਿਨਚੀਵਰਦਾਨ" ਦੀ ਪ੍ਰੰਪਰਾ (ਰੀਤੀ) ਭਗਵਾਨ ਬੁੱਧ ਦੇ ਆਦੇਸ਼ਾਂ ਮੁਤਾਬਕ ਉਨੇ ਹੀ ਸਮੇਂ ਤੋਂ ਹੀ ਚਲੀ ਆ ਰਹੀ ਹੈ, ਜੋ ਵਰਸ਼ਾਵਾਸ ਦੀ ਸਮਾਪਤੀ ਤੇ ਧੰਮ ਬੰਧੂਆਂ (ਉਪਸਕਾਂ) ਵੱਲੋਂ ਭਿਖਸ਼ੂਆਂ ਨੂੰ ਭੋਜਨ ਦਾਨ ਅਤੇ ਚੀਵਰਦਾਨ ਦਿੱਤੇ ਜਾਂਦੇ ਹਨ। ਇਸ ਉਤਸਵ ਨੂੰ "ਕਠਿਨਚੀਵਰਦਾਨ" ਦੇ ਤੌਰ ਤੇ ਬੜੀ ਖੁਸ਼ੀਆਂ ਅਤੇ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਭਗਵਾਨ ਬੁੱਧ ਨੇ ਧੰਮ ਉਪਾਸਕ ਅਤੇ ਉਪਾਸਕਾਵਾਂ ਨੂੰ ਦਾਨ ਕਰਨ ਲਈ ਪ੍ਰੇਰਿਤ ਕੀਤਾ ਜਿਸ ਨਾਲ ਮਨੁੱਖ ਅਤੇ ਪਰਿਵਾਰਾਂ ਵਿਚ ਖੁਸ਼ੀ, ਸ਼ਾਂਤੀ ਅਤੇ ਭਾਈਚਾਰਕ ਸਾਂਝ ਵਿਚ ਵਾਧਾ ਹੁੰਦਾ ਹੈ ਅਤੇ ਦੁੱਖ ਰਹਿਤ ਸਮਾਜ ਬਣਦਾ ਹੈ।

ਭਿਖਸ਼ੂ ਜਗਤਾਨੰਦ ਮਹਾਥੇਰੋ ਨੇ ਕਿਹਾ ਕਿ ਭਗਵਾਨ ਬੁੱਧ ਮਹਾਰਾਜਾ ਦੇ ਬੇ ਸਨ ਅਤੇ ਉਨ੍ਹਾਂ ਨੂੰ ਕਿਸੇ ਵੀ ਚੀਜ਼ ਦੀ ਘਾਟ ਨਹੀਂ ਸੀ, ਫਿਰ ਵੀ ਉਹ ਦਾਨ ਇਕੱਠਾ ਕਰਦੇ ਸਨ। ਇਸ ਤਰ੍ਹਾਂ ਕਰਨ ਦਾ ਅਰਥ ਸੀ ਕਿ ਉਹ ਸੰਗਤਾਂ ਵਿਚ ਦਾਨ ਕਰਨ ਦੀ ਭਾਵਨਾ ਪੈਦਾ ਕਰਨੀ ਚਾਹੁੰਦੇ ਸੀ, ਜਿਸ ਨਾਲ ਲੋਕਾਂ ਵਿਚ ਨਿਮਰਤਾ ਆਵੇ, ਪਰਿਵਾਰਾਂ ਵਿਚ ਸ਼ਾਂਤੀ ਖੁਸ਼ਹਾਲੀ ਅਤੇ ਭਾਈਚਾਰਕ ਸਾਂਝ ਵਧੇ। ਬਹੁਤ ਸਾਰੀਆਂ ਔਕੜਾਂ ਤੋਂ ਬਾਅਦ ਵੀ ਦਾਨ ਕਰਨ ਨੂੰ ਕਠਿਨ ਚੀਰਵਦਾਨ ਕਿਹਾ ਜਾਂਦਾ ਹੈ, ਇਸ ਲਈ ਇਹ ਦਿਨ ਬਹੁਤ ਖੁਸ਼ੀਆਂ ਅਤੇ ਸ਼ਰਧਾ ਨਾਲ ਉਤਸਵ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਸਾਲ ਕਠਿਨਚੀਰਵਰਦਾਨ ਦੀ ਸੇਵਾ ਸ੍ਰੀ ਧਨਪਤ ਰੱਤੂ ਅਤੇ ਸਮਿਅਕ ਸ਼ਰਧਾ ਸਮਿਤੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਖੁਸ਼ੀ-ਖੁਸ਼ੀ ਨਿਭਾਈ ਗਈ। ਇਸ ਉਪਰੰਤ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਬੁੱਧ ਉਪਾਸਕਾਂ ਅਤੇ ਦਾਨੀ ਸੱਜਣਾਂ ਵੱਲੋਂ ਭਿਖਸ਼ੂਆਂ ਨੂੰ ਭੋਜਨ ਦਾਨ ਅਤੇ ਚੀਵਰਦਾਨ ਕੀਤੇ ਗਏ। ਇਸ ਇਤਿਹਾਸਕ ਅਤੇ ਖੁਸ਼ੀ ਦੇ ਮੌਕੇ ਤੇ ਸ੍ਰੀ ਹਰਭਜਨ ਦਾਸ ਸਾਂਪਲਾ ਪ੍ਰਧਾਨ, ਸ੍ਰੀ ਦਲਬੀਰ ਸਿੰਘ ਸਰੋਏ ਜਨਰਲ ਸਕੱਤਰ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ, ਧੱਨਪਤ ਰੱਤੂ (ਇੰਗਲੈਂਡ), ਸ੍ਰੀ ਸੋਹਣ ਸਹਿਗਲ, ਡਾ. ਸੰਤੋਖ ਲਾਲ ਐਡਵੋਕੇਟ, ਚੂਨੀ ਲਾਲ ਐਡਵੋਕੇਟ, ਚਮਨ ਚਾਹਲ (ਯੂ. ਕੇ.), ਡਾ. ਆਰ. ਕੇ. ਬੌਧ, ਰਾਮ ਸੇਵਕ ਭਾਰਤੀ, ਰਜਿੰਦਰ ਕੁਮਾਰ, ਏ. ਪੀ. ਮੌਰੀਆ ਅਤੇ ਅਰਾਧਨਾ ਬੌਧ ਨੇ ਵੀ ਵਿਚਾਰ ਪੇਸ਼ ਕੀਤੇ।

# ਸ੍ਰੀ ਗੁਰੂ ਰਵਿਦਾਸ ਟੈਂਪਲ ਵਿਰੋਨਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਆਗਮਨ ਪੁਰਬ ਵਿਖੇ 29 ਨਵੰਬਰ ਨੂੰ ਮਨਾਇਆ ਜਾਵੇਗਾ-ਮੈਂਗੜਾ



**ਰੋਮ (ਇਟਲੀ) (ਟੇਕ ਚੰਦ ਜਗਤਪੁਰ)**– ਸਿੱਖ ਪੰਥ ਦੇ ਬਾਨੀ ਰੂਹਾਨੀਅਤ ਦੇ ਪੁੰਜ ਪਹਿਲੀ ਪਾਤਸ਼ਾਹੀ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਰੋਨਾ ਵਿਖੇ 29 ਨਵੰਬਰ ਦਿਨ ਐਤਵਾਰ ਨੂੰ ਸਮੂਹ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਸ੍ਰੀ ਸੁਖਰਾਜ ਮੈਗੜਾ ਪ੍ਰਬੰਧਕ ਕਮੇਟੀ ਮੈਂਬਰ ਨੇ ਕਿਹਾ ਕਿ 27 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ। 29 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਇਟਲੀ ਦੇ ਪ੍ਰਸਿੱਧ ਕੀਰਤਨੀ ਜਥੇ ਆਈਆਂ ਸੰਗਤਾਂ ਨੂੰ ਗੁਰਬਾਣੀ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਜੀਵਨੀ ਅਤੇ ਇਤਿਹਾਸ ਸਬੰਧੀ ਜਾਣੂ ਕਰਵਾਉਣਗੇ। ਇਸ ਮੌਕੇ ਗੁਰੂ ਕੇ ਅਟੁੱਟ ਲੰਗਰ ਵਰਤਾਏ ਜਾਣਗੇ। ਉਨ੍ਹਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਸਮਾਗਮ ਵਿਚ ਹੁੰਮ-ਹੁੰਮਾਂ ਕੇ ਸ਼ਮੂਲੀਅਤ ਕਰਨ। ਇਸ ਮੌਕੇ ਤੇ ਚੇਅਰਮੈਨ ਸੀਤਲ ਕੁਮਾਰ ਬੰਗੜ, ਵਾਇਸ ਪ੍ਰਧਾਨ ਹਰਨੇਕ ਸਿੰਘ ਨੇਕੀ, ਵਾਇਸ ਪ੍ਰਧਾਨ ਬਲਬੀਰ ਰਾਮ ਭਲਵਾਨ, ਕੈਸ਼ੀਅਰ ਨਰਿੰਦਰ ਕੁਮਾਰ ਸੋਨੂੰ, ਵਾਇਸ ਕੈਸ਼ੀਅਰ ਕੁਲਵਿੰਦਰ ਸਿੰਘ ਬੱਲਾ, ਸੈਕਟਰੀ ਸਨਦੀਪ ਚੋਕਰੀਆਂ ਅਤੇ ਸਟੇਜ ਸੈਕਟਰੀ ਰਮੇਸ਼ ਚੰਦ ਆਦਿ ਨਾਲ ਸਨ।

# ਮਾਸਟਰ ਹਰਭਜਨ ਸਿੰਘ ਬਾਸੀ ਨੂੰ ਸੱਦਮਾ, ਭਰਾ ਸਵਰਗਵਾਸ

**ਕੈਲੇਫੋਰਨੀਆ (ਬਿਊਰੋ ਸਰਵਿਸ)**– ਮਾਸਟਰ ਹਰਭਜਨ ਸਿੰਘ ਬਾਸੀ ਨੂੰ ਉਸ ਵੇਲੇ ਗਹਿਰਾ ਸੱਦਮਾ ਪੁੱਜਾ ਜਦੋਂ ਕੈਨੇਡਾ ਰਹਿੰਦੇ ਉਨ੍ਹਾਂ ਦੇ ਛੋਟੇ ਭਰਾ ਸੰਤੋਖ ਸਿੰਘ ਬਾਸੀ ਦਾ ਅਚਾਨਕ ਦੇਹਾਂਤ ਹੋ ਗਿਆ। ਆਪ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਦੇ ਚਾਚਾ ਜੀ ਸਨ। ਬਾਸੀ ਪਰਿਵਾਰ ਦਾ ਪਿਛਲਾ ਪਿੰਡ ਦਾਦੂਵਾਲ ਜਿਲ੍ਹਾ ਜਲੰਧਰ ਹੈ। ਸੰਤੋਖ ਸਿੰਘ ਬਾਸੀ ਦੇ ਪਿਤਾ ਜੀ ਸਵਰਗੀ ਸ੍ਰ. ਪ੍ਰੀਤਮ ਸਿੰਘ ਜੀ ਬਾਸੀ ਸਨ। ਸ੍ਰ. ਬਾਸੀ ਦੇ ਦੋ ਭਰਾ ਰੇਸ਼ਮ ਸਿੰਘ ਬਾਸੀ ਤੇ ਸ੍ਰ. ਗੁਰਮੁੱਖ ਸਿੰਘ ਬਾਸੀ ਪਹਿਲਾਂ ਹੀ ਸਵਰਗ ਸਿਧਾਰ ਚੁੱਕੇ ਹਨ। ਇਕ ਭਰਾ ਬਲਵੀਰ ਸਿੰਘ ਬਾਸੀ ਐਡਵੋਕੇਟ ਸੈਕਰਾਮੈਂਟੋ (ਕੈਲੇਫੋਰਨੀਆ) ਵਿਚ ਰਹਿੰਦੇ ਹਨ। ਦੋ ਭੈਣਾਂ ਵਿਚੋਂ ਭਜਨ ਕੌਰ ਇਸ ਦੁਨੀਆਂ 'ਤੇ ਨਹੀਂ ਰਹੇ ਜਦ ਕਿ ਦੂਸਰੀ ਭੈਣ ਦਾ ਨਾਂ ਗੁਰਦੇਵ ਕੌਰ ਹੈ ਜੋ ਭਾਰਤ ਵਿਚ ਰਹਿੰਦੇ ਹਨ। ਸ੍ਰ. ਸੰਤੋਖ ਸਿੰਘ ਬਾਸੀ ਕੋਈ 40 ਸਾਲ ਪਹਿਲਾਂ ਕੈਨੇਡਾ ਵਿਚ ਆਏ ਸਨ। ਉਹ ਆਪਣੇ ਪਿਛੇ ਪਤਨੀ ਬਲਵਿੰਦਰ ਕੌਰ, ਬੇਟੀ ਕਿਰਨ ਕੌਰ ਤੇ ਬੇਟਾ ਰੌਬੀ ਬਾਸੀ ਛੱਡ ਗਏ ਹਨ। ਮਾਸਟਰ ਹਰਭਜਨ ਸਿੰਘ ਬਾਸੀ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 209-545-3084 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਤੀ ਨੂੰ ਬਚਾਉਣ ਗਈ ਔਰਤ ਨੂੰ ਕੀਤਾ ਨਿਰਵਸਤਰ

**ਸ਼ਹਿਡੋਲ**– ਪਤੀ ਨੂੰ ਮਾਰ ਕੁੱਟ ਤੋਂ ਬਚਾਉਣ 'ਤੇ ਔਰਤ ਨੂੰ ਨਿਰਵਸਤਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪੁਲਿਸ ਨੇ ਵੀ ਪੀੜਤਾਂ ਦੀ ਸ਼ਿਕਾਇਤ ਦਰਜ ਕਰਨ ਦੀ ਜਗ੍ਹਾ ਰਿਸ਼ਵਤ ਨਾ ਦੇਣ ਤੇ ਉਹਨਾਂ ਨੂੰ ਦੋਸ਼ੀ ਬਣਾ ਦਿੱਤਾ। ਦਰਅਸਲ ਬੁਢਾਰ ਥਾਣੇ ਦੇ ਅਧੀਨ ਆਉਣ ਵਾਲੇ ਬਿਰਹਲੀ ਪਿੰਡ ਵਿਚ ਬਦਮਾਸ਼ ਅਜੈ ਠਾਕੁਰ ਨੇ ਇਕ ਆਦਿਵਾਸੀ ਲੜਕੇ ਦੀ ਕੁੱਟਮਾਰ ਕੀਤੀ। ਲੜਕੇ ਦੀ ਪਤਨੀ ਆਪਣੇ ਪਤੀ ਨੂੰ ਬਚਾਉਣ ਆਈ ਤਾਂ ਅਜੈ ਹੋਰ ਭੜਕ ਗਿਆ। ਇਸ ਤੋਂ ਬਾਅਦ ਉਸਨੈ ਪਤਨ. ਨੂੰ ਪਕੜ ਕੇ ਸ਼ਰੇਆਮ ਨਿਰਵਸਤਰ ਕਰ ਦਿੱਤਾ। ਦੋਸ਼ ਹੈ ਕਿ ਜਦੋਂ ਆਦਿਵਾਸੀ ਔਰਤ ਅਤੇ ਉਸਦਾ ਪਤੀ ਪੁਲਿਸ ਵਿਚ ਆਪਣੇ ਨਾਲ ਹੋਏ ਹਾਦਸੇ ਦੇ ਬਾਰੇ ਸ਼ਿਕਾਇਤ ਕਰਨ ਪਹੁੰਚੇ, ਤਾਂ ਪਹਿਲਾਂ ਤਾਂ ਉਹਨਾਂ ਮਾਮਲਾ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ।

ਕਾਫੀ ਦੇਰ ਤਕ ਜਦੋਂ ਔਰਤ ਲਗਾਤਾਰ ਬੇਨਤੀ ਕਰਦੀ ਰਹੀ ਤਾਂ ਪੁਲਿਸ ਮਾਮਲਾ ਦਰਜ ਕਰਨ ਲਈ ਤਿਆਰ ਹੋ ਗਈ ਪਰ ਇਸ ਦੇ ਬਦਲੇ ਉਹਨ ਾਂ ਨੇ ਉਸ ਤੋਂ 5 ਹਜ਼ਾਰ ਰੁਪਏ ਰਿਸ਼ਵਤ ਮੰਗੀ। ਰਿਸ਼ਵਤ ਨਾ ਦੇਣ 'ਤੇ ਪੁਲਿਸ ਨੇ ਔਰਤ ਅਤੇ ਉਸਦੇ ਪਤੀ 'ਤੇ ਹੀ ਝੂਠਾ ਅਪਰਾਧਿਕ ਮਾਮਲਾ ਬਣਾ ਕੇ ਉਹਨਾਂ ਦੇ ਖਿਲਾਫ ਕੇਸ ਦਰਜ ਕਰ ਲਿਆ।

# ਬਾਨ ਵੱਲੋਂ ਸੂ ਕੀ ਨੂੰ ਸੰਯੁਕਤ ਰਾਸ਼ਟਰ ਦੀ ਹਮਾਇਤ ਦਾ ਵਾਅਦਾ

**ਸੰਯੁਕਤ ਰਾਸ਼ਟਰ**– ਮਿਆਂਮਾਰ 'ਚ ਸੁਧਾਰਾਂ ਲਈ ਸੰਯੁਕਤ ਰਾਸ਼ਟਰ ਵੱਲੋਂ ਹਮਾਇਤ ਦੇਣ ਦਾ ਵਾਅਦਾ ਕਰਦਿਆਂ ਸਕੱਤਰ ਜਨਰਲ ਬਾਨ ਕੀ ਮੂਨ ਨੇ ਜਮਹੂਰੀਅਤ ਦੇ ਝੰਡਾਬਰਦਾਰ ਆਂਗ ਸਾਨ ਸੂ ਕੀ ਨੂੰ ਚੋਣਾਂ 'ਚ ਜਿੱਤ ਲਈ ਵਧਾਈ ਦਿੱਤੀ। ਉਨ੍ਹਾਂ ਆਖਿਆ ਕਿ ਚੋਣਾਂ 'ਚ ਵੱਡੀ ਜਿੱਤ ਨਾਲ ਮਿਆਂਮਾਰ 'ਚ ਜਮਹੂਰੀਅਤ ਦਾ ਰਾਹ ਪੱਧਰਾ ਹੋਏਗਾ। ਨੈਸ਼ਨਲ ਲੀਗ ਫਾਰ ਡੈਮੋਕਰੇਸੀ ਦੀ ਮੁਖੀ ਨੂੰ ਸ੍ਰੀ ਮੂਨ ਨੇ ਮੰਗਲਵਾਰ ਨੂੰ ਫੋਨ ਕਰ ਕੇ ਕਿਹਾ ਕਿ ਸੰਯੁਕਤ ਰਾਸ਼ਟਰ ਮਿਆਂਮਾਰ 'ਚ ਲੋਕਰਾਜੀ ਸੁਧਾਰਾਂ ਲਈ ਹਮਾਇਤ ਦੇਣਾ ਜਾਰੀ ਰੱਖੇਗਾ।








ਬੀਤੀ 14 ਨਵੰਬਰ ਨੂੰ ਫਰੀਮਾਂਟ ਦੇ ਕੁਏਰੀ ਲੇਕ ਪਾਰਕ ਵਿਖੇ 9ਵੀਂ ਗੁਰੂ ਨਾਨਕ ਮੈਰਾਥਨ ਆਯੋਜਿਤ ਕੀਤੀ ਗਈ। ਇਸ ਦੌੜ ਵਿਚ ਸਾਰੇ ਭਾਈਚਾਰਿਆਂ ਦੇ ਸੈਂਕੜੇ ਲੋਕ ਸ਼ਾਮਲ ਹੋਏ। ਦੌੜ ਵਿਚ 3 ਸਾਲ ਤੋਂ ਲੈ ਕੇ 80 ਸਾਲਾਂ ਤੱਕ ਦੇ ਬਜ਼ੁਰਗ ਸ਼ਾਮਲ ਹੋਏ। ਇਸ ਦਰਮਿਆਨ ਜੇਤੂਆਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਭੇਂਟ ਕੀਤੀਆਂ ਗਈਆਂ ਅਤੇ ਸਾਰੇ ਭਾਗ ਲੈਣ ਵਾਲਿਆਂ ਦਾ ਸਥਾਨਕ ਵਪਾਰਕ ਅਤੇ ਕਮਿਊਨਿਟੀ ਲੀਡਰਾਂ ਵੱਲੋਂ ਸਨਮਾਨ ਕੀਤਾ ਗਿਆ। ਇਯ ਦਰਮਿਆਨ ਲੰਗਰ ਦਾ ਖੁੱਲ੍ਹਾ ਪ੍ਰਬੰਧ ਕੀਤਾ ਗਿਆ। **(ਤਸਵੀਰਾਂ ਤੇ ਵੇਰਵਾ- ਗੁਰਿੰਦਰ ਪੁਰੇਵਾਲ)**

# ਪੈਰਿਸ ਹਮਲਿਆਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਤੇਜ ਹੋਈ

ਵਿੱਚ ਦਾਖਲ ਹੋਏ ਤਾਂ ਉਨ੍ਹਾਂ ’ਤੇ ਹਮਲਾ ਹੋ ਗਿਆ। ਇਸ ਕਾਰਵਾਈ ਵਿੱਚ ਪੰਜ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ ਹਨ। ਕਿਸੇ ਨੂੰ ਬੰਦੀ ਨਹੀਂ ਬਣਾਇਆ ਗਿਆ। ਇਸ ਦੌਰਾਨ ਪੈਰਿਸ ਦੇ ਸਰਕਾਰੀ ਵਕੀਲ ਦੇ ਦਫ਼ਤਰ ਨੇ ਦੱਸਿਆ ਹੈ ਕਿ ਵਿਸ਼ੇਸ਼ ਪੁਲੀਸ ਦਸਤੇ ਨੇ ਅਪਾਟਮੈਂਟ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਹਾਲ ਇਨ੍ਹਾਂ ਦੀ ਸ਼ਨਾਖ਼ਤ ਨਹੀਂ ਹੋ ਸਕੀ। ਇਸ ਦਫ਼ਤਰ ਨੇ ਜਾਣਕਾਰੀ ਦਿੱਤੀ ਹੈ ਕਿ ਇਕ ਹੋਰ ਪੁਰਸ਼ ਤੇ ਇਕ ਔਰਤ ਨੂੰ ਨੇੜੇ ਤੋਂ ਹੀ ਹਿਰਾਸਤ ਵਿੱਚ ਲਿਆ ਗਿਆ ਹੈ। ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦ ਨੇ ਇਸ ਛਾਪਾਮਾਰ ਕਾਰਵਾਈ ਦੀ ਨਿਗਰਾਨੀ ਲਈ ਸੀਨੀਅਰ ਮੰਤਰੀਆਂ ਤੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਤੜਕੇ ਕਰੀਬ ਚਾਰ ਵਜੇ ਧਮਾਕੇ ਦੀ ਆਵਾਜ਼ ਸੁਣੀ। ਗੁਆਂਢ ਵਿੱਚ ਰਹਿਣ ਵਾਲੀ ਪੱਤਰਕਾਰ ਬੈਪਤਿਸਤੇ ਮੈਰੀ ਨੇ ਦੱਸਿਆ,’ ਇਕ ਤੋਂ ਬਾਅਦ ਦੂਜਾ ਵੱਡਾ ਧਮਾਕਾ ਹੋਇਆ। ਇਸ ਮਗਰੋਂ ਦੋ ਹੋਰ ਧਮਾਕੇ ਹੋਏ। ਇਕ ਘੰਟੇ ਤੱਕ ਗੋਲੀਬਾਰੀ ਹੁੰਦੀ ਰਹੀ।’ ਇਕ ਹੋਰ ਵਿਅਕਤੀ ਨੇ ਦੱਸਿਆ ਕਿ ਉਸ ਨੇ ਗ੍ਰਨੇਡ ਤੇ ਆਟੋਮੈਟਿਕ ਹਥਿਆਰਾਂ ਨਾਲ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ। ਇਕ ਘੰਟੇ ਤੱਕ ਗੋਲੀਆਂ ਚਲਦੀਆਂ ਰਹੀਆਂ ਤੇ ਗ੍ਰਨੇਡ ਦਾਗ਼ੇ ਜਾਂਦੇ ਰਹੇ। ਸਵੇਰੇ ਸੱਤ ਧਮਾਕਿਆਂ ਦੀ ਆਵਾਜ਼ ਨਾਲ ਸੇਂਟ ਡੈਨਿਸ ਖ਼ੌਫ਼ਜ਼ਦਾ ਹੋ ਗਿਆ। ਜਾਂਚ ਟੀਮ ਨੇ ਮੋਰੋਕੋ ਮੂਲ ਦੇ ਇਕ ਬੈਲਜੀਅਮ ਨਾਗਰਿਕ 27 ਸਾਲਾ ਅਬਦੁੱਲ ਹਮੀਦ ਅਬੂ ਦੀ ਪੈਰਿਸ ਦੇ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਵੱਜੋਂ ਪਛਾਣ ਕੀਤੀ ਹੈ। ਇਨ੍ਹਾਂ ਹਮਲਿਆਂ ਵਿੱਚ 129 ਵਿਅਕਤੀ ਮਾਰੇ ਗਏ ਸਨ ਤੇ 350 ਫੱਟੜ ਹੋਏ ਸਨ। ਸੇਂਟ ਡੈਨਿਸ ਵਿੱਚ ਪੁਲੀਸ ਨੇ ਫੁੱਟਪਾਥ ਦੇ ਨਾਲ ਹੀ ਨੇੜਲੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ, ਜਿਥੇ 19ਵੀਂ ਸਦੀ ਦੀਆਂ ਇਮਾਰਤਾਂ ਤੇ ਦੁਕਾਨਾਂ ਹਨ। ਦੰਗਾ ਰੋਕੂ ਪੁਲੀਸ ਨੇ ਲੋਕਾਂ ਨੂੰ ਸੜਕਾਂ ਤੋਂ ਹਟਾਇਆ ਤੇ ਛਾਪਾਮਾਰ ਕਾਰਵਾਈ ਦੇਖਣ ਲਈ ਜੁਟੀ ਭੀੜ ਵੱਲ ਬੰਦੂਕਾਂ ਤਾਣ ਕੇ ਭਜਾਇਆ। ਪੈਰਿਸ ’ਤੇ ਹਮਲਿਆਂ ਲਈ ਅੱਠ ਲੋਕ ਜ਼ਿੰਮੇਵਾਰ ਹਨ ਤੇ ਇਨ੍ਹਾਂ ਵਿੱਚੋਂ ਸੱਤ ਹਮਲਾਵਰ ਮਾਰੇ ਗਏ ਤੇ ਇਕ ਬਚ ਕੇ ਬੈਲਜੀਅਮ ਚਲਾ ਗਿਆ ਹੈ।

# ਗਦਰੀ ਬਾਬਿਆਂ ਦਾ ਮੇਲਾ ਅਮਿੱਟ ਯਾਦਾਂ ਛੱਡਦਾ ਸੰਪੰਨ

ਪਹਿਲੇ ਸਫੇ ਦੀ ਬਾਕੀ

ਵਰਗੀਆਂ ਕਵਿਤਾਵਾਂ ਦਾ ਰਚਾਇਤਾ ਸ਼ਹੀਦ ਕਰਤਾਰ ਸਿੰਘ ਸਰਾਭਾ ਸੀ। ਇਸੇ ਕਰਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਵੀ ਸਰਾਭਾ ਨੂੰ ਆਪਣਾ ਪ੍ਰੇਰਣਾ ਸ੍ਰੋਤ ਮੰਨਦਾ ਸੀ।ਗਦਰੀ ਦੇਸ਼ ਭਗਤਾਂ ਦੀ ਲੜਾਈ ਅੰਤਰਰਾਸ਼ਟਰੀ ਸੋਚ ਵਾਲੀ ਸੀ। ਅਸੀਂ ਅੱਜ ਸੌ ਸਾਲ ਬਾਅਦ ਉਹਨਾਂ ਸ਼ਹੀਦਾਂ ਦੇ ਜੁਝਾਰੂ ਕਾਰਨਾਮਿਆਂ ਨੂੰ ਸਲਾਮ ਕਰਦੇ ਹਾਂ।

ਇਸ ਮੌਕੇ ਜਿੰਨੀ ਸਿਮਜ ਸਾਬਕਾ ਮੈਂਬਰ ਪਾਰਲੀਮੈਂਟ ਕੈਨੇਡਾ ਅਤੇ ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆ ਵਲੋਂ ਡਾ. ਜਸਵੰਤ ਰਾਏ ਸਾਹਰੀ ਦੀ ਗਦਰ ਦਸਤਾਵੇਜ਼ੀ ਪੁਸਤਕ "ਕੌਮ ਦਾ ਸਿਤਾਰਾ : ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ”ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਦਾ ਪ੍ਰਕਾਸ਼ਨ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਐਡੀਟਰ ਅੰਬੇਦਕਰ ਟਾਇਮਜ਼ਅਤੇ ਦੇਸ਼ ਦੁਆਬਾ , ਦੇਸ਼ ਦੁਆਬਾ ਅਮਰੀਕਾ ਨੇ ਕੀਤਾ ਹੈ ਅਤੇ ਛਾਪਕ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਹੈ। ਇਸ ਤੋਂ ਪਹਿਲਾਂ ਵੀ ਸ਼੍ਰੀ ਚੁੰਬਰ ਹੋਰਾਂ ਨੇ ਡਾ. ਜਸਵੰਤ ਰਾਏ ਸਾਹਰੀ ਦੀ ਪੁਸਤਕ "ਕਥਾਵਾਂ ਬਿਸਤ ਦੁਆਬ ਦੀਆ” ਪ੍ਰਕਾਸ਼ਨ ਕਰਵਾਈ ਹੈ।

ਗਦਰੀ ਬਾਬਾ ਬਾਬੂ ਹਰਨਾਮ ਸਿੰਘ ਸਾਹਰੀ ਬਾਰੇ ਗੱਲ ਕਰਦਿਆ ਸ਼੍ਰੀ ਸਰਿੰਦਰ ਮੰਢਾਲੀ ਨੇ ਕਿਹਾ ਕਿ ਬਾਬੂ ਹਰਨਾਮ ਸਿੰਘ ਸਾਹਰੀ ਗਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲਿਆਂ ਵਿਚੋਂ ਸਨ। ਵੈਨਕੂਵਰ ਵਿਚ ਉਹਨਾਂ ਪਹਿਲਾ ਅੰਤਰਰਾਸ਼ਟਰੀ ਪੰਜਾਬੀ ਅਖਬਾਰ "ਸਵੈਦੇਸ਼ ਸੇਵਕ” ਕੱਢਿਆ। ਕਾਮਾਗਾਟਾਮਾਰੂ ਅਤੇ ਗਦਰ ਅਖਬਾਰ ਵਿਚ ਵੀ ਬਾਬੂ ਹਰਨਾਮ ਸਿੰਘ ਦੀ ਭੂਮਿਕਾ ਲਾਸਾਨੀ ਸੀ। 14 ਨਵੰਬਰ 1915 ਨੂੰ ਇਹ ਸੂਰਮਾ ਮਾਂਡਲੇ ਜ਼ੇਲ੍ਹ ਵਿਚ ਫਾਂਸੀ ਦਾ ਰੱਸਾ ਚੁੰਮ ਸ਼ਹੀਦੀ ਪ੍ਰਾਪਤ ਕਰ ਗਿਆ। ਅਦਾਰਾ ਦੇਸ਼ ਦੁਆਬਾ ਇਸ ਮਾਣ ਮੱਤੇ ਅਤੇ ਅਣਗੌਲੇ ਸ਼ਹੀਦ ਦੀ ਪੁਸਤਕ ਪ੍ਰਕਾਸ਼ਤ ਕਰਵਾ ਕੇ ਮਾਣ ਮਹਿਸੂਸ ਕਰ ਰਿਹਾ ਹੈ ਇਸ ਸਾਰੇ ਪ੍ਰੋਗ੍ਰਾਮ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਆਸ਼ਾ ਸ਼ਰਮਾ ਨੇ ਦੇਸ਼ ਭਗਤੀ ਅਤੇ ਸਾਹਿਤਕ ਤੁਕਾਂ ਜੋੜਦਿਆਂ ਬਾਖੂਬੀ ਨਿਭਾਈ।ਗਦਰੀ ਬਾਬਿਆ ਦੇ ਮੇਲੇ ਨੂੰ ਸਫਲ ਬਣਾਉਣ ਵਿਚ ਪ੍ਰਧਾਨ ਸੁਰਜੀਤ ਸਿੰਘ ਅਟਵਾਲ, ਮੀਤ ਪ੍ਰਧਾਨ ਸਤਬੀਰ ਸਿੰਘ ਬਾਜਵਾ, ਜਰਨੈਲ ਸਿੰਘ ਮੰਡੇਰ, ਚੇਅਰਮੈਨ ਕੁਲਦੀਪ ਸਿੰਘ ਅਟਵਾਲ, ਮੀਤ ਚੇਅਰਮੈਨ ਯਾਦਵਿੰਦਰ ਸਿੰਘ ਹੈਪੀ, ਸਕੱਤਰ ਜਗਜੀਤ ਸਿੰਘ ਕੰਦੋਲਾ, ਸਹਾਇਕ ਸਕੱਤਰ ਰਵਿੰਦਰ ਰਵੀ, ਖਜ਼ਾਨਚੀ ਹਰਪਾਲ ਸਿੰਘ ਮਾਨ, ਸਤਿੰਦਰ ਪਾਲ ਸਿੰਘ ਸਰਹੱਦੀ ਨੇ ਬਹੁਤ ਯੋਗਦਾਨ ਪਾਇਆ। ਇਸ ਸਮੇਂ ਜੈਸੀ ਅਟਵਾਲ, ਅਮਰ ਸ਼ੇਰਗਿਲ, ਬਹਾਦਰ ਸਿੰਘ ਚੀਮਾ, ਕੇਵਲ ਬੋਲੀਨਾ, ਭੁਪਿੰਦਰ ਸਿੰਘ ਸਹੋਤਾ, ਪ੍ਰੋ. ਮੱਖਣ ਸਿੰਘ ਸੰਧੂ, ਮੱਖਣ ਸਿੰਘ ਸੋਢੀ, ਸੁਰਿੰਦਰ ਸਿੰਘ ਸ਼ੇਖੋਂ, ਬੀਬੀ ਜੋਗਿੰਦਰ ਕੌਰ ਸ਼ੇਖੋਂ, ਬਲਜੀਤ ਸਿੰਘ ਬਾਸੀ, ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਰੋਜਵਿਲ ਤੋਂ ਹਰਮਨਦੀਪ ਸਿੰਘ ਸ਼ੇਰਗਿਲ, ਮੱਖਣ ਸਿੰਘ ਬਾਸੀ, ਮਲਕੀਤ ਸਿੰਘ ਸੰਧੂ, ਪਾਲ ਸਿੰਘ ਬਿਲਗਾ, ਰਸ਼ਪਾਲ ਸਿੰਘ ਫਰਵਾਲਾ (ਪੀ. ਸੀ. ਐਸ. ਸੈਕਰਾਮੈਂਟੋ), ਪਰਮਜੀਤ ਭੁੱਟਾ, ਅਟਾਰਨੀ ਜੈਸੀ ਅਟਵਾਲ, ਮਾਧੋ ਚਾਹਲ (ਚਾਹਲ ਵੀਡੀਓ), ਮਾਸਟਰ ਮਲਕੀਤ ਸਿੰਘ, ਸੁਰਿੰਦਰ ਮੰਢਾਲੀ, ਮਹਿੰਗਾ ਸਿੰਘ ਸਰਪੰਚ, ਰਾਜ ਸਿੰਘ ਰਿਟਾਇਰਡ ਪ੍ਰਿੰਸੀਪਲ, ਸੁੱਖ ਰਾਮ ਤਾਜਪੁਰੀ, ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਚੀਨਾ ਜਿਊਲਰਜ਼, ਰਕੇਸ਼ ਭਾਰਦਵਾਜ, ਸੁਖਵਿੰਦਰ ਅਜਮਾਨ, ਗੁਰਸੰਤ ਸਿੰਘ ਗਰੇਵਾਲ, ਪਰਮਜੀਤ ਭੁੱਟਾ, ਕੇਵਲ ਬਲੀਨਾ, ਅਮਰੀਕ ਸਿੰਘ ਕੌਨਕਰਡ, ਗੁਰਬੀਰ ਸਿੰਘ ਖੰਗੂੜਾ, ਸੋਹਨ ਸਿੰਘ ਇੰਡੋ ਅਮੈਰਿਕਨ ਹੈਰੇਟੇਜ਼ ਫਾਰਮ ਫਰਿਜ਼ਨੋ ਦੀ ਸਾਰੀ ਕਮੇਟੀ ਅਤੇ ਗਦਰੀ ਦੇਸ਼ ਭਗਤਾਂ ਨੂੰ ਪਿਆਰ ਕਰਨ ਵਾਲੇ ਹਾਜ਼ਰ ਸਨ। ਵੱਖ ਵੱਖ ਕਲਾਕਾਰਾਂ ਨੇ ਧਾਰਮਿਕ ਅਤੇ ਦੇਸ਼ ਭਗਤੀ ਦੇ ਗੀਤ ਗਾਏ, ਜਿਹਨਾਂ ਵਿਚ ਸੰਗੀਤ ਗਰੁੱਪ ਆਫ ਕੈਲੇਫੋਰਨੀਆ ਦੇ ਉਘੇ ਗਾਇਕ ਤਰਲੋਕ ਸਿੰਘ ਅਤੇ ਅਨੂਪ ਸਿੰਘ ਚੀਮਾ ਤੋਂ ਇਲਾਵਾ ਨਾਮਵਰ ਗਾਇਕ ਪੰਮੀ ਮਾਨ ਅਤੇ ਜੀਤਾ ਗਿੱਲ ਆਦਿ ਸ਼ਾਮਲ ਸਨ। ਉਘੇ ਲੇਖਕ ਅਤੇ ਨਾਟਕਕਾਰ ਸ਼੍ਰੀ ਸੁਰਿੰਦਰ ਧਨੋਆ ਦੁਆਰਾ ਤਿਆਰ ਅਤੇ ਨਿਰਦੇਸ਼ਿਤ ਕੀਤਾ ਨਾਟਕ ‘ਉਮਰਾਂ ਲੰਘੀਆਂ ਪੱਬਾਂ ਭਾਰ’ ਸਫਲਤਾਪੂਰਵਕ ਖੇਡਿਆ ਗਿਆ। ਇਸ ਨਾਟਕ ਦੇ ਕਲਾਕਾਰਾਂ ਨੇ ਬਹੁਤ ਹੀ ਵਧੀਆ ਆਪੋ-ਆਪਣੇ ਕਿਰਦਾਰ ਨਿਭਾਏ। ਸਟੇਜ ਦੀ ਸੇਵਾ ਮੁੱਖ ਤੌਰ ਤੇ ਬੀਬੀ ਆਸ਼ਾ ਸ਼ਰਮਾ, ਜਗਜੀਤ ਸਿੰਘ ਕੰਦੋਲਾ ਅਤੇ ਸੁਰਿੰਦਰ ਮੰਢਾਲੀ ਨੇ ਨਿਭਾਈ। ਇਸ ਸਾਲ ਦਾ ਗਦਰੀ ਮੇਲਾ ਅਮਿੱਟ ਯਾਦਾਂ ਛੱਡਦਾ ਸੰਪੰਨ ਹੋ ਗਿਆ। ਮੇਲੇ ਦੌਰਾਨ ਚਾਹ-ਪਾਣੀ, ਫਰੂਟ, ਲੰਗਰ ਛੋਲੇ-ਭਟੂਰੇ, ਪਕੌੜੇ ਅਤੇ ਟਿੱਕੀਆਂ ਆਦਿ ਨਾਲ ਸੇਵਾ ਕੀਤੀ ਗਈ।

ਐ ਬੋਝ ਨਾਲ ਥੱਕੇ ਮਾਰੇ ਲੋਕੋ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦੇਵਾਂਗਾ। (ਮਤੀ 11/28)

**ਰੂਹਾਨੀ ਫੈਲੋਸ਼ਿੱਪ ਚਰਚ ਰਿਪਨ ਕੈਲੇਫੋਰਨੀਆ**

**517 ORANGE AVE RIPON CA**

ਉਸ ਸੱਚੇ ਪ੍ਰਮੇਸ਼ਵਰ ਦੀ ਕਿਰਪਾ ਨਾਲ ਕੈਲੇਫੋਰਨੀਆ ਦੇ ਸ਼ਹਿਰ ਰਿਪਨ ਵਿਚ ਪੰਜਾਬੀ ਚਰਚ ਖੁੱਲ੍ਹ ਚੁੱਕਾ ਹੈ, ਅਸੀਂ ਉਸ ਪਰਮ ਪਿਤਾ ਦਾ ਧੰਨਵਾਦ ਕਰਦੇ ਹਾਂ, ਜਿਸ ਨੇ ਇਹ ਕਿਰਪਾ ਕੀਤੀ ਹੈ। ਅਸੀਂ ਆਪ ਸਭ ਨੂੰ ਬੇਨਤੀ ਕਰਦੇ ਹਾਂ ਕਿ ਆਪ ਸਭ ਇਸ ਚਰਚ ਵਿਚ ਆਵੋ ਅਤੇ ਜ਼ਿੰਦਗੀ ਦੇ ਸੁੱਖ ਪਾਵੋ।

ਸਾਡੀ ਚਰਚ ਸਰਵਿਸ ਹਰ ਐਤਵਾਰ ਨੂੰ ਹੁੰਦੀ ਹੈ।

ਸਵੇਰੇ 10.30 ਤੋਂ 11.00 ਵਜੇ ਤੱਕ ਬਾਈਬਲ ਸਟੱਡੀ

11.00 ਤੋਂ 12.30 ਵਜੇ ਤੱਕ ਪ੍ਰਮੇਸ਼ਵਰ ਦਾ ਗੁਣਗਾਨ ਅਤੇ ਵਚਨ, ਪ੍ਰਾਰਥਨਾ

ਜਿਹਨਾਂ ਲੋਕਾਂ ਨੂੰ ਕੋਈ ਬਿਮਾਰੀ ਜਾਂ ਭੈੜੀਆਂ ਆਤਮਾਵਾਂ ਦੀ ਸਮੱਸਿਆ ਹੈ, ਉਹਨਾਂ ਲਈ ਖਾਸ ਪ੍ਰਾਰਥਨਾ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਫੋਨ ਕਰੋ

ਅਜੇ ਪੋਲ 510-359-9498
ਸੰਦੀਪ ਪੀਟਰ 916-990-7152
ਚੰਦਨ ਸਿੰਘ 209-242-3642

Pastor
**A. M Gill**
**408-390-0996**

ਦੇਸ਼ ਦੁਆਬਾ

# ਪੈਰਿਸ ਉਤੇ ਅੱਤਵਾਦੀ ਹਮਲਾ

ਹਾਲ ਹੀ ਵਿਚ ਫਰਾਂਸ ਦੀ ਰਾਜਧਾਨੀ ਪੈਰਿਸ ਉਤੇ ਅੱਤਵਾਦੀ ਹਮਲਾ ਹੋਇਆ। ਇਸ ਹਮਲੇ ਵਿਚ 150 ਤੋਂ ਜ਼ਿਆਦਾ ਲੋਕ ਮਾਰੇ ਗਏ ਅਤੇ 200 ਤੋਂ ਜ਼ਿਆਦਾ ਜ਼ਖਮੀ ਹੋ ਗਏ ਹਨ। ਇਹ ਹਮਲਾ ਬਿਲਕੁਲ ਮੁੰਬਈ ਹਮਲੇ ਦੀ ਤਰਜ਼ ਤੇ ਕੀਤਾ ਗਿਆ। ਇਕੋ ਵਕਤ ਦਹਿਤਸ਼ਗਰਦਾਂ ਨੇ ਪੈਰਿਸ ਵਿਚ 6 ਥਾਵਾਂ ਦੇ ਉਤੇ ਹਮਲਾ ਕੀਤਾ। ਹਮਲਾ ਕਰਨ ਲਈ ਥਾਵਾਂ ਵੀ ਉਹੀ ਚੁਣੀਆਂ ਗਈਆਂ, ਜਿੱਥੇ ਭੀੜ ਭੜੱਕਾ ਜ਼ਿਆਦਾ ਰਹਿੰਦਾ ਹੈ। ਪੈਰਿਸ ਦੇ ਬੈਟਾਕਲਾਂ ਥੀਏਟਰ, ਲਾ ਕੈਰੀਲਾਨ, ਪੇਟਾਈਟ ਕੰਬੋਜ ਰੈਸਟੋਰੈਂਟ, ਲੋ ਬੇਲ ' ਇਕਵਾਈਪ, ਪੈਰਿਸ ਨੈਸ਼ਨਲ ਸਟੇਡੀਅਮ ਅਤੇ ਰੂਡੀ ਚੇਰੋਨ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਹਮਲਾ ਮੁੰਬਈ ਹਮਲਿਆਂ ਵਾਂਗ ਪੂਰੀ ਤਰ੍ਹਾਂ ਯੋਜਨਾਬੱਧ ਸੀ ਅਤੇ ਲੋਕਾਂ ਨੂੰ ਪਹਿਲਾਂ ਬੰਦੀ ਬਣਾਇਆ ਗਿਆ ਅਤੇ ਫਿਰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਜਿਸ ਵਕਤ ਹਮਲਾ ਹੋਇਆ, ਉਹ ਵਕਤ ਕੰਮਕਾਜੀ ਸਮਾਂ ਸੀ ਅ ਤੇ 9 ਵਜੇ ਦੇ ਕਰੀਬ ਲੋਕੀ ਘਰਾਂ ਤੋਂ ਬਾਹਰ ਸਨ। ਪੁਲਿਸ ਨੇ ਹਾਲਾਂਕਿ ਪੰਜ ਦਹਿਸ਼ਤ-ਗਰਦਾਂ ਨੂੰ ਮੌਕੇ ਤੇ ਮਾਰ ਦਿੱਤਾ, ਪਰ ਇਸ ਹਮਲੇ ਨੇ ਇਕ ਵਾਰ ਫਿਰ ਸਾਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਮੁੰਬਈ ਵਿਚ ਹੋਇਆ ਹਮਲਾ ਪਾਕਿਸਤਾਨ ਦੀ ਸਾਜਿਸ਼ ਸੀ, ਜਦਕਿ ਇਸ ਹਮਲੇ ਦਾ ਕਾਰਨ ਇਰਾਕ ਅਤੇ ਸੀਰੀਆ ਵਿਚ ਚਲਦੀ ਜੰਗ ਅਤੇ ਦਹਿਸ਼ਤਗਰਦਾਂ ਦੁਆਰਾ ਕੀਤੇ ਜਾ ਰਹੇ ਹਮਲਿਆਂ ਅਤੇ ਜ਼ੁਲਮਾਂ ਵਿਰੁੱਧ ਲੜਨਾ ਬਣਿਆ ਹੈ। ਸਾਰੇ ਪੈਰਿਸ ਵਿਚ ਹਫੜਾ-ਦਫੜੀ ਮੱਚ ਗਈ ਅਤੇ ਸਾਰੀ ਦੁਨੀਆਂ ਵਿਚ ਹਾਈ ਐਲਰਟ ਜਾਰੀ ਕਰ ਦਿੱਤਾ ਗਿਆ।

ਦਹਿਸ਼ਤਗਰਦੀ ਦਾ ਇਹ ਘਿਨੌਣਾ ਚਿਹਰਾ ਹਾਲਾਂਕਿ ਪਹਿਲਾਂ ਵੀ ਕਈ ਵਾਰ ਦੇਖਣ ਨੂੰ ਸਾਹਮਣੇ ਆਇਆ ਹੈ, ਪਰ ਇਸ ਹਮਲੇ ਨੇ ਦੁਨੀਆਂ ਨੂੰ ਇਕ ਵਾਰ ਫਿਰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਜੇਕਰ ਇਸੇ ਤਰ੍ਹਾਂ ਦੇ ਹਮਲੇ ਜਾਰੀ ਰਹਿੰਦੇ ਹਨ ਤਾਂ ਇਸ ਧਰਤੀ ਦੇ ਉਤੇ ਕੋਈ ਮਨੁੱਖ ਕਿਸੇ ਵੀ ਮੁਲਕ ਵਿਚ ਸੁਰੱਖਿਅਤ ਨਹੀਂ ਰਹਿ ਜਾਵੇਗਾ। ਆਮ ਲੋਕਾਂ ਦੀਆਂ ਮੁਸ਼ਕਿਲਾਂ ਜ਼ਿਆਦਾ ਵੱਧ ਜਾਂਦੀਆਂ ਹਨ। ਥਾਂ-ਥਾਂ ਚੈਕਿੰਗ, ਤਲਾਸ਼ੀਆਂ ਦੇ ਕਾਰਨ ਲੋਕਾਂ ਦਾ ਸਮਾਂ ਵੀ ਬਰਬਾਦ ਹੁੰਦਾ ਹੈ ਅਤੇ ਮਨ ਵਿਚ ਇਕ ਖੌਫ ਵਾਲਾ ਮਾਹੌਲ ਵੀ ਬਣ ਜਾਂਦਾ ਹੈ। ਬੇਸ਼ੱਕ ਇਸ ਹਮਲੇ ਦੇ ਕਾਰਨ ਜੋ ਮਰਜ਼ੀ ਹੋਣ ਪਰ ਇਸ ਹਮਲੇ ਦੀ ਜਿੰਨੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਸਰਕਾਰਾਂ ਅਤੇ ਮੁਲਕਾਂ ਵਿਚਕਾਰ ਦੁਸ਼ਮਣੀਆਂ, ਜੰਗਾਂ ਚਲਦੀਆਂ ਰਹਿੰਦੀਆਂ ਹਨ ਪਰ ਆਮ ਲੋਕਾਂ ਦਾ ਇਸ ਵਿਚ ਕੀ ਕਸੂਰ ਹੈ। ਪੈਰਿਸ ਵਿਚ ਘੇਰ-ਘੇਰ ਕੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ। ਠੀਕ ਅਜਿਹਾ ਹੀ 2008 ਵਿਚ ਮੁੰਬਈ ਵਿਚ ਵਾਪਰਿਆ ਸੀ। ਉਸ ਵਕਤ ਇਹ ਸਮੱਸਿਆ ਭਾਰਤ ਦੀ ਸੀ, ਇਸ ਕਰਕੇ ਕਿਸੇ ਨੇ ਇਸ ਹਮਲੇ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਅਤੇ ਪਾਕਿਸਤਾਨ ਦੀ ਜਮ ਕੇ ਆਲੋਚਨਾ ਅਤੇ ਉਸ ਵਿਰੁੱਧ ਸਖਤ ਕਾਰਵਾਈ ਨਹੀਂ ਕੀਤੀ। ਇਹੀ ਕਾਰਨ ਹੈ ਕਿ ਦਹਿਸ਼ਤਗਰਦਾਂ ਦੇ ਹੌਸਲੇ ਬੁਲੰਦ ਹਨ ਅਤੇ ਉਹ ਅਜਿਹੀਆਂ ਅਣਹੋਣੀਆਂ ਨੂੰ ਅੰਜ਼ਾਮ ਦੇ ਰਹੇ ਹਨ। ਇਸ ਕਰਕੇ ਦੁਨੀਆਂ ਲਈ ਹਾਲੇ ਵੀ ਸੰਭਲਣ ਦਾ ਮੌਕਾ ਹੈ। ਦਹਿਸ਼ਤਗਰਦੀ ਕਿਸੇ ਇਕ ਮੁਲਕ ਦੀ ਸਮੱਸਿਆ ਨਹੀਂ, ਬਲਕਿ ਇਹ ਵਿਸ਼ਵ ਵਿਆਪੀ ਸਮੱਸਿਆ ਹੈ। ਇਸ ਦਾ ਟਾਕਰਾ ਵੀ ਸਮੂਹਿਕ ਤੌਰ ਤੇ ਯਤਨਸ਼ੀਲ ਹੋਣ ਨਾਲ ਹੀ ਕੀਤਾ ਜਾ ਸਕਦਾ ਹੈ। ਅਦਾਰਾ 'ਦੇਸ਼ ਦੁਆਬਾ' ਇਸ ਘਿਨੌਣੀ ਵਾਰਦਾਤ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕਰਦਾ ਹੈ ਅਤੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅਫ਼ਵਾਹਾਂ ਦੇ ਫੈਲਦੇ ਗੁਬਾਰੇ



ਮੇਘ ਰਾਜ ਮਿੱਤਰ
+91-98887-87440

ਅਨਪੜ੍ਹਤਾ ਅੰਧਵਿਸ਼ਵਾਸ ਦੀ ਮਾਂ ਹੈ ਤੇ ਦੁਰਦਸ਼ਾ ਇਸ ਦੀ ਸੰਤਾਨ ਹੈ। ਇਹ ਹੀ ਕਾਰਨ ਹੈ ਕਿ ਇੱਥੇ ਸਮੇਂ-ਸਮੇਂ ਬਹੁਤ ਸਾਰੀਆਂ ਅਫ਼ਵਾਹਾਂ ਜਨਮ ਲੈਂਦੀਆਂ ਰਹੀਆਂ ਹਨ, ਪਰ ਜਾਗਰੂਕ ਲੋਕਾਂ ਦੇ ਯਤਨਾਂ ਸਦਕਾ ਕੁੱਝ ਸਮੇਂ ਬਾਅਦ ਇਹ ਦਮ ਤੋੜ ਜਾਂਦੀਆਂ ਸਨ। ਪਿਛਲੇ ਸਾਲਾਂ ਵਿੱਚ ਭਾਰਤ ਦੇ ਉੱਤਰੀ ਖਿੱਤੇ ਵਿੱਚ ਬਹੁਤ ਸਾਰੀਆਂ ਅਫ਼ਵਾਹਾਂ ਨੇ ਜਨਮ ਲਿਆ, ਪਰ ਪੰਜਾਬ ਦੇ ਤਰਕਸ਼ੀਲਾਂ ਨੇ ਕੁੱਝ ਹੀ ਦਿਨਾਂ ਵਿੱਚ ਇਨ੍ਹਾਂ ਦੀ ਸੰਘੀ ਘੁੱਟ ਦਿੱਤੀ, ਇਸ ਕੰਮ ਵਿੱਚ ਉਨ੍ਹਾਂ ਨੂੰ ਪੱਤਰਕਾਰਾਂ, ਚਿੱਤਰਕਾਰਾਂ, ਡਰਾਈਵਰਾਂ, ਪੁਲਿਸ ਕਰਮਚਾਰੀਆਂ ਅਤੇ ਆਮ ਲੋਕਾਂ ਦਾ ਭਰਪੂਰ ਸਹਿਯੋਗ ਮਿਲਿਆ। ਜਦੋਂ ਵੀ ਉਹ ਅਖ਼ਬਾਰਾਂ, ਇਸ਼ਤਿਹਾਰਾਂ ਤੇ ਨਾਟਕ ਮੇਲਿਆਂ ਰਾਹੀਂ ਅਫ਼ਵਾਹਾਂ ਦੀ ਅਸਲੀਅਤ ਲੋਕਾਂ ਦੇ ਦਿਮਾਗਾਂ ਵਿੱਚ ਪਾ ਦਿੰਦੇ ਤਾਂ ਅਫ਼ਵਾਹਾਂ ਦੀ ਹਨੇਰੀ ਨੂੰ ਠੱਲ੍ਹ ਪੈਂਦੀ। ਕੁੱਝ ਕੁ ਅਫ਼ਵਾਹਾਂ ਦਾ ਜ਼ਿਕਰ ਮੈਂ ਹੇਠ ਲਿਖੇ ਅਨੁਸਾਰ ਕਰ ਰਿਹਾ ਹਾਂ।

ਵੀਹਵੀਂ ਸਦੀ ਦੇ ਪਿਛਲੇ ਦਹਾਕੇ ਦੇ ਆਖ਼ਰੀ ਸਾਲਾਂ ਵਿੱਚ ਤਰਕਸ਼ੀਲਾਂ ਦਾ ਵਾਹ ਦੋ ਵੱਡੀਆਂ ਅਫ਼ਵਾਹਾਂ ਨਾਲ ਪਿਆ। ਇਨ੍ਹਾਂ ਵਿੱਚੋਂ ਪਹਿਲੀ ਅਫ਼ਵਾਹ ਕੁੱਝ ਸਾਧਾਂ-ਸੰਤਾਂ ਦੀ ਮਿਲੀਭੁਗਤ ਨਾਲ ਚਲਾਈ ਜਾ ਰਹੀ ਸੀ। ਇਸ ਵਿੱਚ ਲੋਕਾਂ ਨੂੰ ਇਹ ਸੁਨੇਹਾ ਦਿੱਤਾ ਜਾ ਰਿਹਾ ਸੀ ਕਿ ਇੰਦਰਾ ਗਾਂਧੀ ਦੇ ਚਿੱਤਰ ਵਾਲਾ ਸਿੱਕਾ, ਰਾਜੀਵ ਗਾਂਧੀ ਦੇ ਚਿੱਤਰਸ਼ਾਲੀ, ਇੱਕ ਹਜ਼ਾਰ ਵਾਲਾ ਤਾਰ ਵਾਲਾ ਨੋਟ, ਪੰਜ ਹਿਰਨੀਆਂ ਵਾਲਾ ਨੋਟ, ਨੌਂ ਇੰਚ ਵਾਲਾ ਪਿੱਤਲ ਦਾ ਗਲਾਸ, ਜੋ ਲੌਂਗ ਚੁੱਕ ਸਕਦਾ ਹੋਵੇ, ਪੁਰਾਣੇ ਦੇਸੀ ਬੱਟੇ, ਵੀਹ ਪੈਸੇ ਦੇ ਸਿੱਕੇ, ਜਿਸ ਉੱਤੇ ਫੁੱਲ ਅਤੇ ਸੂਰਜ ਹੋਵੇ ਵਿੱਚੋਂ ਕੋਈ ਵੀ ਇੱਕ ਦੇ ਲੱਭਣ ਵਾਲੇ ਨੂੰ ਕਰੋੜਾਂ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਲੋਕਾਂ ਨੇ ਆਪਣੇ ਘਰਾਂ ਵਿਚਲੀਆਂ ਪੁਰਾਤਨ ਚੀਜ਼ਾਂ ਨੂੰ ਲੱਭਣਾ ਸ਼ੁਰੂ ਕੀਤਾ। ਜੇ ਕਿਸੇ ਨੂੰ ਕੁੱਝ ਮਿਲ ਜਾਂਦਾ ਤਾਂ ਉਹ ਇਨਾਮ ਦੇਣ ਵਾਲੇ ਦਾ ਖੁਰਾ-ਖੋਜ ਲੱਭਣ ਲਈ ਤੁਰ ਪੈਂਦਾ। ਇਹ ਵਿਅਕਤੀ ਕਿਸੇ ਇੱਕ ਥਾਂ 'ਤੇ ਇਕੱਠੇ ਹੋਣ ਦਾ ਸੁਨੇਹਾ ਲਾ ਦਿੰਦੇ। ਇਕੱਠ ਨੂੰ ਕਿਹਾ ਜਾਂਦਾ ਕਿ ਸਮਾਨ ਦੇ ਮਾਲਕ ਆਪਣੇ ਸਮਾਨ ਨੂੰ ਲੈ ਕੇ ਲਾਈਨ ਵਿੱਚ ਖੜ੍ਹ ਜਾਣ। ਹਰ ਵਿਅਕਤੀ ਨੂੰ ਆਦੇਸ਼ ਦਿੱਤਾ ਜਾਂਦਾ ਕਿ ਜਿਸ ਨੂੰ ਯਕੀਨ ਹੈ ਕਿ ਉਸ ਦੀ ਚੀਜ਼ ਸਹੀ ਹੈ, ਉਹ ਢਾਈ ਸੌ ਰੁਪਏ ਜਮ੍ਹਾਂ ਕਰਵਾ ਦੇਵੇ। ਇਸ ਤਰ੍ਹਾਂ ਇਕੱਠੇ ਹੋਏ ਦੋ ਢਾਈ ਸੌ ਵਿਅਕਤੀਆਂ ਤੋਂ ਸੱਠ ਹਜ਼ਾਰ ਤੋਂ ਪੈਂਹਠ ਹਜ਼ਾਰ ਰੁਪਏ ਦੇ ਵਿਚਕਾਰ ਰਾਸ਼ੀ ਇਕੱਠੀ ਕਰ ਲਈ ਜਾਂਦੀ। ਸਮਾਨ ਦੀ ਪਰਖ ਵੇਲੇ ਹਰ ਚੀਜ਼ ਵਿੱਚ ਕੋਈ ਨਾ ਕੋਈ ਨੁਕਸ ਕੱਢ ਦਿੱਤਾ ਜਾਂਦਾ। ਕਿਸੇ ਨੂੰ ਕਹਿ ਦਿੱਤਾ ਜਾਂਦਾ, ਗਲਾਸ ਦਾ ਸਾਈਜ਼ ਨੌਂ ਇੰਚ ਨਾਲੋਂ ਥੋੜ੍ਹਾ ਜਿਹਾ ਵੱਡਾ ਹੈ। ਕਿਸੇ ਨੂੰ ਸਾਈਜ਼ ਛੋਟਾ ਕਹਿ ਦਿੱਤਾ ਜਾਂਦਾ। ਜੇ ਕੋਈ ਸਿੱਕੇ ਵਿੱਚ ਪੰਜ ਮੋਰਨੀਆਂ ਗਿਣਵਾ ਦਿੰਦਾ, ਪਰ ਉਹ ਉਨ੍ਹਾਂ ਦੀਆਂ ਵੀਹ ਟੰਗਾਂ ਨੂੰ ਪੂਰੀਆਂ ਨਾ ਕਰ ਸਕਦਾ। ਪੁਰਾਣਾ ਸਮਾਜ ਵੀ ਵਾਪਸ ਨਾ ਮੋੜਿਆ ਜਾਂਦਾ। ਇਸ ਤਰ੍ਹਾਂ ਸੱਠ-ਪੈਂਹਠ ਹਜ਼ਾਰ ਦੀ ਠੱਗੀ ਮਾਰ ਕੇ ਸਾਧ ਰਫੂ ਚੱਕਰ ਹੋ ਜਾਂਦੇ। ਸਾਨੂੰ ਜ਼ਿਲ੍ਹਾ ਸੰਗਰੂਰ ਦੇ ਕਸਬੇ ਧਨੌਲੇ ਤੋਂ ਚਿੱਤਰਕਾਰ ਭੁਪਿੰਦਰ ਦਾ ਫੋਨ ਆਇਆ ਕਿ ਅੱਜ ਅਜਿਹੇ ਲੋਕਾਂ ਨੇ ਸੁਨਾਮ ਨੇੜੇ ਚੀਮਾ ਮੰਡੀ ਦੇ ਇੱਕ ਫਾਰਮ 'ਤੇ ਇਕੱਠੇ ਹੋਣਾ ਹੈ। ਪੱਤਰਕਾਰ ਦੇਵਿੰਦਰ ਨਾਲ ਸਾਡਾ ਕਾਫ਼ੀ ਸਹਿਚਾਰ ਸੀ। ਅਸੀਂ ਉਸ ਨੂੰ ਨਾਲ ਲੈ ਕੇ ਪੁਲਿਸ ਦੀ ਸਹਾਇਤਾ ਨਾਲ ਉਨ੍ਹਾਂ ਠੱਗਾਂ ਵਿੱਚੋਂ ਕੁੱਝ ਨੂੰ ਕਾਬੂ ਕਰ ਲਿਆ। ਉਨ੍ਹਾਂ ਤੋਂ ਹੋਈ ਪੁੱਛਗਿੱਛ ਨੇ ਇਸ ਸਾਰੇ ਗਰੋਹ ਨੂੰ ਬੇਨਕਾਬ ਕਰ ਦਿੱਤਾ। ਇਸ ਪੁੱਛ-ਪੜਤਾਲ ਦੀਆਂ ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਛਪੀਆਂ ਰਿਪੋਰਟਾਂ ਨੇ ਲੋਕਾਂ ਨੂੰ ਇਸ ਠੱਗੀ ਬਾਰੇ ਸੁਚੇਤ ਕਰ ਦਿੱਤਾ। ਇਸ ਤਰ੍ਹਾਂ ਇਹ ਅਫ਼ਵਾਹ ਤਾਂ ਖ਼ਤਮ ਹੋ ਗਈ, ਪਰ ਸੈਂਕੜੇ ਲੋਕ ਜੋ ਇਸ ਅਫ਼ਵਾਹ ਕਾਰਨ ਠੱਗੇ ਗਏ, ਉਨ੍ਹਾਂ ਦੀ ਉਂਗਲੀ ਕਿਸੇ ਨੇ ਨਾ ਫੜੀ।

ਸੁਨਾਮ ਦੇ ਚਾਰ ਪੇਂਡੂਆਂ ਨੇ ਪੱਚੀ-ਪੱਚੀ ਹਜ਼ਾਰ ਰੁਪਏ ਇਕੱਠੇ ਕਰ ਕੇ ਇੱਕ ਸਾਧ ਤੋਂ ਇੱਕ ਲੱਖ ਰੁਪਏ ਵਿੱਚ ਇੱਕ ਸਿੱਕਾ ਖ਼ਰੀਦ ਲਿਆ। ਸਾਧ ਨੇ ਸਿੱਕੇ ਦੀ ਰਾਖ ਬਣਾ ਕੇ ਉਨ੍ਹਾਂ ਨੂੰ ਕਮਰੇ ਵਿੱਚ ਰੱਖਣ ਲਈ ਰਾਖ ਦੀਆਂ ਚਾਰ ਪੁੜੀਆਂ ਦੇ ਦਿੱਤੀਆਂ ਤੇ ਕਿਹਾ ਕਿ 'ਹੁਣ ਕੁੱਝ ਦਿਨਾਂ ਵਿੱਚ ਹੀ ਤੁਹਾਡਾ ਕਮਰਾ ਨੋਟਾਂ ਨਾਲ ਭਰ ਜਾਵੇਗਾ।'

ਪੰਜਾਬ ਵਿੱਚ ਜ਼ਿਲ੍ਹੇ ਕਪੂਰਥਲੇ ਦੇ ਪਿੰਡ ਤਲਵੰਡੀ ਕੂਕਾ ਦਾ ਇੱਕ ਫ਼ੌਜੀ ਦੋ ਢਾਈ ਸਾਲ ਫ਼ੌਜ ਦੀ ਨੌਕਰੀ ਕਰਨ ਤੋਂ ਬਾਅਦ ਕਿਸੇ ਕਾਰਨ ਮਰ ਗਿਆ ਸੀ। ਉਸ ਸਮੇਂ ਉਸਦੀ ਲਾਸ਼ ਕਿਸੇ ਕਾਰਨ ਪਿੰਡ ਨਾ ਭੇਜੀ ਜਾ ਸਕੀ। ਕਿਹਾ ਜਾਂਦਾ ਹੈ ਕਿ ਹੁਣ ਫ਼ੌਜੀ ਦੀ ਰੂਹ ਹੀ ਫ਼ੌਜ ਵਿੱਚ ਡਿਊਟੀ ਨਿਭਾਅ ਰਹੀ ਹੈ। ਉਸ ਨੂੰ ਹੌਲੀ-ਹੌਲੀ ਤਰੱਕੀ ਦੇ ਕੇ ਕੈਪਟਨ ਬਣਾ ਦਿੱਤਾ ਗਿਆ ਹੈ। ਉਹ ਹਰ ਸਾਲ ਪੰਦਰਾਂ ਸਤੰਬਰ ਤੋਂ ਪੰਦਰਾਂ ਨਵੰਬਰ ਤੱਕ ਦੋ ਮਹੀਨੇ ਦੀ ਛੁੱਟੀ ਕੱਟਣ ਆਪਣੇ ਪਿੰਡ ਆਉਂਦਾ ਹੈ ਅਤੇ ਆਪਣੇ ਪਰਿਵਾਰ ਪਾਸ ਰਹਿੰਦਾ ਹੈ। ਇਸ ਸਾਰੇ ਕੁੱਝ ਦਾ ਪ੍ਰਬੰਧ ਫ਼ੌਜ ਹੀ ਕਰਦੀ ਹੈ। ਰੂਹ ਜਲੰਧਰ ਤੱਕ ਤਾਂ ਰੇਲ ਗੱਡੀ ਵਿੱਚ ਆਉਂਦੀ ਹੈ, ਉਸ ਤੋਂ ਬਾਅਦ ਇੱਕ ਫ਼ੌਜੀ ਜੀਪ ਉਸ ਨੂੰ ਪਿੰਡ ਛੱਡ ਆਉਂਦੀ ਹੈ। ਬੈਠਣ ਸਮੇਂ ਸੀਟ ਲਿਫ਼ਦੀ ਹੈ, ਫੌਜੀ ਆਪ ਹੀ ਵਾਰੀ ਖੋਲ੍ਹਦਾ ਹੈ। ਫ਼ੌਜੀ ਵੱਲੋਂ ਸਰਹੱਦ 'ਤੇ ਘੋੜੇ ਨਾਲ ਗਸ਼ਤ ਕੀਤੀ ਜਾਂਦੀ ਹੈ।

ਜਦੋਂ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਇਸ ਸਾਰੇ ਵਰਤਾਰੇ ਦੀ ਪੜਤਾਲ ਕਰਨ ਗਏ ਤਾਂ ਉਨ੍ਹਾਂ ਨੂੰ ਨਾ ਤਾਂ ਬਾਰੀ ਆਪਣੇ ਆਪ ਖੁੱਲ੍ਹਦੀ ਅਤੇ ਸੀਟ ਲਿਫ਼ਦੀ, ਨਾ ਬਾਰੀ ਬੰਦ ਹੁੰਦੀ ਨਜ਼ਰ ਆਈ। ਸਗੋਂ ਫ਼ੌਜੀ ਦੇ ਆਪਣੇ ਘਰ ਪੁੱਜਣ ਤੋਂ ਬਾਅਦ ਕੋਈ ਪੱਖਾਂ ਨਾ ਤਾਂ ਆਪਣੇ ਆਪ ਚੱਲਿਆ ਨਾ ਹੀ ਬੰਦ ਹੋਇਆ। ਇਸ ਲਈ ਤਰਕਸ਼ੀਲਾਂ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਇਹ ਸਭ ਗੱਲਾਂ ਮਨਘੜਤ ਹਨ। ਕੋਈ ਨਾ ਕੋਈ ਹੋਰ ਫ਼ੌਜੀ ਉਸ ਬਹਾਨੇ ਛੁੱਟੀ ਕੱਟਣ ਲਈ ਆਪਣੇ ਪਿੰਡ ਆਉਣਾ ਚਾਹੁੰਦਾ ਹੁੰਦਾ ਹੈ। ਉਸ ਲਈ ਇਹ ਬਹਾਨਾ ਇੱਕ ਵਧੀਆ ਹਥਿਆਰ ਹੈ। ਕਿਸੇ ਅਫ਼ਸਰ ਲਈ ਇਸੇ ਕਾਰਨ ਕਰਕੇ ਉਸਦੀ ਤਨਖ਼ਾਹ ਹਜ਼ਮ ਕਰੀ ਜਾਣਾ ਵੀ ਇਸ ਦੇਸ਼ ਵਿੱਚ ਸੰਭਵ ਹੈ। ਹੋ ਸਕਦਾ ਹੈ ਠੱਗੀ ਵਿੱਚੋਂ ਕੁੱਝ ਹਿੱਸਾ ਹਰ ਮਹੀਨੇ ਉਸ ਦੀ ਮਾਂ ਨੂੰ ਵੀ ਭੇਜ ਦਿੱਤਾ ਜਾਂਦਾ ਹੋਵੇ।

ਜਦੋਂ ਇਸ ਘਟਨਾ ਦੀ ਅਸਲੀਅਤ ਲੋਕਾਂ ਕੋਲ ਪੁੱਜੀ ਤਾਂ ਉਨ੍ਹਾਂ ਨੇ ਇਸ ਗੋਰਖਧੰਦੇ ਵੱਲ ਧਿਆਨ ਦੇਣਾ ਹੀ ਛੱਡ ਦਿੱਤਾ। ਜੂਨ 2001 ਦੇ ਪਹਿਲੇ ਹਫ਼ਤੇ ਭਾਰਤ ਦੀ ਰਾਜਧਾਨੀ ਦਿੱਲੀ ਵੀ ਅਜਿਹੀ ਇੱਕ ਅਫ਼ਵਾਹ ਦਾ ਸ਼ਿਕਾਰ ਬਣ ਗਈ। ਥਾਂ-ਥਾਂ 'ਤੇ ਘਰ-ਘਰ ਇਹ ਚਰਚਾ ਹੋਣੀ ਸ਼ੁਰੂ ਹੋ ਗਈ ਕਿ ਇੱਕ ਬਾਂਦਰ ਵਰਗਾ ਮਨੁੱਖ ਸੁੱਤੀਆਂ ਇਸਤਰੀਆਂ 'ਤੇ ਪੁਰਸ਼ਾਂ ਦੇ ਝਰੀਟਾਂ ਮਾਰ ਜਾਂਦਾ ਹੈ। ਕੁੱਝ ਦੇ ਝਰੀਟਾਂ ਦੇ ਨਿਸ਼ਾਨ ਵੀ ਨਜ਼ਰ ਆਏ। ਅੱਧੀ ਰਾਤ ਤੋਂ ਬਾਅਦ ਦਿੱਲੀ ਵਿੱਚ ਪੂਰਾ ਇੱਕ ਹਫ਼ਤਾ ਕਿਤੇ ਨਾ ਕਿਤੇ ਇਹ ਰੌਲਾ ਪੈ ਜਾਂਦਾ ਕਿ ਬਾਂਦਰ ਆ ਗਿਆ ਹੈ। ਕੋਈ ਕਹਿੰਦਾ ਇਸ ਬਾਂਦਰ ਦੇ ਹੱਥ ਲੋਹੇ ਦੇ ਹਨ ਕੋਈ ਕਹਿੰਦਾ ਇਸ ਨੇ ਹੈਲਮਟ ਲਈ ਹੋਈ ਹੈ। ਕੋਈ ਕਹਿੰਦਾ ਇਸ ਦੇ ਢਿੱਡ 'ਤੇ ਲਾਲ ਤੇ ਹਰੀਆਂ ਲਾਈਟਾਂ ਲੱਗੀਆਂ ਹੋਈਆਂ ਹਨ। ਦਿੱਲੀ ਦੇ ਤਰਕਸ਼ੀਲਾਂ ਨੇ ਇਸ ਅਫ਼ਵਾਹਨੁਮੀ ਗੁਬਾਰੇ ਵਿੱਚੋਂ ਹਵਾ ਕੱਢਣ ਲਈ ਆਪਣੇ ਯਤਨ ਤੇਜ਼ ਕਰ ਦਿੱਤੇ। ਦਿੱਲੀ ਦੀ ਪੁਲਿਸ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਅਤੇ ਨਫ਼ਰੀ ਵੀ ਵਧਾ ਦਿੱਤੀ ਗਈ। ਜਿੰਨੇ ਵੀ ਆਦਮੀਆਂ ਨੇ ਇਸ ਨੂੰ ਵੇਖਣ ਦਾ ਦਾਅਵਾ ਕੀਤਾ, ਸਭ ਦੇ ਬਿਆਨ ਵੱਖ-ਵੱਖ ਸਨ। ਕੋਈ ਉਸ ਨੂੰ ਮਨੁੱਖਾਂ ਵਰਗਾ, ਕੋਈ ਬਣਮਾਨਸਾਂ ਵਰਗਾ, ਕੋਈ ਉਸ ਨੂੰ ਰੋਬੋਟਾਂ ਵਰਗਾ ਦੱਸਦਾ, ਹੌਲੀ-ਹੌਲੀ ਇਸ ਗੁਬਾਰੇ ਦੀ ਹਵਾ ਨਿਕਲਦੀ ਗਈ ਤੇ ਲੋਕ ਸ਼ਾਂਤ ਹੁੰਦੇ ਗਏ। ਤਰਕਸ਼ੀਲਾਂ ਨੇ ਨਤੀਜਾ ਕੱਢਿਆ ਕਿ ਕਦੀ-ਕਦੀ ਲੋਕਾਂ ਵਿੱਚ ਵੱਡੀ ਪੱਧਰ 'ਤੇ ਮਾਸ ਹਿਸਟੀਰੀਆ ਫੈਲ ਜਾਂਦਾ ਹੈ। ਜਿਵੇਂ ਡਰੇ ਹੋਏ ਵਿਅਕਤੀ ਹਨ੍ਹੇਰੇ ਵਿੱਚ ਰੱਸੀ ਨੂੰ ਹੀ ਸੱਪ ਸਮਝ ਬੈਠਦੇ ਹਨ। ਇਸ ਤਰ੍ਹਾਂ ਡਰੇ ਹੋਏ ਲੋਕਾਂ ਨੇ ਖੁਦ ਹੀ ਛਾਲਾਂ ਮਾਰ ਲਈਆਂ ਤੇ ਸੱਟਾਂ ਖਾ ਬੈਠੇ।

ਅਗਸਤ-ਸਤੰਬਰ 2004 ਵਿੱਚ ਪੰਜਾਬ ਦੇ ਕਸਬਿਆਂ ਲਹਿਰਾ, ਮੂਨਕ, ਸੁਨਾਮ, ਧੂਰੀ ਆਦਿ ਦੇ ਲੋਕ ਇੱਕ ਹੋਰ ਜਾਨਵਰ ਦੇ ਕੱਟਣ ਦਾ ਸ਼ਿਕਾਰ ਹੋਣ ਲੱਗ ਪਏ। ਇਹ ਅਫ਼ਵਾਹ ਚੱਲ ਪਈ ਕਿ ਬਿੱਜੂ ਨਾਂ ਦਾ ਜਾਨਵਰ ਲੋਕਾਂ ਨੂੰ ਕੱਟ ਜਾਂਦਾ ਹੈ। ਲੋਕਾਂ ਨੇ ਆਪਣੀਆਂ ਨੂੰਹਾਂ-ਧੀਆਂ ਨੂੰ ਦੂਰ ਦੀਆਂ ਰਿਸ਼ਤੇਦਾਰੀਆਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਪਿੰਡਾਂ ਦੇ ਤਰਕਸ਼ੀਲ ਵੀ ਇਸ ਅਫ਼ਵਾਹਾਂ ਦਾ ਸਿਰ ਕੁਚਲਣ ਲਈ ਤਿਆਰ ਹੋ ਗਏ। ਅਖ਼ਬਾਰਾਂ, ਮੈਗਜ਼ੀਨਾਂ ਵਿੱਚ ਸਪੱਸ਼ਟੀਕਰਨ ਆਉਣ ਲੱਗ ਪਏ। ਅਸੀਂ ਜਾਣਦੇ ਸਾਂ ਕਿ ਬਿੱਜੂ ਨਾਂ ਦਾ ਜਾਨਵਰ ਸਿਰਫ਼ ਇੱਕ ਕਲਪਨਾ ਹੀ ਹੈ। ਅੱਜ ਤੱਕ ਇੱਕ ਵੀ ਵਿਅਕਤੀ ਅਜਿਹਾ ਨਹੀਂ ਹੈ,ਜਿਸ ਨੇ ਇਸ ਨੂੰ ਵੇਖਿਆ ਹੈ। ਇੱਕ-ਦੋ ਹਫ਼ਤੇ ਦੀ ਭੱਜ-ਨੱਠ ਨੇ ਹੀ ਇਸ ਗੁਬਾਰੇ ਵਿੱਚੋਂ ਵੀ ਹਵਾ ਖਾਰਜ ਕਰ ਦਿੱਤੀ।

ਸਤੰਬਰ 2002 ਵਿੱਚ ਇਹ ਅਫ਼ਵਾਹ ਛੱਡ ਦਿੱਤੀ ਗਈ ਕਿ ਇਕੱਲੀ ਔਲਾਦ ਵਾਲੇ ਮਾਪੇ ਸਟੀਲ ਦੀ ਕੌਲੀ ਵਿੱਚ ਖੰਡ ਭਰ ਕੇ ਸ਼ਿਵ ਮੰਦਿਰ ਜਾਂ ਹਨੂੰਮਾਨ ਮੰਦਿਰ ਵਿੱਚ ਪੰਜ ਸਿੱਕਿਆਂ ਸਮੇਤ ਚੜ੍ਹਾਉਣ। ਜੇ ਉਹ ਅਜਿਹਾ ਨਹੀਂ ਕਰਨਗੇ ਤਾਂ ਉਨ੍ਹਾਂ ਦੇ ਪੁੱਤਰ ਦਾ ਨੁਕਸਾਨ ਹੋ ਜਾਵੇਗਾ। ਇਸ ਦੇ ਨਾਲ ਹੀ ਇੱਕ ਹੋਰ ਅਫ਼ਵਾਹ ਇਹ ਵੀ ਛੱਡ ਦਿੱਤੀ ਗਈ ਕਿ ਸ਼ੰਕਰ ਜੀ ਦੀ ਮੂਰਤੀ ਆਪਣਾ ਰੂਪ ਤੇ ਰੰਗ ਬਦਲ ਰਹੀ ਹੈ ਅਤੇ ਮੂਰਤੀ ਉਪਰ 'ਓਮ' ਦਾ ਨਿਸ਼ਾਨ ਵੀ ਦਿਖਾਈ ਦੇ ਰਿਹਾ ਹੈ। ਬੱਸ ਫਿਰ ਕੀ ਸੀ, ਲੋਕਾਂ ਦੀਆਂ ਭੀੜਾਂ ਮੰਦਰਾਂ ਵਿੱਚ ਲੱਗਣ ਲੱਗੀਆਂ। ਪੁਜਾਰੀ ਖ਼ੁਸ਼ ਸਨ। ਮੁਫ਼ਤ ਵਿੱਚ ਹੀ ਬੈਠੇ ਬਿਠਾਇਆਂ ਨੂੰ ਲੱਖਾਂ ਰੁਪਏ ਬਣ ਗਏ। ਕਦੇ ਤੁਸੀਂ ਸੁਣਿਆ ਹੋਵੇ ਕਿ ਟੈਲੀਫੋਨ ਵਿੱਚ ਭੂਤ ਆ ਗਿਆ ਹੋਵੇ? ਜੀ ਹਾਂ! ਉਤਰੀ ਭਾਰਤ ਵਿੱਚ ਅਜਿਹਾ ਵਾਪਰਿਆ ਸੀ। ਤੁਹਾਨੂੰ ਇੱਕ ਫੋਨ ਕਾਲ ਆਉਂਦੀ ਹੈ ਤੇ ਉਸ 'ਤੇ ਫੋਨ ਨੰਬਰ 98888 88888 ਨਜ਼ਰ ਆਉਂਦਾ ਹੈ। ਤੁਸੀਂ ਭੂਤ ਦੀ ਕਾਲ ਸਮਝ ਕੇ ਡਰ ਜਾਂਦੇ ਹੋ। ਮਾਰਚ 2007 ਵਿੱਚ ਮੈਂ ਆਪਣੇ ਮਿੱਤਰ ਭਗਵਾਨ ਸਿੰਘ ਖਹਿਰਾ ਵੱਲੋਂ ਅੰਮ੍ਰਿਤਸਰ ਦੇ ਪਿੰਡ ਸੇਰੋ ਵਿਖੇ ਰੱਖੇ ਤਰਕਸ਼ੀਲ ਮੇਲੇ ਵਿੱਚ ਭਾਗ ਲੈਣ ਲਈ ਜਾ ਰਿਹਾ ਸੀ ਤੇ ਰਸਤੇ ਵਿੱਚ ਹੀ ਫੋਨ ਆਉਣੇ ਸ਼ੁਰੂ ਹੋ ਗਏ। ਲੋਕ ਦੱਸਣ ਲੱਗੇ ਕਿ ਫੋਨ 'ਤੇ ਡਿਸਪਲੇ ਹੋ ਰਹੇ ਨੰਬਰ ਕਿਵੇਂ ਲੋਕਾਂ ਨੂੰ ਡਰਾ ਰਹੇ ਹਨ। ਬਹੁਤ ਸਾਰੇ ਲੋਕਾਂ ਨੇ ਤਾਂ ਡਰਦੇ ਮਾਰੇ ਫੋਨ ਚੁੱਕਣੇ ਹੀ ਬੰਦ ਕਰ ਦਿੱਤੇ। ਮਾਪੇ ਆਪਣੇ ਬੱਚਿਆਂ ਨੂੰ ਮੱਤਾਂ ਦੇਣ ਲੱਗੇ "ਟੈਲੀਫੋਨ ਨਾ ਚੁਕਿਓ, ਨਹੀਂ ਤਾਂ ਮਰ ਜਾਓਗੇ''। ਖੰਨੇ ਤੋਂ ਇੱਕ ਮੈਡਮ ਪੁੱਛ ਰਹੀ ਸੀ, "ਟੈਲੀਫੋਨ ਵਾਲਾ ਮਾਜਰਾ ਕੀ ਹੈ?''

ਦੂਸਰੇ ਦਿਨ ਮੈਂ ਆਪਣੇ ਦਫ਼ਤਰ ਵਿੱਚ ਕੁੱਝ ਪੱਤਰਕਾਰਾਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਟੈਲੀਫੋਨ ਵਾਲਾ ਸਾਰਾ ਮਾਜਰਾ ਸਮਝਾ ਦਿੱਤਾ ਤੇ ਪ੍ਰੈਕਟਿਸ ਵੀ ਕਰਵਾ ਦਿੱਤੀ। ਉਹ ਸਾਰੇ ਸੰਤੁਸ਼ਟ ਹੋ ਗਏ। ਅਸਲ ਕਹਾਣੀ ਇਹ ਸੀ ਕਿ ਜਦੋਂ ਤੁਹਾਨੂੰ ਕੋਈ ਫੋਨ ਕਰਨ ਵਾਲੇ ਦਾ ਨਾਂ ਭਰਨ ਦੀ ਬਜਾਏ ਇਸ 'ਤੇ ਤੁਸੀਂ 9888888888 ਲਿਖ ਕੇ ਸੇਵ ਕਰ ਲਵੋ। ਹੁਣ ਜਦੋਂ ਵੀ ਤੁਹਾਨੂੰ ਇਸ ਫੋਨ ਤੋਂ ਦੁਆਰਾ ਫੋਨ ਆਏਗਾ ਤਾਂ 9888888888 ਨੰਬਰ ਡਿਸਪਲੇ ਹੋਵੇਗਾ। ਤੁਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਕਹੋਗੇ ਕਿ ਵੇਖੋ ਮੈਨੂੰ ਭੂਤ ਦਾ ਫੋਨ ਆ ਗਿਆ। ਇਸ ਤਰ੍ਹਾਂ ਇਹ ਅਫ਼ਵਾਹ ਵੀ ਕੁੱਝ ਦਿਨਾਂ ਵਿੱਚ ਹੀ ਦਮ ਤੋੜ ਗਈ। ਇਸੇ ਹੀ ਮਹੀਨੇ ਵਿੱਚ ਇੱਕ ਹੋਰ ਅਫ਼ਵਾਹ ਫੈਲ ਗਈ ਕਿ 'ਭੂਚਾਲ ਆ ਰਿਹਾ ਹੈ।' ਲੋਕ ਆਪਣੇ ਘਰਾਂ ਤੋਂ ਬਾਹਰ ਆ ਗਏ। ਕਈਆਂ ਨੇ ਤਾਂ ਰਾਤਾਂ ਪਰਿਵਾਰਾਂ ਸਮੇਤ ਹੀ ਬਾਹਰ ਕੱਟੀਆਂ। ਅਸਲ ਮਾਜਰਾ ਇਹ ਸੀ ਕਿ ਇੱਕ ਸ਼ਰਾਬੀ ਵਿਅਕਤੀ ਦੇ ਦਿਮਾਗ ਵਿੱਚ ਆਇਆ ਕਿ ਧਰਤੀ ਘੁੰਮ ਰਹੀ ਹੈ। ਬੱਸ ਫਿਰ ਕੀ ਸੀ ਉਸਨੇ ਰਾਤੀਂ ਇੱਕ ਵਜੇ ਆਪਣੀ ਪਤਨੀ ਨੂੰ ਫੋਨ ਕਰ ਦਿੱਤਾ, "ਭੂਚਾਲ ਆ ਗਿਆ ਹੈ।'' ਬੱਸ ਫਿਰ ਕੀ ਸੀ ਪਤਨੀ ਨੇ ਰੌਲਾ ਪਾਉਣਾ ਤੇ ਆਪਣੇ ਨਜ਼ਦੀਕੀਆਂ ਨੂੰ ਫੋਨ ਕਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਭੂਚਾਲ ਦਾ ਰੌਲਾ ਪੈ ਗਿਆ। ਲੋਕਾਂ ਨੇ ਐਨੀ ਖੇਚਲ ਵੀ ਨਹੀਂ ਕੀਤੀ ਕਿ ਟੈਲੀਵਿਜ਼ਨ ਤੋਂ ਭੂਚਾਲ ਸਬੰਧੀ ਸੂਚਨਾ ਦੇਣ ਵਾਲੇ ਮਹਿਕਮੇ ਨਾਲ ਸੰਪਰਕ ਕਰ ਲੈਂਦੇ। ਜੇ ਦੋ-ਚਾਰ ਨੇ ਇਹ ਸੂਚਨਾ ਲਈ ਵੀ ਤਾਂ ਉਨ੍ਹਾਂ ਦੀ ਕਿਸੇ ਨੇ ਵੀ ਨਹੀਂ ਸੁਣੀ।

ਇੱਕ ਹੋਰ ਅਫ਼ਵਾਹ ਦਾ ਕੇਂਦਰ ਸਮੁੱਚੀ ਧਰਤੀ ਹੀ ਹੈ। ਕਹਿੰਦੇ ਮਾਇਆ ਸਭਿਅਤਾ ਦੇ ਕੈਲੰਡਰਾਂ ਵਿੱਚ ਇਹ ਦਰਜ ਕੀਤਾ ਹੋਇਆ ਹੈ ਕਿ 21 ਦਸੰਬਰ 2012 ਨੂੰ ਦੁਨੀਆ ਨਸ਼ਟ ਹੋ ਜਾਵੇਗੀ। ਇਸ ਸਬੰਧੀ ਛਪੇ ਕਈ ਲੇਖਾਂ ਨੇ ਪੰਜਾਬੀਆਂ ਦੀ ਨੀਂਦ ਵੀ ਉਡਾ ਦਿੱਤੀ ਸੀ। ਮਾਇਆ ਸਭਿਅਤਾ ਦੇ ਲੋਕਾਂ ਨੂੰ ਆਪਣੀ ਹੋਣੀ ਦਾ ਹੀ ਪਤਾ ਨਹੀਂ ਸੀ ਕਿ ਉਹ ਧਰਤੀ ਦੇ ਦੂਸਰੇ ਲੋਕਾਂ ਦੀ ਹੋਣੀ ਦਾ ਫ਼ੈਸਲਾ ਕਰ ਸਕਦੇ ਸਨ, ਕਿਉਂਕਿ ਮਾਇਆ ਸਭਿਅਤਾ ਤਾਂ ਕੁੱਝ ਸਦੀਆਂ ਪਹਿਲਾਂ ਧਰਤੀ ਤੋਂ ਅਲੋਪ ਹੀ ਹੋ ਗਈ ਸੀ। ਕੁੱਝ ਅਖੌਤੀ ਪੁਜਾਰੀਆਂ ਨੇ ਤਾਂ ਇਸ ਸਬੰਧੀ ਆਪਣੀਆਂ ਦਲੀਲਾਂ ਵੀ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਕੋਈ ਕਹਿੰਦਾ,'ਸੂਰਜ ਤੋਂ ਉੱਠੇ ਤੂਫ਼ਾਨਾਂ ਨੇ', ਕੋਈ ਕਹਿੰਦਾ 'ਧਰਤੀ ਤੋਂ ਫੱਟਣ ਵਾਲੇ ਜਵਾਲਾਮੁਖੀਆਂ ਨੇ', ਕੋਈ ਕਹਿੰਦਾ 'ਧਰਤੀ ਦੇ ਚੁੰਬਕੀ ਖੇਤਰ ਦੀ ਤਬਦੀਲੀ ਕਾਰਨ ਹੋਣੀ ਵਾਲੀ ਤਬਾਹੀ ਨੇ' ਧਰਤੀ ਤੋਂ ਮਨੁੱਖ ਜਾਤੀ ਨੂੰ ਸਦਾ ਲਈ ਅਲੋਪ ਕਰ ਦੇਣਾ ਹੈ।

ਇਸ ਸਬੰਧੀ ਮੈਨੂੰ ਵੀ ਕਈ ਲੇਖ ਅਖ਼ਬਾਰਾਂ ਨੂੰ ਦੇਣੇ ਪਏ, ਜਿਨ੍ਹਾਂ ਵਿੱਚ ਮੈਂ ਉਨ੍ਹਾਂ ਸਭ ਦੀਆਂ ਦਲੀਲਾਂ ਦਾ ਢੁਕਵਾਂ ਜਵਾਬ ਦਿੱਤਾ। ਅਖ਼ੀਰ 21 ਦਸੰਬਰ 2012 ਵੀ ਲੰਘ ਗਿਆ ਅਤੇ ਇਹ ਦੁਨੀਆਂ ਵੀ ਸਹੀ ਸਲਾਮਤ ਹੈ। ਸਿੱਟੇ ਵਜੋਂ ਇਸ ਗੁਬਾਰੇ ਦੀ ਫੂਕ ਵੀ ਨਿਕਲ ਗਈ।

ਧਰਤੀ ਦੇ ਇਤਿਹਾਸ ਵਿੱਚ ਇਹ ਸਾਰੀਆਂ ਅਫ਼ਵਾਹਾਂ ਨਾ ਤਾਂ ਪਹਿਲੀਆਂ ਸਨ ਤੇ ਨਾ ਹੀ ਆਖ਼ਰੀ। ਅਜਿਹੀਆਂ ਹਜ਼ਾਰਾਂ ਅਫ਼ਵਾਹਾਂ ਦੇ ਗੁਬਾਰਿਆਂ ਵਿੱਚ ਅੰਧਵਿਸ਼ਵਾਸੀ ਹਵਾ ਭਰਦੇ ਰਹਿੰਦੇ ਹਨ ਤੇ ਜਾਗਰੂਕ ਲੋਕ ਇਸ ਹਵਾ ਨੂੰ ਕੱਢਦੇ ਰਹਿੰਦੇ ਹਨ ਤੇ ਧਰਤੀ ਸਮਤੋਲ ਵਿੱਚ ਰਹਿੰਦੀ ਹੈ।

## Editor's mail

I would like to congratulate you on your weekly newspaper, Desh Doaba. I love to read the "real life" stories which are missing in other Indian newspapers. Professor Gurnam Singh Muktsar's essay on pg. 12, Sept. 2, 2015, uses the real, unique, daily accent of Punjab (with a deep vocabulary), especially when he expresses his love of the Guru Granth Sahib's profound wisdom. I like that he focuses on equality, freedom, and other huge values vs. egotistically showing himself in a nice turban with a long beard and sword hanging right and left, full of self-righteousness. He pinpoints the real problems in our Sikh community, but I wish he had also offered solutions. I have been working on my community for 20 years, and I often feel frustrated.Please give my compliments to him. I give you permission to publish this email message if you want to. I'm a Sikh Forum member of the El Sobrante, California Gurughar and an activist.

**Humbly & Sincerely,**
**Hardial Singh Deol**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# SHRI GURU RAVIDASS TEMPLE, YUBA CITY
## 1480 HAYNE AVENUE, YUBA CITY, CA 95993



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਸੈਣ ਜੀ ਦਾ ਅਵਤਾਰ ਪੁਰਬ 22 ਨਵੰਬਰ 2015 (ਦਿਨ ਐਤਵਾਰ) ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ 20 ਨਵੰਬਰ (ਦਿਨ ਸ਼ੁੱਕਰਵਾਰ) ਨੂੰ ਰਖਾਏ ਜਾਣਗੇ। ਮਿਤੀ 22 ਨਵੰਬਰ 2015 (ਦਿਨ ਐਤਵਾਰ) ਨੂੰ ਸਵੇਰੇ 10:30 ਵਜੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।

ਛੋਲੇ ਭਟੂਰੇ ਦੀ ਸੇਵਾ ਦੇਸੀ ਹੇਅਰ ਕੱਟ (ਟੋਨੀ) ਯੂਨੀਅਨ ਸਿਟੀ, ਸ੍ਰੀ ਮਨਜਿੰਦਰ ਸਿੰਘ ਮਨੀ ਯੂਨੀਅਨ ਸਿਟੀ, ਤੰਦੂਰ ਰੈਸਟੋਰੈਂਟ ਹੇਵਰਡ (ਕੈਲੇਫੋਰਨੀਆ) ਵੱਲੋਂ ਕੀਤੀ ਜਾਵੇਗੀ।


ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਹੈਡ ਗ੍ਰੰਥੀ ਪ੍ਰਿਤਪਾਲ ਸਿੰਘ ਜੀ ਨਾਲ 530-674-2564 ਜਾਂ 916-694-3386 ਤੇ ਸੰਪਰਕ ਕੀਤਾ ਜਾ ਸਕਦਾ ਹੈ।

| | |
|---|---|
| ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) | ਪ੍ਰਸ਼ੋਤਮ ਸੂਦ (ਚੇਅਰਮੈਨ) |
| 530-713-1823 | 530-845-4508 |
| ਦਲਵਿੰਦਰ ਰੱਲ੍ਹ (ਕੈਸ਼ੀਅਰ) | ਰਾਮ ਸੇਵਕ ਭਾਟੀਆ (ਕੈਸ਼ੀਅਰ) |
| 530-933-3938 | 530-701-4370 |



ਗੁਰੂ ਰਵਿਦਾਸ ਜੀ

ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸਤਿਗੁਰੂ ਨਾਮਦੇਵ ਜੀ ਦਾ ਜਨਮ ਉਤਸਵ **28 ਨਵੰਬਰ 2015** (ਦਿਨ ਸ਼ਨੀਵਾਰ) ਨੂੰ ਗੁਰਦੁਆਰਾ ਸਾਹਿਬ ਗੁਰੂ ਰਵਿਦਾਸ ਜੀ ਸੈਲਮਾ (ਕੈਲੇਫੋਰਨੀਆ) ਵਿਖੇ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।



ਸਤਿਗੁਰੂ ਨਾਮਦੇਵ ਜੀ

ਸਮੂਹ ਇਲਾਕੇ ਦੀ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਵਿੱਤਰ ਦਿਹਾੜੇ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

## ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ
ਫੋਨ: 559-891-8286

## 2650 Blaine Avenue Selma (CA) 93662

**By : Salinder Narr Cell : 550-288-2231**

# ਬਿਹਾਰ ਚੋਣਾਂ ਵਿਚੋਂ ਨਿਕਲੇ ਫਤਵੇ ਅਤੇ ਸਬਕ



ਫਤਿਹਜੰਗ ਸਿੰਘ
91-98726-70278

ਹਾਲ ਹੀ ਵਿਚ ਆਏ ਬਿਹਾਰ ਵਿਧਾਨ ਸਭਾ ਦੇ ਨਤੀਜੇ ਆਮ ਆਦਮੀ ਲਈ ਇਕ ਵਾਰ ਤਾਂ ਆਜ਼ਾਦ ਜਿਹੀ ਫਿਜ਼ਾ ਵਾਲੀ ਹਵਾ ਦਾ ਬੁੱਲ੍ਹਾ ਬਣਕੇ ਆਏ ਹਨ। ਜਦੋਂ ਤੋਂ ਕੇਂਦਰ ਵਿਚ ਭਾਜਪਾ ਸਰਕਾਰ ਆਈ ਹੈ, ਮਾਹੌਲ ਗਰਮ ਤੋਂ ਗਰਮ ਅਤੇ ਤੰਗ ਤੋਂ ਤੰਗ ਹੁੰਦਾ ਜਾ ਰਿਹਾ ਸੀ। ਮੋਦੀ ਸਰਕਾਰ ਆਈ ਤਾਂ ਵਿਕਾਸ ਦੇ ਨਾਅਰੇ ਦੇ ਸਿਰ ’ਤੇ ਸੀ ਜਿਸ ਵਿਚ ਅੱਛੇ ਦਿਨ ਲਿਆਉਣ ਦਾ ਵਾਅਦਾ ਕੀਤਾ ਗਿਆ ਸੀ ਪਰ ਤਾਕਤ ਵਿਚ ਆਉ ਹੀ ਉਸਨੇ ਝੱਟ ਆਪਣਾ ਹਿੰਦੂ ਰਾਸ਼ਟਰ ਦਾ ਲੁਕਿਆ ਏਜੰਡਾ ਕੱਢ ਕੇ ਲਾਗੂ ਕਰਨਾ ਆਰੰਭ ਕਰ ਦਿੱਤਾ। ਇਸਵਿਚ ਉਹ ਅਜਿਹੀ ਰੁੱਝੀ ਕਿ ਜਨਤਾ ਨਾਲ ਕੀਤੇ ਵਾਅਦੇ, ਇਕਰਾਰ ਸਭ ਭੁੱਲ ਗਈ ਤੇ ਬੱਸ ਇਕੋ ਇਕ ਇਹੀ ਕੰਮ ਯਾਦ ਰਹਿ ਗਿਆ। ਅੱਛੇ ਦਿਨ ਆਏ ਉਹਨਾਂ ਅਮੀਰਾਂ ਦੇ ਜਿਨ੍ਹਾਂ ਦੇ ਖਰਚੇ ਪੈਸੇ ਨਾਲ ਇਹ ਸੱਤਾ ਵਿਚ ਆਈ ਸੀ, ਬਾਕੀ ਦੇ ਵਾਅਦੇ ਅਤੇ ਇਕਰਾਰ ਇਕ ਖੂੰਜੇ ਵਿਚ ਸਿਮਟੇ ਚੁੱਪ ਚਾਪ ਲੋਕਾਂ ਨੂੰ ਵੇਖਦੇ ਰਹੇ। ਜਿਹਨਾਂ 83 ਕਰੋੜ ਲੋਕਾਂ ਨੂੰ ਹਿੰਦੂ ਆਖ ਕੇ ਉਹਨਾਂ ਦੀਆਂ ਵੋਟਾਂ ਦੇ ਜ਼ਰੀਏ ਤਾਕਤ ਹਥਿਆਈ ਸੀ, ਉਹਨਾਂ ਲੋਕਾਂ ਨੂੰ ਜਦੋਂ ਧੱਫੇ ਦੇ ਕੇ ਆਪ ਗੱਫੇ ਲੈਣ ਲੱਗੇ ਤਾਂ ਉਹ ਲਾਚਾਰੀ ਅਤੇ ਗਰੀਬੀ ਦੇ ਮਾਰੇ ਲੋਕ ਆਪਣਾ ਹਿੰਦੂ ਦੇਸ਼ ਲੱਭਣ ਲੱਗੇ ਤਾਂ ਕਿਤੇ ਨਜ਼ਰ ਨਾ ਆਇਆ। ਥਾਂ-ਥਾਂ ਤੇ ਜਾਤੀ ਤੇ ਧਾਰਮਿਕ ਦੰਗੇ ਫਸਾਦ, ਅਗਜਨੀਆਂ ਵਾਪਰਨ ਲੱਗੀਆਂ। ਅਸਹਿਣਸ਼ੀਲਤਾ ਹਰ ਪਾਸੇ ਦਨਦਨਾਉਦ ਲੱਗੀ। ਮਹਿੰਗਾਈ ਨੇ ਗਰੀਬਾਂ ਦਾ ਕਚੂਮਰ ਕੱਢ ਦਿੱਤਾ। ਗਰੀਬਾਂ ਦੀਆਂ ਚੀਕਾਂ ਉਤੇ ਅਮੀਰਾਂ ਦੇ ਠਹਾਕੇ ਭਾਰੂ ਪੈ ਗਏ। ਘਰ ਵਾਪਸੀ ਦੇ ਨਾਂ ਤੇ ਧਰਮ ਪਰਿਵਰਤਨ ਦੀ ਔਰੰਗਜ਼ੇਬੀ ਲਹਿਰ ਚੱਲੀ, ਜਿਸ ਨੇ ਧਾਰਮਿਕ ਘੱਟ ਗਿਣਤੀਆਂ ਵਿਚ ਬੇਗਾਨਗੀ ਦਾ ਅਹਿਸਾਸ ਭਰ ਦਿੱਤਾ। ਕੀ ਕਰਨਾ ਹੈ ਕੀ ਨਹੀਂ ਕਰਨਾ, ਕੀ ਖਾਣਾ ਹੈ ਕੀ ਨਹੀਂ ਖਾਣਾ, ਦੇ ਮੱਕੜ ਜਾਲ ਨੇ ਧਾਰਮਿਕ ਘੱਟ ਗਿਣਤੀਆਂ ਨੂੰ ਜੜ੍ਹੋਂ ਹੀ ਹਲੂਣ ਦਿੱਤਾ। ਐਸ. ਸੀ. ਐਸ. ਟੀ. ਤੇ ਓ. ਬੀ. ਸੀ. ਦਾ ਡਾ. ਅੰਬੇਡਕਰ ਦੇ ਸੰਘਰਸ਼ ’ਚੋਂ ਪ੍ਰਾਪਤ ਹੋਇਆ ਰਾਖਵਾਂਕਰਨ ਖਤਰੇ ਵਿਚ ਪੈ ਗਿਆ। ਸੰਵਿਧਾਨ ਨਾਲ ਛੇੜਛਾੜ ਦੇ ਖਦਸ਼ੇ ਪੈਦਾ ਹੋ ਗਏ। ਜ਼ਿਆਦਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਤਰ੍ਹਾਂ ਤਰ੍ਹਾਂ ਦੀਆਂ ਬੇਇਜ਼ਤੀਆਂ ਸਹਿਣੀਆਂ ਪਈਆਂ। ਕਈਆਂ ਨੂੰ ਗੋਲੀ ਦਾ ਸ਼ਿਕਾਰ ਵੀ ਹੋਣਾ ਪਿਆ। ਦੇਸ਼ ਨਿਕਾਲੇ ਦੀਆਂ ਸੁਰਾਂ ਵੀ ਤਿੱਖੀਆਂ ਹੋਈਆਂ। ਇਕ ਸਾਲ ਦੇ ਅਰਸੇ ਵਿਚ ਹੀ ਹਰ ਪਾਸੇ ਹਾਹਾਕਾਰ ਮੱਚ ਗਈ। ਲੋਕਾਂ ਵਿਚ ਆਕਰੋਸ਼ ਸੀ, ਗੁੱਸਾ ਸੀ, ਰੋਸ ਸੀ, ਪਛਤਾਵਾ ਸੀ ਕਿ ਉਹ ਇਹ ਕਿਹੋ ਜਿਹੀ ਸਰਕਾਰ ਲਿਆ ਬੈਠੇ ਹਨ। ਪਰ ਇਹ ਸਭ ਕੁਝ ਤਾਂ ਹੁਣ ਅਗਲੀ ਕਿਸੇ ਚੋਣ ਵਿਚ ਹੀ ਪ੍ਰਗਟ ਹੋ ਸਕਦਾ ਸੀ। ਲੋਕਾਂ ਨੂੰ ਪਹਿਲਾ ਮੌਕੇ ਛੇਤੀ ਹੀ ਦਿੱਲੀ ਵਿਚ ਚੋਣਾਂ ਵਿਚ ਮਿਲ ਗਿਆ। ਉਸ ਵੇਲੇ ਤੱਕ ਭਾਵੇਂ ਕੇਂਦਰੀ ਸਰਕਾਰ ਨੇ ਆਪਣੇ ਸਾਰੇ ਪੱਤੇ ਨਹੀਂ ਸਨ ਖੋਲ੍ਹੇ ਪਰ ਲੋਕੀ ਇਰਾਦੇ ਭਾਂਪ ਗਏ ਸਨ। ਇਕ ਦੋ ਚੌਲ ਵੇਖ ਕੇ ਹੀ ਸਾਰੇ ਚੌਲ ਦੇ ਪੱਕੇ ਕੱਚੇ ਹੋਣ ਦਾ ਪਤਾ ਲੱਗ ਜਾਂਦਾ ਹੈ। ਲੋਕਾਂ ਨੇ ਰੱਜ ਕੇ ਗੁੱਸਾ ਕੱਢਿਆ। ਮੋਦੀ ਹਨੇਰੀ ਵਿਚ ਮੋਦੀ ਦੀ ਪਾਰਟੀ ਹੀ ਉਡ ਗਈ। ਪਰ ਭਾਜਪਾ ਨੇ ਕੋਈ ਸਬਕ ਨਾ ਸਿੱਖਿਆ।ਦੂਜਾ ਮੌਕਾ ਜੰਮੂ-ਕਸ਼ਮੀਰ ਵਿਚ ਲੋਕਾਂ ਨੂੰ ਮਿਲਿਆ। ਉਥੇ ਵੀ ਭਾਜਪਾ ਦੇ ਛੁਪੇ ਮਨਸੂਬਿਆਂ ਤੇ ਪਾਣੀ ਫੇਰ ਦਿੱਤਾ ਗਿਆ। ਤੀਜਾ ਮੌਕਾ ਲੋਕਾਂ ਨੂੰ ਬਿਹਾਰ ਦੀਆਂ ਚੋਣਾਂਵਿਚ ਮਿਲਿਆ। ਇੱਥੋਂ ਤੱਕ ਪਹੁੰਚਣ ਤੀਕਰ ਭਾਜਪਾਦੇ ਸਾਰੇ ਪੱਤੇ ਲੱਗਭੱਗ ਖੁੱਲ੍ਹ ਚੁੱਕੇ ਸਨ। ਪਰ ਉਸਨੂੰ ਕੋਈ ਵੀ ਜਾਇਜ਼/ਨਜਾਇਜ਼ ਬਿਲ ਪਾਸ ਕਰਵਾਉਣ ਲਈ ਦੋਹਾਂ ਸਦਨਾਂ ਵਿਚ ਬਹੁਮਤ ਲੈਣਾ ਪੈਣਾ ਸੀ। ਲੋਕ ਸਭਾ ਵਿਚ ਉਸ ਕੋਲ ਹੈ ਸੀ ਪਰ ਰਾਜ ਸਭਾ ਵਿਚ ਉਸ ਕੋਲ ਬਹੁਮਤ ਨਹੀਂ ਸੀ, ਇਸ ਲਈ ਉਸਨੇ ਬਿਹਾਰ ਦੀਆਂ ਚੋਣਾਂ ਵਿਚ ਜੀਅ-ਜਾਨ ਮਾਰ ਕੇ ਹਰ ਹੀਲਾ ਵਸੀਲਾ ਵਰਤਿਆ। ਜਿਵੇਂ ਕਿਵੇਂ ਵੀ ਉਸ ਲਈ ਬਿਹਾਰ ਦੀਆਂ ਚੋਣਾਂ ਜਿੱਤਣਾ ਬਹੁਤ ਜ਼ਰੂਰੀ ਬਣ ਗਿਆ ਸੀ ਤਾਂ ਜੋ ਉਹ ਦੇਸ਼ ਵਿਚ ਹੋਰ ਵੀ ਮਨਆਈਆਂ ਨੂੰ ਹਵਾ ਦੇ ਸਕੇ। ਦਿੱਲੀ ਅਤੇ ਜੰਮੂ ਕਸ਼ਮੀਰ ਵਿਚ ਉਸਦੀ ਵਾਹ ਨਹੀਂ ਚੱਲ ਸਕੀ, ਇਸ ਲਈ ਉਹ ਬਿਹਾਰ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡਣਾ ਚਾਹੁੰਦੀ। ਰਾਜ ਸਭਾ ਵਿਚ ਬਹੁਮਤ ਨਾ ਹੋਣ ਕਾਰਨ ਉਸਦੇ ਕੁਝ ਬਿਲ ਅੱਧ ਵਿਚਕਾਰ ਹੀ ਸਹਿਮ ਸਹਿਮ ਕੇ ਦਮ ਤੋੜ ਗਏ,ਭਾਵੇਂ ਓਹਨਾਂ ਵਿਚੋਂ ਭੌਂ ਪ੍ਰਾਪਤੀ ਬਿਲ ਨੂੰ ਦੋ ਤਿੰਨ ਵਾਰੀ ਆਰਡੀਨੈਂਸ ਜਾਰੀ ਕਰਕੇ ਠੁੰਮ੍ਹਣਾ ਦੇਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ।

ਬਿਹਾਰ ਦੀਆਂ ਚੋਣਾਂ ਵਿਚ ਭਾਜਪਾ ਗਰੁੱਪ ਅਤੇ ਕਾਂਗਰਸ ਸਮੇਤ ਲਾਲੂ ਪ੍ਰਸਾਦ ਅਤੇ ਨਿਤੀਸ਼ ਦਾ ਮਹਾਂ ਗੱਠਜੋੜ ਆਹਮੋ-ਸਾਹਮਣੇ ਸਨ। ਭਾਜਪਾ ਗਰੁੱਪ ਵਿਚ ਭਾਜਪਾ ਤੋਂ ਇਲਾਵਾ ਰਾਮ ਵਿਲਾਸ ਪਾਸਵਾਨ ਦੀ ਐਲ. ਜੇ. ਪੀ. ਅਤੇ ਜੀਤਨ ਰਾਮ ਮਾਂਝੀ ਦੀ ਹਾਮ ਪਾਰਟੀ ਸ਼ਾਮਲ ਸੀ। ਭਾਜਪਾ ਨੂੰ ਗੁਮਾਨ ਸੀ ਕਿ ਪਾਸਵਾਨ ਅਤੇ ਮਾਂਝੀ ਦੇ ਹੁੰਦਿਆਂ ਉਸਨੂੰ ਦਲਿਤ ਵੋਟ ਦੀ ਕੋਈ ਚਿੰਤਾ ਨਹੀਂ। ਇਹ ਆਪਣੇ ਆਗੂਆਂ ਨੂੰ ਪਿੱਛਾ ਨਹੀਂ ਦੇਣਗੇ।ਇਸ ਲਈ ਉਸਨੇ ਉੱਚ ਜਾਤੀਆਂ ਦੀ ਵੋਟ ਜਿੱਤਣ ਲਈ ਆਪਣੇ ਆਕਾ ਆਰ. ਐਸ. ਐਸ. ਤੋਂ ਰਾਖਵਾਂਕਰਨ ਵਿਰੋਧੀ ਬਿਆਨ ਦਿਵਾ ਦਿੱਤਾ। ਪਰ ਉਸਦੇ ਵਿਰੁੱਧ ਲਾਲੂ ਪ੍ਰਸਾਦ ਨੇ ਡੱਟ ਕੇ ਬਿਆਨ ਦੇ ਦਿੱਤਾ। ਫਿਰ ਕਾਂਗਰਸ ਨੇ ਵੀ ਦੇ ਦਿੱਤਾ। ਭਾਜਪਾ ਵੀ ਬਾਅਦ ਵਿਚ ਬਹੁਤ ਸਫਾਈਆਂ ਦਿੰਦੀ ਰਹੀ ਪਰ ਤੀਰ ਕਮਾਨੋਂ ਛੁਟ ਚੁੱਕਾ ਸੀ ਅਤੇ ਬਿੱਲੀ ਥੈਲੇ ਤੋਂ ਬਾਹਰ ਆ ਚੁੱਕੀ ਸੀ। ਦਲਿਤਾਂ ਨੇ ਆਪਣੇ ਆਗੂਆਂ ਨੂੰ ਗਦਾਰ ਸਮਝ ਕੇ ਮੂੰਹ ਨਾ ਲਾਇਆ ਅਤੇ ਮਹਾਂਗੱਠਜੋੜ ਨਾਲ ਜਾ ਖੜ੍ਹੇ। ਨਤੀਜੇ ਵਜੋਂ ਪਾਸਵਾਨ ਨੂੰ ਆਪਣੀ ਪਾਰਟੀ ਦੀਆਂ 41 ਸੀਟਾਂ ਵਿਚੋਂ ਦੋ ਸੀਟਾਂ ਮਿਲੀਆਂ ਅਤੇ ਮਾਂਝੀ ਨੂੰ 21 ਵਿਚੋਂ ਸਿਰਫ ਆਪਣੀ ਹੀ ਇਕ ਸੀਟ ਮਿਲੀ। ਮਾਂਝੀ ਆਪਣੀ ਦੂਜੀ ਨਿੱਜੀ ਸੀਟ ਵੀ ਹਾਰ ਗਿਆ।



ਭਾਜਪਾ ਨੇ ਦੋ ਮਹੀਨੇ ਦਿਨ ਰਾਤ ਇਕ ਕਰੀ ਰੱਖਿਆ। ਉਸਦੇ ਸਾਰੇ ਕੇਂਦਰੀ ਵਜ਼ੀਰ ਦਫਤਰਾਂ ਨੂੰ ਤਾਲੇ ਮਾਰ ਕੇ ਬਿਹਾਰ ਵਿਚ ਡੇਰੇ ਲਾ ਕੇ ਬੈਠੇ ਸਨ। ਕਿਸੇ ਵੀ ਪ੍ਰਧਾਨ ਮੰਤਰੀ ਨੇ ਅੱਜ ਤੱਕ ਕਿਸੇ ਰਾਜ ਦੀਆਂ ਚੋਣਾਂ ਵਿਚ ਇੰਨੀਆਂ ਜਨਤਕ ਰੈਲੀਆਂ ਨਹੀਂ ਕੀਤੀਆਂ ਹੋਣੀਆਂ। ਪ੍ਰਧਾਨ ਮੰਤਰੀ ਮੋਦੀ ਨੇ 30 ਜਨਤਕ ਰੈਲੀਆਂ ਕੀਤੀਆਂ। ਅੱਜ ਤੱਕ ਕੋਈ ਵੀ ਪ੍ਰਧਾਨ ਮੰਤਰੀ ਆਪਣੇ ਅਹੁਦੇ ਦੀ ਗਹਿਮਾ ਤਿਆਗ ਕੇ ਇਸ ਪੱਧਰ ਤੱਕ ਨਹੀਂ ਡਿੱਗਿਆ ਕਿ ਉਸਨੂੰ ਇਕ ਆਮ ਘਟੀਆ ਛੋਟੀ ਵਰਕਰਾਂ ਦੀ ਤਰ੍ਹਾਂ ਤਾਅਨੇ ਮਿਹਣੇ ਤੇ ਗੈਰ ਮਿਆਰੀ ਸ਼ਬਦਾਂ ਦਾ ਪ੍ਰਯੋਗ ਕਰਨਾ ਪਿਆ ਹੋਵੇ। ਬਿਹਾਰ ਨੂੰ ਸਵਾ ਲੱਖ ਕਰੋੜ ਦਾ ਪੈਕੇਜ ਦੇ ਕੇ ਲਲਚਾਇਆ ਗਿਆ, ਤਰ੍ਹਾਂ ਤਰ੍ਹਾਂ ਦੇ ਸੱਚੇ-ਝੂਠੇ ਵਾਅਦੇ ਕੀਤੇ ਗਏ, ’ਵਿਕਾਸ’ ਦਾ ਚੱਲਿਆ ਕਾਰਤੂਸ ਫਿਰ ਚਲਾਇਆ ਗਿਆ, ਕਰੋੜਾਂ ਰੁਪਏ ਪ੍ਰਚਾਰ ’ਤੇ ਪਾਣੀ ਵਾਂਗ ਵਹਾਏ ਗਏ, ਅਖਬਾਰਾਂ ਅਤੇ ਚੈਨਲਾਂ ਤੋਂ ਦਿਨ ਰਾਤ ਮੋਦੀ-ਸੋਹਲੇ ਗੁਆਏ ਗਏ ਪਰ ਸ਼ਾਬਾਸ਼ੇ ਬਿਹਾਰੀ ਲੋਕਾਂ ਦੇ ਉਹ ਕਿਸੇ ਚੱਕਰ ਵਿਚ ਨਹੀਂ ਆਏ, ਕੋਈ ਲਾਲਚ ਉਹਨਾਂ ਨੂੰ ਡੁਲਾ ਨਾ ਸਕਿਆ, ਕੋਈ ਭਾਸ਼ਣ ਕਲਾਕਾਰੀ ਉਹਨਾਂ ਨੂੰ ਪੋਹ ਨਾ ਸਕੀ, ਕਿਸੇ ਵੱਡੇ ਤੋਂ ਵੱਡੇ ਵਜ਼ੀਰ ਦੀ ਆਖੀ ਗੱਲ ਉਹਨਾਂ ਦੀ ਅੱਖ ਥੱਲੇ ਨਹੀਂ ਆਈ ਤੇ ਉਹਨਾਂ ਨੇ ਉਹ ਕਰ ਦਿਖਾਇਆ, ਜਿਸਦੀਭਾਜਪਾ ਅਤੇ ਉਸਦੀ ਸਹਿਯੋਗੀ ਪਾਰਟੀਆਂਨੂੰ ਤਾਂ ਕੀ ਆਸ ਹੋਣੀ ਸੀ, ਉਹਨਾਂ ਨੂੰ ਆਪ ਵੀ ਇੰਡੀ ਕਾਮਯਾਬੀ ਦੀ ਉਮੀਦ ਨਹੀਂ ਸੀ। ਮਹਾਂਗੱਠਜੋੜ ਨੂੰ 243 ਸੀਟਾਂ ਵਿਚੋਂ 178 ਸੀਟਾਂ ਮਿਲ ਗਈਆਂ ਚਾਰ ਸੀਟਾਂ ਔਰ ਮਿਲ ਜਾਂਦੀਆਂ ਤਾਂ ਤਿੰਨ ਚੌਥਾਈ ਬਣ ਜਾਣੀਆਂ ਸਨ। ਬੀਜੇਪੀ ਨੂੰ ਸਹਿਯੋਗੀ ਪਾਰਟੀਆਂ ਸਮੇਤ 58 ਸੀਟਾਂ ਤੇ ਸਬਰ ਕਰਨਾ ਪਿਆ। ਸੱਚੀਂ ਮੁੱਚੀਂ ਬਿਹਾਰ ਨੇ ਬਾਹਰਲਿਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ। ਉਹਨਾਂ ਨੇ ਲੜਾਈ ਹੀ ਬਿਹਾਰ ਬਨਾਮ ਬਾਹਰੀ ਬਣਾਈ ਹੋਈ ਸੀ। ਇਹੀ ਉਹ ਨਤੀਜੇ ਸਨ ਜਿਹਨਾਂ ਦੇ ਆਉਣ ਨਾਲ ਬਿਹਾਰ ਅਤੇ ਬਾਕੀ ਦੇਸ਼ ਦੇ ਲੋਕਾਂ ਨੇ ਘੁਟਣ ਤੋਂ ਨਿਜਾਤ ਪਾਈ, ਆਜ਼ਾਦ ਫਿਜ਼ਾ ਵਿਚ ਸਾਹ ਲੈਣ ਦਾ ਅਹਿਸਾਸ ਹੋਇਆ, ਝੂਠ ਦੀ ਹਨੇਰੀ ਨੂੰ ਠੱਲ੍ਹ ਪਈ ਤੇ ਭਵਿੱਖ ਵਿਚ ਇਕ ਆਸ ਦੀ ਕਿਰਨ ਉਗਦੀ ਜਾਪੀ।

ਇਸ ਸਾਰੇ ਸੰਘਰਸ਼ ’ਚੋਂ ਕੁਝ ਸੁਨੇਹੇ, ਕੁਝ ਸਬਕ ਉੱਭਰ ਕੇ ਸਾਹਮਣੇ ਆਏ ਹਨ ਜੋ ਦੇਸ਼ ਦੀ ਬਾਕੀ ਜਨਤਾ ਲਈ ਇਕ ਚਾਨਣ ਮੁਨਾਰਾ ਬਣ ਸਕਦੇ ਹਨ ਕਿਉਂਕਿ ਨੇੜ ਭਵਿੱਖ ਵਿਚ ਪੰਜਾਬ, ਯੂ. ਪੀ., ਆਸਾਮ ਸਮੇਤ ਕੁਝ ਸੂਬਿਆਂ ਦੀਆਂ ਚੋਣਾਂ ਹੋਣ ਵਾਲੀਆਂ ਹਨ। ਇਹ ਦੇਸ਼ ਅਤੇ ਸਮਾਜ ਦੇ ਹਿਤ ਵਿਚ ਹੈ ਕਿ ਇਹਨਾਂ ਸੁਨੇਹਿਆਂ ਉਤੇ ਗੌਰ ਕੀਤੀ ਜਾਵੇ।

1. ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜ੍ਹ ਸਕਦੀ। ਪ੍ਰਧਾਨ ਮੰਤਰੀ ਦਾ ਵਿਕਾਸ ਦਾ ਅਤੇ ਅੱਛੇ ਦਿਨ ਲਿਆਉਣ ਦਾ ਨਾਅਰਾ ਕਾਠਦੀ ਹਾਂਡੀ ਹੋ ਨਿਬੜਿਆ, ਜੋ 2014 ਵਿਚ ਤਾਂ ਕੰਮ ਕਰ ਗਿਆ ਪਰ ਬਿਹਾਰ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ। ਸੋ ਕਾਠ ਦੀ ਹਾਂਡੀ ਨਾ ਬਣਾਈ ਜਾਵੇ ਕੋਈ ਸਾਰਥਕ ਤੇ ਸਥਿਰ ਕਿਸਮ ਦੀ ਗੱਲ ਕੀਤੀ ਜਾਵੇ ਜੋ ਲੋਕਾਂ ਦੀ ਕਚਹਿਰੀ ਵਿਚ ਵੀ ਪ੍ਰਵਾਨ ਹੋਵੇ ਅਤੇ ਧੋਖੇ ਦਾ ਸਬੱਬ ਵੀ ਨਾ ਬਣੇ। ਇਹ ਉਹਨਾਂ ਪਾਰਟੀਆਂ ਲਈ ਹੈ ਜੋ ਆਪਣੀ ਸਾਖ ਬਚਾਉਣ ਅਤੇ ਉਸਨੂੰ ਸਥਿਰ ਬਣਾਉਣ ਦੀਆਂ ਚਾਹਵਾਨ ਹਨ ਅਤੇ ਲੋਕਾਂ ਦੀ ਕਚਹਿਰੀ ਵਿਚ ਸਾਬਤ ਰਹਿਣਾ ਚਾਹੁੰਦੀਆਂ ਹਨ।

2. ਭਾਜਪਾ ਦੇ ਸਿਰ ਤੋਂ ਮੋਦੀ ਹਨੇਰੀ ਦਾ ਬੁਖਾਰ ਉਤਰ ਗਿਆ। ਭਾਜਪਾ ਹਾਲੇ ਵੀ ਅੜੀ ਹੋਈ ਸੀ ਕਿ ਮੋਦੀ ਕ੍ਰਿਸ਼ਮਾ ਬਰਕਰਾਰ ਹੈ। ਪਰ ਉਹ ਤੂਫਾਨ ਦੀ ਤਰ੍ਹਾਂ ਆਏ ਅਤੇ ਹਨੇਰੀ ਦੀ ਤਰ੍ਹਾਂ ਨਿਕਲ ਗਏ ਵਾਂਗ ਸਾਬਤ ਹੋਏ। ਇਹ ਭਾਜਪਾ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਮੋਦੀ ਦਾ ਸਮਾਂ ਵਿਹਾ ਚੁੱਕਿਆ ਹੈ। ਪਾਰਟੀ ਦੇ ਅੰਦਰੋਂ ਹੀ ਆਵਾਜ਼ਾਂ ਆਉਣ ਲੱਗ ਪਈਆਂ ਹਨ, ਹੋਰ ਕਿਸੇ ਨੇ ਕੀ ਕਹਿਣਾ ਹੈ। ਸੁਣ ਲੈਣਾ ਚਾਹੀਦਾ ਹੈ।

3. ਲੋਕਾਂ ਦੀਆਂ ਨਜ਼ਰਾਂ ਹੁਣ ਬਹੁਤ ਤੇਜ਼ ਹੋ ਗਈਆਂ ਹਨ। ਭਾਜਪਾ ਨੇ ਆਪਣਾ ਲੁਕਵਾਂ ਏਜੰਡਾ ਹਾਲੇ ਪ੍ਰਗਟ ਨਹੀਂ ਸੀ ਹੋਣਾ ਦਿੱਤਾ ਪਰ ਪਰਦੇ ਪਿੱਛੇ ਲੋਕਾਂ ਦੀਆਂ ਨਜ਼ਰਾਂ ਭਾਂਪ ਗਈਆਂ ਸਨ ਕਿ ਕੀ ਪੱਕ ਰਿਹਾ ਹੈ। ਭਾਜਪਾ ਨੂੰ ਜਿੱਤ ਤੋਂ ਝੱਟ ਬਾਅਦ ਸਬਕ ਸਿਖਾਉਣੇ ਸ਼ੁਰੂ ਹੋ ਗਏ ਸਨ ਤੇ ਇਕ ਤੋ ਬਾਅਦ ਇਕ ਸਿਖਾਉਂਦੇ ਹੀ ਰਹੇ।

4. ਲੋਕੀ ਅਨੇਕਤਾ ਵਿਚ ਏਕਤਾ ਪਸੰਦ ਕਰਦੇ ਹਨ, ਕਿਸੇ ਇਕ ਧਰਮ ਦਾ ਕਬਜਾ ਨਹੀਂ। ਭਾਰਤ ਅਨੇਕਾਂ ਧਰਮਾਂ, ਜਾਤਾਂ, ਫਿਰਕਿਆਂ ਦਾ ਦੇਸ਼ ਹੈ। ਸਾਰਿਆਂ ਨੂੰ ਬਰਾਬਰ ਧਿਆਨ ਦੇਣਾ ਪਵੇਗਾ। ਧਰਮਾਂ ਨੂੰ ਆਪਸ ਵਿਚ ਲੜਾਉਣਾ, ਉਲਝਾਉਣਾ ਅਤੇ ਰਾਜਨੀਤਿਕ ਲਾਹਾ ਲੈਣਾ ਹੁਣ ਨਹੀਂ ਚੱਲੇਗਾ। ਧਾਰਮਿਕ ਅਸਹਿਣਸ਼ੀਲਤਾ ਬੰਦ ਕਰਨੀ ਪਵੇਗੀ।

5. ਡਾ. ਅੰਬੇਦਕਰ ਦੀਆਂ ਕੋਸ਼ਿਸ਼ਾਂ ਸਦਕਾ ਜੋ ਸਦੀਆਂ ਤੋਂ ਦੁਸ਼ਵਾਰੀਆਂ ਝੱਲ ਰਹੇ ਅੱਜ ਤੱਕ ਪਹੁੰਚੇ ਐਸ. ਸੀ. ਐਸ. ਟੀ. ਅਤੇ ਓ. ਬੀ. ਸੀ. ਲੋਕ ਆਟੇ ਵਿਚ ਲੂਣ ਬਰਾਬਰ ਰਾਖਵੇਂਕਰਨ ਦੇ ਰੂਪ ਵਿਚ ਕੁਝ ਭਾਈਵਾਲੀ ਪ੍ਰਾਪਤ ਕਰ ਸਕੇ ਹਨ ਤਾਂ ਇਸਨੂੰ ਬੰਦ ਕਰਕੇ ਸੰਵਿਧਾਨ ਨਾਲ ਛੇੜਛਾੜ ਕਰਕੇ ਹੁਣ ਇਹਨਾਂ ਨੂੰ ਮੁੜ ਕੇ ਸਦੀਆਂ ਪਿੱਛੇ ਧੱਕਣ ਦੇ ਮਨਸੂਬੇ ਕਾਮਯਾਬ ਨਹੀਂ ਹੋ ਸਕਦੇ। ਹੁਣ ਕੋਈ ਲੋਭ-ਲਾਲਚ, ਡਰ-ਭੈਅ, ਧੌਂਸ ਇਹਨਾਂ ਨੂੰ ਵਰਗਲਾ ਨਹੀਂ ਸਕੇਗੀ। ਉਚੀਆਂ ਜਾਤਾਂ ਨੇ ਇਹਨਾਂ ਨੂੰ ਵੰਡ ਕੇ ਜੋ ਲਾਹਾ ਲੈਣਾ ਸੀ ਲੈ ਲਿਆ। ਹੁਣ ਇਹ ਇਹਨਾਂ ਦੀਆਂ ਪੈਦਾ ਕੀਤੀਆਂ ''ਨਿੱਕੀਆਂ ਸੁੱਕੀਆਂ'' ਜਾਤਾਂ ਵੀ ਇਕੱਠਾ ਹੋ ਕੇ ਹੱਕਾਂ ਲਈ ਲੜਨਾ ਸਿਖ ਗਈਆਂ ਹਨ।

6. ਬਿਹਾਰ ਦੀਆਂ ਚੋਣਾਂ ਦੇ ਫਤਵੇ ਤੋਂ ਬਾਕੀ ਦੇਸ਼ ਵਾਸੀਆਂ ਨੂੰ ਇਹ ਸੁਨੇਹਾ ਵੀ ਮਿਲਦਾ ਹੈ ਕਿ ਜੋ ਰਸਤਾ ਡਾ. ਅੰਬੇਡਕਰ ਨੇ ਦੇਸ਼ ਦੇ ਪੱਛੜੇ ਅਤੇ ਸਤਾਏ ਅਰਥਾਤ ਐਸ. ਸੀ., ਐਸ. ਟੀ., ਓ. ਬੀ. ਸੀ. ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਸੁਝਾਇਆ ਸੀ ਅਤੇ ਕਾਂਸ਼ੀ ਰਾਮ ਜੀ ਨੇ ਪ੍ਰਚਾਰਿਆ ਸੀ, ਉਸ ’ਤੇ ਚੱਲ ਕੇ ਹੀ ਉਹਨਾਂ ਨੂੰ ਸੱਤਾ ਪ੍ਰਾਪਤ ਹੋ ਸਕਦੀ ਹੈ ਅਤੇ ਆਪਣੀਆ ਦੁਸ਼ਵਾਰੀਆਂ ਦਾ ਅੰਤ ਕਰਨ ਦਾ ਮੌਕਾ ਪ੍ਰਾਪਤ ਹੋ ਸਕਦਾ ਹੈ। ਨਿਸ਼ਚੇ ਹੀ ਇਹ ਰਸਤਾ ਇਹਨਾਂ ਦੇ ਜਾਗਣ ਅਤੇ ਇਕੱਤਰ ਹੋਣ ਦਾ ਹੈ।

7. ਬਿਹਾਰ ਦੀ ਐਸ. ਸੀ., ਐਸ. ਟੀ. ਜਨਤਾ ਨੇ ਇਕ ਹੋਰ ਮਹੱਤਵਪੂਰਨ ਫਤਵਾ ਦਿੱਤਾ ਹੈ ਕਿ ਉਹਨਾਂ ਦੇ ਲੀਡਰ ਕਿਸੇ ਲੋਭ ਲਾਲਚ ਜਾਂ ਭੁਲੇਖੇ ਅਧੀਨ ਉਹਨਾਂ ਦੀ ਦੁਸ਼ਮਣ ਪਾਰਟੀ ਦੀ ਝੋਲੀ ਪੈ ਸਕਦੇ ਹਨ ਪਰ ਉਹ ਦੋਗਲੇ ਚਿਹਰੇ ਨੂੰ ਚੰਗੀ ਤਰ੍ਹਾਂ ਪਛਾਣ ਗਏ ਹਨ ਅਤੇ ਕਦੇ ਵੀ ਭੁਲੇਖਾ ਨਹੀਂ ਖਾਣਗੇ। ਇਸੇ ਲਈ ਬਿਹਾਰ ਦੇ ਉਘੇ ਦਲਿਤ ਆਗੂ ਰਾਮ ਵਿਲਾਸ ਪਾਸਵਾਨ ਅਤੇ ਜੀਤਨ ਰਾਮ ਮਾਂਝੀ ਆਪਣੀ ਆਪਣੀ ਬਣਾਈ ਪਾਰਟੀ ਵਿਚੋਂ ਆਪਣੀ ਹੀ ਸੀਟ ਮਸਾਂ ਬਚਾ ਸਕੇ ਹਨ। ਪਾਸਵਾਨ ਦੀ ਪਾਰਟੀ ਨੇ 41 ਵਿਚੋਂ ਦੋ ਜਿੱਤੀਆਂ ਅਤੇ ਮਾਂਝੀ ਨੇ 21 ਵਿਚੋਂ ਸਿਰਫ ਇਕ ਆਪਣੀ ਹੀ ਸੀਟ ਬਚਾਈ। ਇਹ ਕੰਮ ਧੰਨਵਾਦ ਸਹਿਤ ਆਰ. ਐਸ. ਐਸ. ਦੇ ਕਰਤਾ ਧਰਤਾ ਸ੍ਰੀਮਾਨ ਮੋਹਨ ਭਾਗਵਤ ਜੀ ਨੇ ਬੜੀ ਆਸਾਨੀ ਨਾਲ ਕਰਵਾ ਦਿੱਤਾ। ਉਹਨਾਂ ਨੇ ਰਾਖਵਾਂਕਰਨ ਵਿਰੋਧੀ ਬਿਆਨ ਦਿੱਤਾ ਤਾਂ ਐਸ. ਸੀ. ਐਸ. ਟੀ. ਆਪਣੇ ਆਪ ਨੂੰ ਲਾਵਾਰਸ ਮਹਿਸੂਸ ਕਰਨ ਲੱਗੇ। ਓ. ਬੀ. ਸੀ. ਦੇ ਨੇਤਾ ਲਾਲੂ ਪ੍ਰਸਾਦ ਅਤੇ ਨਿਤੀਸ਼ ਕੁਮਾਰ ਓ. ਬੀ. ਸੀ. ਦੀ ਅਗਵਾਈ ਕਰ ਹੀ ਰਹੇ ਸਨ। ਪਰ ਜਦੋਂ ਲਾਲੂ ਪ੍ਰਸਾਦ ਨੇ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਦੇ ਰਾਖਵੇਂਕਰਨ ਨੂੰ ਛੇੜਨ ਵਿਰੁੱਧ ਤਾੜਨਾ ਕੀਤੀ ਤਾਂ ਐਸ. ਸੀ. ਐਸ. ਟੀ. ਦਾ ਪੂਰਾ ਝੁਕਾਅ ਲਾਲੂ ਪ੍ਰਸਾਦ ਵੱਲ ਹੋ ਗਿਆ। ਨਤੀਜੇ ਵਜੋਂ ਪਾਸਵਾਨ ਅਤੇ ਮਾਂਝੀ ਆਪਣੀ ਆਪਣੀ ਸੀਟ ਲੈ ਕੇ ਖਲੋਤੇ ਰਹਿ ਗਏ। ਨਤੀਜੇ ਵਜੋਂ ਪਾਸਵਾਨ ਅਤੇ ਮਾਂਝੀ ਆਪਣੀ-ਆਪਣੀ ਸੀਟ ਲੈ ਕੇ ਖਲੋਤੇ ਰਹਿ ਗਏ। ਜਾਪਦਾ ਹੈ ਐਸ. ਸੀ. ਐਸ. ਟੀ. ਹੁਣ ਆਪਣੀ ਨਵੀਂ ਲੀਡਰਸ਼ਿਪ ਉਭਾਰੇਗੀ ਜੋ ਭਾਜਪਾ ਦੀ ਝੋਲੀ ਚੁੱਕ ਨਾ ਹੋਵੇ। ਜਾਂ ਫਿਰ ਲਾਲੂ ਪ੍ਰਸਾਦ ਨੂੰ ਆਪਣਾ ਆਗੂ ਮੰਨ ਲਵੇਗੀ।

8. ਬਸਪਾ ਨੇ ਇਹਨਾਂ ਚੋਣਾਂ ਵਿਚ ਆਪਣੀ ਵੱਖਰੀ ਹਸਤੀ ਹੀ ਰੱਖੀ। ਜੇ ਉਹ ਵੀ ਮਹਾਂਗੱਠਜੋੜ ਵਿਚ ਸ਼ਾਮਲ ਹੋ ਜਾਂਦੀ ਤਾਂ ਨਿਸਚੇ ਹੀ ਭਾਜਪਾ ਨੂੰ ਦਿੱਲੀ ਵਾਲੀ ਸਥਿਤੀ ਦਾ ਮੂੰਹ ਵੇਖਣਾ ਪੈਂਦਾ ਤੇ ਨਾਲ ਹੀ ਬਸਪਾ ਨੂੰ ਵੀ ਲਾਭ ਹੁੰਦਾ। ਸ਼ਾਇਦ ਉਹ ਕਾਂਸ਼ੀ ਰਾਮ ਦੇ ਕਥਨ ਨੂੰ ਭੁੱਲ ਗਈ ਕਿ ਵੱਡੇ ਜ਼ਹਿਰੀ ਨਾਗਨਾਥ ਨੂੰ ਮਾਰਨ ਲਈ ਛੋਟੇ ਛੋਟੇ ਸੱਪਾਂ ਨਾਲ ਮੇਲਜੋਲ ਕਰ ਲੈਣਾ ਚਾਹੀਦਾ ਹੈ। ਇਹ ਤਜਰਬਾ ਉਹ ਯੂ. ਪੀ. ਵਿਚ ਮੁਲਾਇਮ ਸਿੰਘ ਯਾਦਵ ਅਤੇ ਭਾਜਪਾ ਨਾਲ ਮਿਲ ਕੇ ਕਰ ਚੁੱਕੀ ਹੈ। ਇਸ ਤੋਂ ਬਾਅਦ ਹੀ ਆਜ਼ਾਦ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ ਸੀ। ਖੈਰ ਉਹ ਭਵਿੱਖ ਵਿਚ ਸੋਚ ਲਵੇ।

9. ਲਾਲੂ ਤੇ ਨਿਤੀਸ਼ ਲਈ ਸਬਕ ਹੈ ਕਿ ਜੇ ਉਹਨਾਂ ਨੇ ਐਸ. ਸੀ., ਐਸ. ਟੀ. ਨੂੰ ਪਿੱਠ ਦਿਖਾਈ ਅਤੇ ਇਹਨਾਂ ਉਤੇ ਓ. ਬੀ. ਸੀ. ਦਾ ਦਬਦਬਾ ਬਣਾ ਕੇ ਬ੍ਰਾਹਮਣਵਾਦੀ ਕਿਰਦਾਰ ਨਿਭਾਇਆ ਤਾਂ ਉਹ ਆਪਣੇ ਦੇਸ਼ ਪੱਧਰ ’ਤੇ ਬਣਾਏ ਮਨਸੂਬਿਆਂ ਵਿਚ ਕਦੇ ਵੀ ਕਾਮਯਾਬ ਨਹੀਂ ਹੋ ਸਕਣਗੇ।

# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਲਾਮ

**ਜਲੰਧਰ-** ਮੁਲਕ ਦੇ ਆਜ਼ਾਦੀ ਸੰਗਰਾਮ ਅੰਦਰ ਵਿਲੱਖਣ ਮੁਕਾਮ ਸਿਰਜਣ ਵਾਲੀ ਗ਼ਦਰ ਲਹਿਰ ਆਪਣੀ ਬੁੱਕਲ ਅੰਦਰ ਸੌ ਵਰ੍ਹੇ ਪਹਿਲਾਂ ਸ਼ਹਾਦਤਾਂ ਦਾ ਸ਼ਾਨਾਮੱਤਾ ਇਤਿਹਾਸ ਸੰਭਾਲੀ ਬੈਠੀ ਹੈ। ਸੈਕੜੇ ਗ਼ਦਰੀਆਂ ਦੀਆਂ ਸ਼ਹੀਦੀਆਂ, ਕਾਲੇ ਪਾਣੀ ਦੀਆਂ ਅਣਮਨੁੱਖੀ ਸਜ਼ਾਵਾਂ, ਉਮਰ ਕੈਦਾਂ, ਗੋਲੀਆਂ ਅਤੇ ਅਥਾਹ ਕੁਰਬਾਨੀਆਂ ਦੀ ਗੌਰਵਮਈ ਲੜੀ ਵਿਚ 16 ਨਵੰਬਰ 1915 ਦਾ ਦਿਹਾੜਾ ਅਭੁੱਲ ਸਥਾਨ ਰੱਖਦਾ ਹੈ। ਇਹ ਦਿਹਾੜਾ ਚੁਫ਼ੇਰੇ ਫੈਲਿਆ ਹਨੇਰਾ ਦੂਰ ਕਰਨ ਲਈ ਚਾਨਣ ਦੀ ਫਸਲ ਬੀਜਣ ਵਾਸਤੇ ਉਹਨਾਂ ਦੇ ਹਕੀਕੀ ਵਾਰਸਾਂ ਨੂੰ ਜ਼ੋਰਦਾਰ ਆਵਾਜ਼ਾਂ ਮਾਰ ਰਿਹਾ ਹੈ।

ਇਹ ਸ਼ਬਦ ਅੱਜ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ (ਵੱਡਾ) ਗਿੱਲਵਾਲੀ, ਸੁਰੈਣ ਸਿੰਘ (ਛੋਟਾ) ਗਿੱਲਵਾਲੀ, ਬਖਸ਼ੀਸ ਸਿੰਘ ਗਿੱਲਵਾਲੀ, ਹਰਨਾਮ ਸਿੰਘ ਸਿਆਲਕੋਟੀ ਅਤੇ ਜਗਤ ਸਿੰਘ ਸੁਰ ਸਿੰਘ ਦੇ 100ਵੇਂ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਨੂੰ ਫੁੱਲ-ਮਾਲਾ ਅਰਪਤ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਹੇ।



ਉਹਨਾਂ ਨੇ ਵਿਸ਼ੇਸ਼ ਤੌਰ ’ਤੇ ਪੰਜਾਬ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬੀ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਵੰਨ-ਸੁਵੰਨੀਆਂ ਤਾਕਤਾਂ ਦੇ ਕੋਝੇ ਮਨਸੂਬਿਆਂ ਤੋਂ ਚੌਕੰਨੇ ਰਹਿੰਦੇ ਹੋਏ ਆਪਣੇ ਲੋਕ-ਮਸਲਿਆਂ ਲਈ ਸਾਂਝੇ ਲੋਕ ਸੰਗਰਾਮ ਉਪਰ ਡਟਕੇ ਅਗੇ ਵਧਣ। ਉਹਨਾਂ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਸੌਦਾਗਰਾਂ, ਲੋਕ-ਵਿਰੋਧੀ ਸਭਿਆਚਾਰ ਦੇ ਵਣਜਾਰਿਆਂ, ਮੁਲਕ ਨੂੰ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹੱਥਾਂ ’ਚ ਵੇਚਣ, ਵਿਚਾਰਾਂ ਦੇ ਪ੍ਰਗਟਾਵੇਂ ਦੀ ਆਜ਼ਾਦੀ ਉਪਰ ਝਪਟਣ ਵਾਲਿਆਂ ਖਿਲਾਫ਼, ਸ਼ਹੀਦਾਂ ਦੀ ਸਾਂਝੀ ਵਿਰਾਸਤ ਉਪਰ ਸਦਾ ਸਫ਼ਰ ’ਤੇ ਰਹਿਣ ਦੀ ਸੋਚ ਉਪਰ ਦ੍ਰਿੜ ਰਹਿਣ ਦਾ ਸੱਦਾ ਦਿੱਤਾ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਗੁਰਮੀਤ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ, ਰਣਜੀਤ ਸਿੰਘ ਔਲਖ, ਦੇਵ ਰਾਜ ਨਯੀਅਰ ਤੋਂ ਇਲਾਵਾ ਬਲਵਿੰਦਰ ਕੌਰ ਬਾਂਸਲ, ਗੁਰਦੀਪ ਸਿੰਘ, ਸ਼ਾਮ ਲਾਲ, ਭੁਵਨ, ਚਰਨਜੀਤ ਸਿੰਘ ਬਰਾੜ (ਚੋਹਲਾ ਸਾਹਿਬ) ਆਦਿ ਨੇ ਵੀ ਸ਼ਹੀਦਾਂ ਦੀਆਂ ਤਸਵੀਰਾਂ ਅੱਗੇ ਫੁੱਲ ਭੇਟ ਕੀਤੇ।

**ਅਮੋਲਕ ਸਿੰਘ, 94170 76735**
**ਕਨਵੀਨਰ, ਸਭਿਆਚਾਰਕ ਵਿੰਗ**
**ਦੇਸ਼ ਭਗਤ ਯਾਦਗਾਰ ਹਾਲ, ਜਲੰਧਰ**

# ਦੇਸ਼ ਦੁਆਬਾ (ਯੂ. ਐਸ. ਏ.) ਦੀ ਹਿੰਮਤ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਅਜੇ ਬਹੁਤਾ ਸਮਾਂ ਨਹੀਂ ਹੋਇਆ ਜਦੋਂ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨਾਲ ਮੇਰਾ ਸੰਪਰਕ ਹੋਇਆ। ਹਾਲਾਂਕਿ ਅਸੀਂ ਇਕ ਦੂਜੇ ਨੂੰ ਜਾਣਦੇ ਹਾਂ ਪ੍ਰੰਤੂ ਲੰਮੇ ਸਮੇਂ ਤੌਂ ਕਿਸੇ ਸੰਪਰਕ ਵਿਚ ਨਹੀਂ ਰਹੇ ਸਾਂ। ਕਦੀ ਕਦੀ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਦੀ ਖਬਰ ਜ਼ਰੂਰ ਪਹੁੰਚਦੀ ਸੀ। ਫਿਰ ਸਾਡਾ ਤਾਲਮੇਲ ਹੋਇਆ, ਚਰਚਾ ਹੋਈ ਤੇ ਮੈਂ ਆਪਣੀਆਂ ਰਚਨਾਵਾਂ ਭੇਜਣ ਦਾ ਵਾਅਦਾ ਕੀਤਾ ਜੋ ਪਿਛਲੇ ਦੋ ਤਿੰਨ ਮਹੀਨੇ ਤੋਂ ਛਪਣੀਆਂ ਸ਼ੁਰੂ ਹੋਈਆ ਹਨ। ਫਤਿਹ ਜੰਗ ਸਿੰਘ ਚੰਡੀਗੜ੍ਹ ਰਾਹੀਂ ਮੁੜ ਤੋਂ ਚਾਲੂ ਹੋਇਆ। ਸਾਡਾ ਤਾਲਮੇਲ ਵਿਚਾਰਧਾਰਾ ਦੀਆਂ ਸਰਗਰਮੀਆਂ ਵਿਚ ਵੱਟ ਗਿਆ। ਤੇ ਮੈਂ ਹੁਣ ਹਰ ਪਰਚੇ ਲਈ ਇਕ ਰਚਨਾ ਭੇਜ ਦਿੰਦਾ ਹਾਂ। ਜੋ ਛਪਦੀ ਹੈ। ਇਸਦਾ ਯੂ. ਐਸ. ਏ. ਦੇ ਪਾਠਕਾਂ ਤੇ ਕੀ ਅਸਰ ਹੈ? ਕੈਲੇਫੋਰਨੀਆ ਤੋਂ ਆਏ ਇਕ ਜੱਟ/ਸਿੱਖ ਭਰਾ ਦੇ ਫੋਨ ਤੇ ਜੋ ਚਰਚਾ ਹੋਈ ਉਹ ਬਹੁਤਾ ਹੌਸਲਾ ਵਧਾਉਣ ਵਾਲੀ ਸੀ। ਉਸ ਤੋਂ ਬਾਅਦ ਤਰਲੋਚਨ ਸਿੰਘ ਦੁਪਾਲਪੁਰ ਜੀ ਦੇ ਰਚਨਾ ਸਬੰਧੀ ਚੰਗੇ ਖਿਆਲ ਪੜ੍ਹੇ। ਭਾਵੇਂ ਇਹ ਜ਼ਰੂਰੀ ਨਹੀਂ ਕਿ ਸਾਰੇ ਹਿਸੇ ਤਰ੍ਹਾਂ ਸੋਚਦੇ ਹੋਣਗੇ। ਫਿਰ ਵੀ ਜੋ ਸਹੀ ਪ੍ਰਸੰਗ ਵਿਚ ਗੱਲ ਨੂੰ ਸਮਝਦੇ ਹਨ, ਉਹਨਾਂ ਤੋਂ ਹੋਰ ਚੰਗਾ ਕਰਨ ਦੀ ਪ੍ਰੇਰਨਾ ਜ਼ਰੂਰ ਮਿਲਦੀ ਹੈ। ਹੁਣ ਅੱਜ ਮੈਂ ਬਿਹਾਰ ਚੋਣਾਂ? ਹਿੰਦੁਸਤਾਨ ਬਨਾਮ ਭਾਰਤ ਯੁੱਧ, ਵਿਸ਼ੇਸ਼ ਪੜਚੋਲਗੀ ਰਚਨਾ ਅਗਲੇ ਅੰਕ ਲਈ ਭੇਜੀ ਹੈ।

ਮੈਂ ਪ੍ਰੇਮ ਚੁੰਬਰ ਹੋਰਾਂ ਦਾ ਬਹੁਤ ਧੰਨਵਾਦੀ ਵੀ ਹਾਂ ਕਿ ਉਹਨਾਂ ਨੇ ਮੇਰੀਆਂ ਲਿਖਤਾਂ ਵੱਲ ਖਾਸ ਧਿਆਨ ਦਿੱਤਾ ਹੈ। ਜਿਸਦਾ ਸਮਾਜਿਕ ਲਾਭ ਤਾਂ ਤਹਿ ਹੈ। ਮੈਂ ਪਾਠਕਾਂ ਨੂੰ ਵੀ ਧੰਨਵਾਦ ਭੇਜਦਾ ਹਾਂ। ਜੋ ਪੜ੍ਹ ਕੇ ਮੇਰੀ ਰਚਨਾ ਦਾ ਚੰਗਾ-ਮਾੜਾ ਪੱਖ ਸਮਝਣ ਦਾ ਯਤਨ ਕਰਦੇ ਹਨ। ਬੇਸ਼ੱਕ ਮੇਰਾ ਆਪਣਾ ਪਰਚਾ ਬੇਗਮ-ਸ਼ਹਿਰ ਵੀ 16 ਸਾਲ ਤੋਂ ਨਿਰਵਿਘਨ ਛਪ ਰਿਹਾ ਹੈ। ਅੰਤ ਵਿਚ ਮੈਂ ਦੇਸ਼ ਦੁਆਬਾ ਲਈ ਆਪਣੀਆਂ ਸ਼ੁਭ ਕਾਮਨਾਵਾਂ ਭੇਜਦਾ ਹੋਇਆ, ਲੰਬਾ ਸਾਥ ਦੇਣ ਦਾ ਵਾਅਦਾ ਕਰਦਾ ਹਾਂ।

ਮੇਰਾ ਬਹੁਤ ਲੰਬੇ ਸਮੇਂ ਤੋਂ ਸਿੱਖ ਸਮਾਜ ਦੀ ਬ੍ਰਾਹਮਣੀ ਸੋਚ ਸਮਝ ਦੀ ਸਮੱਸਿਆ ਨਿੱਗਰ ਵਿਸ਼ਾ ਰਿਹਾ ਹੈ। ਇਕ ਤਾਂ ਮੇਰਾ ਬਤੌਰ ਸਿੱਖ ਜਨਮ ਹੋਇਆ ਹੈ। ਦੂਜਾ ਮੈਂ ਇਕ ਅਛੂਤ ਸਿੱਖ ਪਰਿਵਾਰ ਵਿਚੋਂ ਹਾਂ। ਤੀਜਾ ਮੈਨੂੰ ਭਾਰਤ ਦੇ ਗਣਰਾਜੀ ਸੰਵਿਧਾਨ ਦੀ ਵਿਵਸਥਾ ਕਾਰਨ ਪੜ੍ਹਨ ਦਾ ਹੀ ਮੌਕਾ ਨਹੀਂ ਮਿਲਿਆ, ਸਗੋਂ ਸੰਵਿਧਾਨ ਵਿਵਸਥਾਨੇ ਬ੍ਰਾਹਮਣੀ ਜਕੜ ਬੰਦ ਤੋੜ ਕੇ ਸਾਨੂੰ ਦੇਸ਼ ਦੀ ਕਰੀਬ 90 ਕਰੋੜ ਆਬਾਦੀ ਨੂੰ ਬਰਾਬਰ ਹੋਣ ਦਾ ਮਨੁੱਖੀ ਅਧਿਕਾਰ ਹਜ਼ਾਰਾਂ ਸਾਲਾਂ ਬਾਅਦ ਮਿਲਿਆ ਹੈ। ਜੋ ਅਧਿਕਾਰ 1699 ਦੀ ਵਿਸਾਖੀ ਨੂੰ ਐਲਾਨ ਕੀਤੇ ਗਏ ਤੇ ਅਮਲ ਵਿਚ ਪਾਏ ਗਏ।

ਬਹੁਤੇ ਸਿੱਖਾਂ ਅਤੇ ਅੰਬੇਡਕਰੀਆਂ ਨੂੰ ਵੀ ਇਹ ਜਾਣਕਾਰੀ ਨਹੀਂ ਕਿ ਅੰਬੇਡਕਰ ਨੇ 14 ਅਕਤੂਬਰ 1956 ਨੂੰ ਜੋ ਬਾਈ ਪ੍ਰਤੀਗਿਆਵਾਂ ਲਈਆਂ ਉਹ ਗੁਰੂ ਗ੍ਰੰਥ ਅਤੇ ਗੁਰੂ ਗੋਬਿੰਦ ਸਿੰਘ ਦੇ ਬਚਨਾਂ ਵਿਚ ਹੂਬਹੂ ਦਰਜ ਹਨ। ਜਿਸ ਅਧੀਨ ਮੈਂ ਸਮਾਜੀ ਹੋਣੀਆ ਦਾ ਜ਼ਿਕਰ ਕਰਦਾ ਹਾਂ। ਜਿਸਨੂੰ 'ਦੇਸ਼ ਦੁਆਬਾ' ਛਾਪਦਾ ਹੈ। ਛਾਪਣ ਦਾ ਇਕ ਹੀ ਅਰਥ ਹੁੰਦਾ ਹੈ ਜਿਸਨੂੰ ਪੜ੍ਹਿਆ ਜਾ ਸਕਦਾ ਹੈ। ਪੜ੍ਹਿਆ ਜਾਂਦਾ ਹੈ। ਪੜ੍ਹਦਾ, ਸੁਣਦਾ, ਦੇਖਣ, ਸੁੰਘਣਾ, ਛੂਹਣਾ ਹੀ ਮਨੁੱਖੀ ਗਿਆਨ ਦੇ ਬੁਨਿਆਦੀ ਆਧਾਰ ਹਨ। ਮੇਰਾ ਯਤਨ ਹੋਵੇਗਾ ਕਿ ਮੇਰੇ ਹਰ ਪਰਚੇ ਲਈ ਰਚਨਾ ਦੇ ਸਕਾਂ, ਭਾਵੇਂ ਮੇਰੇ ਸੰਘਰਸ਼ ਵਿਚੋਂ ਬਹੁਤਾ ਸਮਾਂ ਨਾ ਵੀ ਨਿਕਲੇ, ਤਦ ਵੀ ਮੈਂ ਸਮਾਂ ਪੈਦਾ ਕਰਦਾ ਹਾਂ। ਭਾਰਤੀ ਲੋਕ ਨੀਚ ਕਿਵੇਂ ਬਣੇ, ਮੇਰੀ ਪੁਸਤਕ 30-32 ਸਾਲ ਦੀ ਖੋਜ ਅਤੇ ਸੰਘਰਸ਼ ਦਾ ਨਤੀਜਾ ਹੈ ਜੋ 9ਵੀਂ ਵਾਰ ਛਪੀ ਹੈ। ਪੰਜਾਬ ਅਤੇ ਪੰਜਾਬ ਦਾ ਇਤਿਹਾਸ ਇਸ 'ਤੇ ਕਦੀ ਨਾ ਕਦੀ ਇਸਦਾ ਮਾਣ ਕਰੇਗਾ।

ਕਈ ਲੋਕ ਸੋਚਦੇ ਹਨ ਕਿ ਮੈਂ ਵਿਰੋਧੀ ਸਾਹਿਤ ਵਿਚ ਲਿਖਦਾ ਹਾਂ। ਨਹੀਂ, ਸੱਚ ਇਹ ਹੈ ਕਿ ਜੋ ਵਿਰੋਧ ਸੀਨਾਜ਼ੋਰੀ, ਅਪਮਾਨ, ਜ਼ੁਲਮ ਤੇ ਜਬਰ ਅਸੀਂ ਸ਼ੂਦਰ ਮੂਲਵਾਸੀਆਂ ਨੇ ਹੰਢਾਇਆ ਹੈ, ਮੈਂ ਉਸੇ ਨੂੰ ਚਿਤਾਰਦਾ ਹਾਂ। ਮੈਂ ਗਾਲ ਕੱਢਦਾ ਨਹੀਂ। ਜੋ ਗਾਲ ਸਾਨੂੰ ਪੀੜ੍ਹੀ ਦਰ ਪੀੜ੍ਹੀ ਕੱਢੀ ਗਈ ਹੈ, ਮਾਂ ਭੈਣ ਧੀਆਂ ਦਾ ਅਪਮਾਨ ਕਰਨ ਲਈ, ਉਸਦਾ ਜ਼ਿਕਰ ਕਰਦਾ ਹਾਂ। ਤੇ ਜਿਹਨਾਂ ਪੁਰਾਣਿਆਂ ਨੇ ਇਸ ਗਾਲ ਨੂੰ ਧੋਣ ਦਾ ਯਤਨ ਕੀਤਾ, ਸੰਘਰਸ਼ ਕੀਤਾ, ਜਾਨਾਂ ਵਾਰੀਆਂ, ਉਹਨਾ ਦਾ ਇਤਿਹਾਸ ਵਰਣਨ ਕਰਦਾ ਹਾਂ।

ਇਹ ਦੱਸ ਕੇ ਕਿ ਉਹਨਾਂ ਉਹ ਸਭ ਕੀਤਾ ਤਾਂ ਕਿਉਂ ਕੀਤਾ। ਕੀ ਕਾਰਨ ਸਨ। ਕੀ ਉਦੇਸ਼ ਸੀ। ਇਹ ਮੇਰੇ ਚਿੰਤਨ ਦੀ ਦ੍ਰਿਸ਼ਟੀ ਹੈ। ਜਿਸਨੂੰ ਲਿਖਣਾ ਆਸਾਨ ਹੈ। ਛਾਪਣਾ ਬਹੁਤ ਔਖਾ ਹੈ। ਗੁਰੂ ਅਰਜਨ ਜੀ ਤੱਕ ਬਾਣੀ 400 ਸਾਲ ਤੱਕ ਲਿਖੀ ਜਾਂਦੀ ਰਹੀ। ਪ੍ਰੰਤੂ ਜਿਉਂ ਹੀ ਉਸਨੂੰ ਛਾਪ ਦਿੱਤਾ ਗਿਆ, ਉਸੇ ਨੇ ਗੁਰੂ ਜੀ ਦੀ ਬਲੀ ਲੈ ਲਈ। ਕਿਉਂਕਿ ਹੁਣ ਲੋਕਤੰਤਰ ਹੈ, ਗਣਤੰਤਰ ਹੈ।

ਕਹਿਣਾ ਲਿਖਣਾ ਮੌਲਿਕ ਅਧਿਕਾਰ ਹੈ, ਇਸ ਕਰਕੇ ਮੇਰੇ ਵਰਗਾ 'ਪਿੰਦੀ ਬੰਦਾ' ਵੀ ਹਿੰਮਤ ਕਰ ਲੈਂਦਾ ਹੈ। ਤੇ ਦੇਸ਼ ਦੁਆਬਾ ਦੇ ਸੰਪਾਦਕ ਜੋ ਮੇਰੇ ਵਾਂਗ ਅਛੂਤ ਹੀ ਹੈ, ਵੀ ਹੌਸਲਾ ਜੋੜ ਲੈਂਦਾ ਹੈ।

ਵੀਰ ਹਰਦਿਆਲ ਸਿੰਘ ਨੇ ਮੇਰੀ ਰੂਹ ਦੀ ਭਾਵਨਾ ਨਾਲ ਦਿਲ ਤੋਂ ਜੋ ਇਨਸਾਫ ਕੀਤਾ ਹੈ ਇੰਜ ਕਦੀ ਹੀ ਹੋਇਆ ਹੈ। ਉਹਨਾ ਦਾ ਧੰਨਵਾਦ ਕਰਦਾ ਹਾਂ। ਮੈਂ ਤੀਹ ਸਾਲ ਤੋਂ ਇਹ ਸੱਚ ਲਿਖ ਰਿਹਾ ਹਾਂ, ਲਿਖਦਾ ਰਹੂੰਗਾ। ਦੇਸ਼ ਦੁਆਬਾ ਦੇ ਸੰਪਾਦਕ ਦਾ ਵੀ ਸ਼ੁਕਰੀਆ ਜਿੰਨਾ ਮੇਰੇ ਖਿਆਲ ਅਜੇਹੇ ਸੱਜਣਾਂ ਪਾਸ ਪੱਜਦੇ ਕੀਤੇ ਹਨ।

# ਦਲਿਤਾਂ 'ਤੇ ਅੱਤਿਆਚਾਰਾਂ ਤੇ ਅਪਮਾਨ ਦਾ ਕਾਰਨ ਅਯੋਗ ਲੀਡਰਸ਼ਿਪ



ਐਸ ਐਲ ਵਿਰਦੀ
ਐਡਵੋਕੇਟ
98145 17499

ਪਿੱਛਲੇ ਦਿਨੀ ਹਰਿਆਣਾ ਦੇ ਫਰੀਦਾਬਾਦ ਵਿਖੇ ਸੁਨਪੇੜ ਪਿੰਡ ਵਿੱਚ ਦੋ ਮਸੂਮ ਦਲਿਤ ਬੱਚਿਆਂ ਨੂੰ ਜਿੰਦਾ ਸਾੜਨ ਦੀ ਘਟਨਾ 'ਤੇ ਪ੍ਰਤੀਕਰਮ ਦਿੰਦਿਆਂ ਕੇਂਦਰੀ ਮੰਤਰੀ ਰਿਟਾਇਰਡ ਜਨਰਲ ਵੀ. ਕੇ. ਸਿੰਘ ਨੇ ਕਿਹਾ,"ਕੋਈ ਕੁੱਤੇ ਨੂੰ ਵੀ ਪੱਥਰ ਮਾਰੇ ਤਾਂ ਇਸ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।'' ਮਨੂੰਵਾਦੀ ਵੀ. ਕੇ. ਸਿੰਘ ਦੀ ਨਜ਼ਰ 'ਚ ਅਜ਼ਾਦੀ ਦੇ 68 ਸਾਲ ਬਾਅਦ ਵੀ ਦਲਿਤ ਕੁੱਤੇ ਬਿੱਲੇ ਹਨ। ਇਸ ਅਣਮਨੁੱਖੀ ਘਟਨਾਘਟਨਾ ਦਾ ਸੰਖੇਪ ਇਹ ਹੈ ਕਿ ਸੁਨਪੇੜ ਪਿੰਡ ਵਿਚ ਸੋਮਵਾਰ ਤੜਕੇ ਇੱਕ ਦਲਿਤ ਪਰਿਵਾਰ ਨਾਲ ਰੰਜਿਸ਼ ਦੇ ਚਲਦਿਆਂ ਕਿਸੇ ਨੇ ਦਲਿਤ ਪਰਿਵਾਰ ਦੇ ਘਰ ਨੂੰ ਅੱਗ ਲਾ ਦਿੱਤੀ। ਅੱਗ 'ਚ ਝੁਲਸ ਕੇ ਇੱਕ ਢਾਈ ਸਾਲ ਦੇ ਬੱਚੇ ਤੇ ਇੱਕ ਗਿਆਰਾਂ ਮਹੀਨੇ ਦੀ ਬੱਚੀ ਦੀ ਮੌਤ ਹੋ ਗਈ, ਜਦੋਂ ਕਿ ਬੱਚਿਆਂ ਦੀ ਮਾਂ ਜੀਵਨ-ਮੌਤ ਲਈ ਸੰਘਰਸ਼ ਕਰ ਰਹੀ ਹੈ। ਹਰਿਆਣਾ ਸਰਕਾਰ ਵੱਲੋਂ ਇਸ ਮਾਮਲੇ ਦੀ ਸੁਣਵਾਈ ਲਈ ਵਿਸ਼ੇਸ਼ ਪੜਤਾਲੀਆ ਟੀਮ ਦਾ ਗਠਿਨ ਕਰਦਿਆਂ ਇਸ ਕੇਸ ਨੂੰ ਸੀ.ਬੀ.ਆਈ ਦੇ ਸਪੁਰਦ ਕਰ ਦਿੱਤਾ ਗਿਆ ਹੈ।

ਹਰਿਆਣਾ ਵਿੱਚ ਇੱਹ ਕੋਈ ਪਹਿਲੀ ਘਟਨਾ ਨਹੀਂ ਹੈ। ਕਰਨਾਲ ਜ਼ਿਲ੍ਹੇ ਦੇ ਸਾਲਵਾਨ ਪਿੰਡ ਵਿੱਚ ਰਾਜਪੂਤਾਂ ਨੇ ਦਲਿਤਾਂ ਦੇ 200 ਘਰ ਸਾੜ ਦਿੱਤੇ। ਕੈਥਲ, ਨਜ਼ਦੀਕ ਪੈਂਦੇ ਪਿੰਡ ਹਰਸੌਲਾ ਦੇ 200 ਦਲਿਤ ਪਰਿਵਾਰਾਂ ਨੂੰ ਉਹਨਾਂ ਦੇ 800 ਸਾਲਾਂ ਦੇ ਜੱਦੀ ਪਿੰਡ ਵਿੱਚੋਂ ਕੁੱਟ ਮਾਰ ਕਰਕੇ ਉਜਾੜ ਦਿੱਤਾ ਗਿਆ। ਝੱਜ਼ਰ ਜਿਲੇ ਦੇ ਦੁਲੀਨਾ ਪਿੰਡ ਵਿੱਚ ਉੱਚ ਜਾਤੀਆਂ ਵੱਲੋਂ ਦਲਿਤਾਂ 'ਤੇ ਗਾਂ ਨੂੰ ਮਾਰਨ ਦਾ ਝੂਠਾ ਇਲਜ਼ਾਮ ਲਾ ਕੇ ਪੰਜ ਦਲਿਤਾਂ ਨੂੰ ਕੋਹ ਕੋਹ ਕੇ ਮਾਰ ਦਿੱਤਾ ਗਿਆ। ਉਹਨਾਂ ਦੀਆਂ ਅੱਖਾਂ ਕੱਢ ਲਾਸ਼ਾਂ ਨੂੰ ਅਪਛਾਨਣ ਯੋਗ ਬਣਾ ਦਿੱਤਾ ਗਿਆ।

ਹਰਿਆਣਾ ਦੀਆਂ ਖਾਪ ਪੰਚਾਇਤਾਂ ਆਪਣੇ ਅਨਿਆਂਪੂਰਨ ਸੰਵਿਧਾਨ ਵਿਰੋਧੀ ਨਿਰਣਿਆਂ ਕਰਕੇ ਅਕਸਰ ਅਖਬਾਰਾਂ ਅਤੇ ਟੀ ਵੀ ਚੈਨਲਾਂ ਦੀਆਂ ਸੁਰਖੀਆਂ 'ਚ ਰਹਿੰਦੀਆਂ ਹਨ। ਇਹਨਾਂ ਪੰਚਾਇਤਾਂ ਦੇ ਜ਼ੁਲਮ ਦਾ ਸਭ ਤੋਂ ਵੱਧ ਸ਼ਿਕਾਰ ਵਿਆਹੇ ਜੋੜੇ, ਉਹਨਾਂ ਦੇ ਪਰਿਵਾਰ ਅਤੇ ਉਹ ਵੀ ਦਲਿਤ ਹੁੰਦੇ ਹਨ। ਹਰਿਆਣਾ ਦੀਆ ਜਾਤੀਵਾਦੀ ਖਾਪ ਪੰਚਾਇਤਾਂ ਦਾ ਕਨੂੰਨ ਨੂੰ ਠਿਠ ਸਮਝਦੇ ਹੋਏ ਨਾਗਰਿਕਾਂ ਦੇ ਸੰਵਿਧਾਨਿਕ ਅਧਿਕਾਰਾਂ ਨੂੰ ਬੇਰੋਕ-ਟੋਕ ਸੱਟ ਮਾਰਦੇ ਹੋਏ ਸਮਾਨਾਂਤਰ ਨਿਆਂਪਾਲਿਕਾ ਦੀ ਤਰ੍ਹਾਂ ਵਿਵਹਾਰ ਕਰਨਾ ਆਪਣੇ ਆਪ 'ਚ ਇੱਕ ਅਪਵਾਦ ਹੈ।

ਭਵਾਨੀ ਜ਼ਿਲ੍ਹੇ ਦੀ ਦਾਦਰੀ ਤਹਿਸੀਲ ਦੀ ਇੱਕ ਜਾਤੀਵਾਦੀ ਪੰਚਾਇਤ ਨੇ ਲਾਡਾਵਾਸ ਪਿੰਡ ਦੇ ਨਵ-ਵਿਆਹੇ ਮੁੰਡੇ ਦੇ ਪਰਿਵਾਰ ਦਾ ਨਾ ਸਿਰਫ ਸਮਾਜਿਕ ਬਾਈਕਾਟ ਕੀਤਾ ਸਗੋਂ ਉਸ ਦੇ 'ਪਿੰਡ ਨਿਕਾਲੇ' ਦਾ ਫਰਮਾਨ ਵੀ ਜਾਰੀ ਕਰ ਦਿੱਤਾ। ਝੱਜਰ ਜ਼ਿਲ੍ਹੇ ਦੇ ਪਿੰਡ ਅਸੰਦਾ ਵਿੱਚ ਨੌਜਵਾਨ ਆਸ਼ੀਸ਼ ਤੇ ਉਸ ਦੀ ਪਤਨੀ ਦਰਸ਼ਨਾ ਦਾ ਵਿਆਹ ਤੋੜਿਆ ਹੀ ਨਹੀ ਬਲਕਿ ਉਹਨਾਂ ਨੂੰ ਭੈਣ-ਭਰਾ ਵਾਂਗ ਰਹਿਣ ਲਈ ਹੁਕਮ ਸੁਣਾ ਦਿੱਤਾ। ਇਸੇ ਹੀ ਜ਼ਿਲ੍ਹੇ ਦੇ ਚਛੋਲੀ ਪਿੰਡ ਦੇ ਇੱਕ ਲੁਹਾਰ ਲੜਕਾ ਵਲ੍ਹੋ ਉੱਚ ਜਾਤੀ ਲੜਕੀ ਨਾਲ ਵਿਆਹ ਕਰਨ 'ਤੇ, ਲੁਹਾਰ ਪਰਿਵਾਰ ਨੂੰ ਪਿੰਡ ਵਿੱਚੋਂ ਕੱਢ ਦਿੱਤਾ। 'ਸ਼ਿਓਰਾਂ ਚੌਰਾਸੀ' ਮਹਾਂਪੰਚਾਇਤ ਨੇ ਭਿਵਾਨੀ ਜ਼ਿਲ੍ਹੇ ਦੇ ਖਰਕੜੀ ਪਿੰਡ ਦੇ ਸੁਰਿੰਦਰ ਕੁਮਾਰ ਨੂੰ ਪਰਿਵਾਰ ਸਮੇਤ ਆਪਣੀ ਵਹਿਸ਼ਤ ਦਾ ਇਸ ਕਰਕੇ ਨਿਸ਼ਾਨਾ ਬਣਾਇਆ ਕਿਉਂਕਿ ਉਸ ਨੇ ਇੱਕ ਜਾਟ ਲੜਕੀ ਨਾਲ ਅੰਤਰ-ਜਾਤੀ ਵਿਆਹ ਕਰਵਾ ਲਿਆ ਸੀ। ਕਦੇ-ਕਦੇ ਇਹ ਪੰਚਾਇਤਾਂ ਅਜਿਹੇ ਜ਼ਾਲਿਮਾਨਾ ਫੈਸਲੇ ਕਰਦੀਆਂ ਹਨ ਜਿਹਨਾਂ ਤੋਂ ਇਹ ਸੋਚਣ ਨੂੰ ਮਜ਼ਬੂਰ ਹੋਣਾ ਪੈਂਦਾ ਹੈ ਕਿ ਇਹ ਪੰਚਾਇਤਾਂ ਮੱਧ ਕਾਲ ਦੀ ਮਨਮਰਜ਼ੀ ਕਰਦੀ ਰਾਜਸ਼ਾਹੀ ਹਨ ਤਾਂ ਲੋਕਤੰਤਰ ਕਿੱਥੇ ਹੈ?

ਜਿਮੀਦਾਰਾਂ ਦੀ ਰਣਵੀਰ ਸੈਨਾ ਨੇ ਲਕਸ਼ਮਣਪੁਰ ਬਾਥੇ ਪਿੰਡ (ਬਿਹਾਰ) ਵਿੱਚ 63 ਦਲਿਤਾਂ ਨੂੰ, ਸ਼ੰਕਰਬਿੱਘਾ 'ਚ 25 ਦਲਿਤਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅਖਬਾਰਾਂ ਵਿੱਚ ਖਬਰਾਂ ਛਪੀਆਂ। ਐਸ. ਸੀ. ਐਸ. ਟੀ ਕਮਿਸ਼ਨ ਨੇ ਰਿਪੋਰਟ ਦਿੱਤੀ ਪਰ ਇਹਨਾਂ ਖੂਨੀ ਕਾਂਡਾਂ ਸਬੰਧੀ ਪਾਰਲੀਮੈਂਟ ਵਿੱਚ ਕੋਈ ਚਰਚਾ ਨਹੀਂ ਹੋਈ। ਸੈਨਾ ਦੇ ਮੁੱਖੀ ਬਰਹੋਸ਼ ਸਿੰਘ ਉੱਤੇ 150 ਬੇਕਸੂਰ ਦਲਿਤਾਂ ਦੇ ਕਤਲ ਦਾ ਇਲਜ਼ਾਮ ਪਰ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ। ਦੋਸ਼ੀ ਜੇਲ੍ਹ ਵਿੱਚ ਵੀ ਜਸ਼ਨ ਮਨਾਉਂਦੇ ਰਹੇ। ਉਪਰੋਕਤ ਖੂਨੀ ਕਾਂਡਾਂ ਪ੍ਰਤੀ ਦਲਿਤਾਂ ਨੂੰ ਕੋਈ ਇਨਸਾਫ ਨਾ ਮਿਲਿਆ।

ਅੰਤਰ ਰਾਸ਼ਟਰੀ ਪ੍ਰਸਿੱਧੀ ਲੇਖਕ ਅਸ਼ੀਸ਼ ਨੰਦੀ ਨੇ 26 ਜਨਵਰੀ 2013 ਨੂੰ 'ਜੈਪੁਰ ਸਾਹਿਤ ਉਤਸਵ' ਵਿਚ ਹਜ਼ਾਰਾ ਲੇਖਕਾਂ ਤੇ ਸਾਹਿਤਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਜਿਆਦਾਤਰ ਭਰਿਸ਼ਟਾਚਾਰ ਵਿਚ ਦਲਿਤ (ਐਸ.ਸੀ, ਆਦਿਵਾਸੀ ਅਤੇ ਪੱਛੜੇ) ਲੋਕ ਸ਼ਾਮਲ ਹਨ। ਫਿਰ ਅੰਤਰ ਰਾਸ਼ਟਰੀ ਪ੍ਰਸਿੱਧੀ ਯੋਗੀ ਬਾਬਾ ਰਾਮਦੇਵ ਨੇ ਅਪ੍ਰੈਲ 2014 'ਚ 16ਵੀ ਲੋਕ ਸਭਾ ਚੋਣਾਂ ਦਰਮਿਆਨ ਕਿਹਾ ਸੀ ਕਿ ਰਾਹੁਲ ਗਾਂਧੀ ਦਲਿਤਾਂ ਦੇ ਘਰ ਹਨੀਮੂਨ ਮਨਾਉਣ ਜਾਂਦੇ ਹਨ। ਇਹਨਾਂ ਦੋਵੇ ਘਟਨਾਵਾਂ ਨੇ ਭਾਰਤ ਦੇ 70 ਕਰੋੜ ਦਲਿਤਾਂ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਅਪਮਾਨਤ ਕੀਤਾ। ਇਹਨਾਂ ਉਪਰੋਕਤ ਘਟਨਾਵਾਂ ਦੇ ਵਿਰੋਧ ਵਿਚ ਸੈਕੜੇ ਦਲਿਤ ਜਥੇਬੰਦੀਆਂ ਨੇ ਰੋਸ ਪ੍ਰਗਟ ਕੀਤੇ, ਸੈਕੜੇ ਕੇਸ ਦਰਜ ਕਰਵਾਏ। ਉਪਰੋਕਤ ਘਟਨਾਵਾਂ ਦੇ ਪ੍ਰਤੀ ਮਾਨਯੋਗ ਸੁਪਰੀਮ ਕੋਰਟ ਨੇ ਸਪੈਸ਼ਲ ਅਦਾਲਤ ਬਣਾ ਕੇ ਦੋਹਾਂ ਉੱਪਰ ਇਕ ਥਾਂ ਕੇਸ ਚਲਾਉਣ ਦਾ ਹੁਕਮ ਦਿੱਤਾ ਪਰ ਸਰਕਾਰਾਂ ਨੇ ਅਜ ਤਕ ਕੋਈ ਕਾਰਵਾਈ ਨਹੀ ਕੀਤੀ?

ਸਰਕਾਰਾਂ ਨੇ ਉਪਰੋਕਤ ਕੇਸ਼ਾਂ ਨੂੰ ਚਲਾਉਣ ਲਈ ਇਸ ਕਰਕੇ ਕੋਈ ਧਿਆਨ ਨਹੀ ਦਿੱਤਾ। ਕਿਉਂਕਿ ਸਰਕਾਰਾਂ ਨੂੰ ਪਤਾ ਹੈ ਕਿ ਦਲਿਤ ਆਗੂਆਂ ਦਾ ਸੰਘਰਸ਼ ਦਲਿਤਾਂ ਨੂੰ ਸਨਮਾਨ ਦਵਾਉਣ ਅਤੇ ਦਲਿਤਾਂ ਤੋਂ ਅਤਿਆਚਾਰ ਬੰਦ ਕਰਵਾਉਣਾ ਨਹੀ, ਸਿਰਫ ਅਖ਼ਬਾਰਾਂ ਮੀਡੀਆ 'ਚ ਖ਼ਬਰ ਲਗਾਉਣਾ ਹੈ ਤਾਂ ਜੋ ਕਿ ਰਾਜਨੀਤਕ ਪਾਰਟੀਆਂ ਵਿਚ ਕੋਈ ਅਹੌਦਾ ਜਾਂ ਟਿਕਟ ਦਾ ਗੁਣਾ ਪੈ ਜਾਵੇ। ਜਿਹੜੇ ਔਹਦੇਦਾਰ ਤੇ ਮੰਤਰੀ, ਐਮ. ਪੀ., ਐਮ.ਐਲ.ਏ.ਹਨ ਉਹ ਇਸ ਕਰਕੇ ਬੋਲਦੇ ਹੀ ਨਹੀ ਕਿ ਜੇ ਬੋਲੇ ਤਾਂ ਅਗਲੀ ਵਾਰ ਟਿੱਕਟ, ਮੰਤਰੀ, ਔਹਦਾ ਕੱਟਿਆ ਜਾਣਾ ਹੈ। ਇਹੀ ਵਜ਼ਹਾ ਹੈ ਕਿ ਦੇਸ਼ ਦੇ 70 ਕਰੋੜ ਦਲਿਤਾਂ ਦੇ ਚਰਿਤਰ ਦਾ ਸੰਸਾਰ ਪੱਧਰ 'ਤੇ ਹਨਨ ਕਰਨ ਵਾਲੇ ਅੱਜ ਵੀ ਸ਼ਰੇਆਮ ਦਨ-ਦਨਾਦੇ ਫਿਰਦੇ ਹਨ।

ਮੌਜੂਦਾ ਸੰਵਿਧਾਨਕ ਵਿਵਸਥਾ ਅਨੁਸਾਰ ਰਿਜ਼ਰਬ ਸੀਟਾਂ 'ਤੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ 126 ਐਮ ਪੀ ਅਤੇ ਇਕ ਹਜ਼ਾਰ ਦੇ ਕਰੀਬ ਐਮ ਐਲ ਏ ਸ਼ਡੂਲਡਕਾਸਟ ਬਣਦੇ ਹਨ। ਦੇਸ਼ ਪੱਧਰ 'ਤੇ ਦਲਿਤਾਂ ਦੇ ਨਾਮ 'ਤੇ ਉਪਰੋਕਤ ਸਾਰੇ ਆਗੂ ਸੱਤਾ ਉਪਰ ਕਾਬਜ ਹੋਣ ਲਈ ਇਕ ਦੂਜੇ ਤੋਂ ਬੇਤਾਬ ਰਹਿੰਦੇ ਹਨ। ਇਥੇ ਇਹ ਵੀ ਜਿਕਰਯੋਗ ਹੈ ਕਿ ਪਿਛਲੇ ਸਮੇ 'ਚ ਜਿਸ ਪਾਰਟੀ ਪਾਸ 50 ਐਮ. ਪੀ. ਸਨ, ਉਂਹ ਸਤਾ 'ਤੇ ਕਾਬਜ ਹੁੰਦੀ ਰਹੀ ਪਰ ਰਿਜ਼ਰਬ ਸੀਟਾਂ 'ਤੇ ਜਿੱਤੇ ਇਹ 126 ਆਗੂ ਕੁੱਝ ਵੀ ਨਹੀ ਕਰ ਸਕੇ? ਰਾਜਨੀਤਕ ਭਿਖਾਰੀ ਹੀ ਬਣੇ ਰਹੇ। ਇੰਨਾ ਹੀ ਨਹੀ ਬਲਕਿ ਇਹ ਪੂਜੀਵਾਦ ਅਤੇ ਮਨੂੰਵਾਦ ਦਾ ਹੱਥ ਠੋਕਾ ਬਣਕੇ, ਡਾਕਟਰ ਅੰਬੇਡਕਰ ਤੋਂ ਲੈ ਕੇ ਹੁਣ ਤੱਕ ਉਠੇ ਦਲਿਤ ਅੰਦੋਲਨਾਂ ਦਾ ਖੁੱਲ੍ਹੇਆਮ ਵਿਰੋਧ ਕਰਦੇ ਆ ਰਹੇ ਹਨ। ਇਹਨਾਂ ਦੀ ਵਜਾਹ ਕਰਕੇ ਹੀ ਸਭ ਦਲਿਤ ਅੰਦੋਲਨ ਅਸਫਲ ਹੋਏ ਸਨ ਤੇ ਹੋ ਰਹੇ ਹਨ। ਅਜਿਹਾ ਨਹੀ ਕਿ ਇਹ ਰਾਜਨੀਤਕ ਲੋਕ ਬਹੁਤ ਲਾਇਕ ਆ ਜਿਸ ਕਰਕੇ ਇਹ ਮੰਤਰੀ ਬਣੇ ਜਾਂ ਅੱਜ ਬਣ ਰਹੇ ਹਨ। ਜੇ ਇਹ ਲਾਇਕ ਹਨ ਤਾਂ ਜਨਰਲ ਸੀਟ 'ਤੇ ਜਿੱਤ ਕੇ ਵਿਖਾਉਣ? ਰਿਜ਼ਰਬ 'ਤੇ ਤਾਂ ਕਿਸੇ ਸੰਤੇ-ਬੰਤੇ ਨੇ ਭਣਨਾ ਹੀ ਹੈ। ਸੱਚ ਤਾਂ ਇਹ ਹੈ ਕਿ ਇਹਨਾਂ 'ਰਾਜਨੀਤਕ ਖਿਡਾਰੀਆ' ਦੀ ਜ਼ਮੀਰ ਮਰੀ ਹੋਈ ਹੈ। ਇਹਨਾਂ ਰਾਜਨੀਤਕ ਲੋਕਾਂ ਨੇ ਦਲਿਤਾਂ ਨੂੰ ਹੋਰ ਅਧਿਕਾਰ ਤਾਂ ਕੀ ਲੈ ਕੇ ਦੇਣੇ ਸੀ, ਇਹ ਤਾਂ ਡਾ.ਅੰਬੇਡਕਰ ਵਲ੍ਹੋਂ ਸੰਵਿਧਾਨ ਵਿਚ ਲਿੱਖੇ ਗਏ ਅਧਿਕਾਰਾਂ ਨੂੰ ਵੀ ਲਾਗੂ ਨਹੀ ਕਰਵਾ ਸਕੇ।

ਦੁੱਖ ਤਾਂ ਇਸ ਗੱਲ ਦਾ ਹੈ ਕਿ ਰਿਜ਼ਰਬ ਸੀਟਾਂ 'ਤੇ ਜਿੱਤੇ ਇਹਨਾਂ 126 ਰਾਜਨੀਤਕ ਆਗੂਆਂ ਨੇ ਆਪਣੇ ਨਿੱਜੀ ਸਵਾਰਥਾਂ ਲਈ ਫ਼ਰਬਰੀ-ਮਾਰਚ 2014 ਵਿਚ, ਦਲਿਤ ਸ਼ੋਸ਼ਿਤ ਮਜ਼ਦੂਰ ਵਿਰੋਧੀ ਪੰਜ ਬਿੱਲ ਪਾਸ ਕਰਕੇ 15 ਕਰੋੜ ਦਲਿਤ ਬੱਚੇ ਆਪਹਜ ਕਰ ਦਿੱਤੇ ਹਨ। ਉਹ ਹੁਣ ਵੱਧ ਤੋਂ ਵੱਧ ਚਪੜਾਸੀ, ਸਫਾਈ ਸੇਵਕ, ਚੌਕੀਦਾਰ ਜਾਂ ਫਿਰ ਕਾਰਖਾਨਿਆਂ ਤੇ ਜ਼ਮੀਦਾਰਾਂ ਦੇ ਖੇਤਾਂ 'ਚ ਦਿਹਾੜੀ-ਦੱਪਾ ਹੀ ਕਰਨਗੇ। ਕਿਉਕਿ ਜੇ ਅੱਠਵੀ ਤਕ ਸਰਕਾਰੀ ਸਕੂਲਾਂ 'ਚ ਕਿਸੇ ਵੀ ਬੱਚੇ ਨੂੰ ਫੇਲ੍ਹ ਨਹੀ ਕਰਨਾ ਤੇ ਬਿਨਾਂ ਪੜ੍ਹਿਆਂ ਹੀ ਪਾਸ ਕਰ ਦੇਣਾ ਹੈ, ਫਿਰ ਅੱਗੋ ਉਹ ਨੌਵੀਂ, ਦਸਵੀਂ, ਗਿਆਰਵੀ ਅਤੇ ਬਾਰਵੀ ਵਿਚੋਂ ਕਿਵੇਂ ਪਾਸ ਹੋਣਗੇ? ਕੌਮੀ ਪੱਧਰ 'ਤੇ ਦਾਖ਼ਲਾ ਟੈਸਟਾਂ ਡਾਕਟਰ, ਵਕੀਲ, ਇੰਜ਼ਨੀਰਿੰਗ ਵਿਚ ਦਾਖਲੇ ਲਈ ਕਿਸ ਤਰ੍ਹਾਂ ਮੈਰਿਟ 'ਚ ਆਉਣਗੇ? ਜਦਕਿ ਡਾਕਟਰ, ਵਕੀਲ, ਇੰਜੀਨੀਅਰ ਹੀ ਦੇਸ਼ 'ਤੇ ਰਾਜ ਕਰਦੇ ਹਨ।

ਇਸੇ ਕਨੂੰਨ ਦੀ ਧਾਰਾ 19 ਤੇ 25 ਅਨੁਸਾਰ ਜਿਹੜੇ ਸਕੂਲ ਚਲਾਉਣ ਦੀਆਂ ਸ਼ਰਤਾਂ ਪੂਰੀਆਂ ਨਹੀ ਕਰ ਸਕਦੇ ਉਹ ਬੰਦ ਕਰ ਦਿੱਤੇ ਜਾਣਗੇ, ਉਹਨਾਂ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਇਥੇ ਇਹ ਵੀ ਜਿਕਰਯੋਗ ਹੈ ਕਿ ਅੱਜ ਦੇਸ਼ ਦੇ ਕੋਨੇ-ਕੋਨੇ ਵਿਚ ਪੇਡੂ ਇਲਾਕਿਆਂ 'ਚ ਸਮਾਜਿਕ ਪੱਧਰ 'ਤੇ ਲੱਖਾਂ ਸਕੂਲ ਚਲ ਰਹੇ ਹਨ। ਜਿਹਨਾਂ ਵਿਚ ਦਲਿਤ ਸ਼ੋਸ਼ਤ ਮਜਦੂਰਾਂ ਗਰੀਬਾਂ ਦੇ ਬੱਚੇ ਇਸ ਕਰਕੇ ਪੜਦੇ ਹਨ ਕਿਉਂਕਿ ਉਹ ਦੂਰ ਸ਼ਹਿਰਾਂ 'ਚ ਚਲ ਰਹੇ ਕਾਨਵੇਂਟ ਤੇ ਮਾਡਲ ਸਕੂਲਾਂ ਦੀਆਂ ਨਾ ਤਾਂ ਫੀਸਾਂ ਦੇ ਸਕਦੇ ਹਨ ਤੇ ਨਾ ਹੀ ਜਾਣ ਲਈ ਬੱਸਾਂ ਗੱਡੀਆਂ ਦੇ ਕਿਰਾਏ ਭਰ ਸਕਦੇ ਹਨ। ਹੁਣ ਇਹ ਕਰੋੜਾਂ ਬੱਚੇ ਬੇਕਾਰ ਸਿੱਧ ਹੋਣਗੇ। ਤੇ ਨਤੀਜਾ ਉਪਰ ਵਾਲਾ ਹੀ ਹੋਵੇਗਾ। ਇਸ ਕਨੂੰਨ ਦਾ ਇਹ ਵੀ ਨੁਕਸਾਨ ਹੋਵੇਗਾ ਕਿ ਡਿਗਰੀਆਂ ਲੈ ਕੇ ਵੀ ਭੁੱਖ ਨਾਲ ਫਾਕੇ ਕੱਢ ਰਹੇ ਹਨ। ਨੌਜਵਾਨ (ਬੇਸ਼ਕ ਉਹ ਘੱਟ ਤਨਖਾਹਾਂ 'ਤੇ ਪੜਾਉਂਦੇ ਹਨ) ਸਭ ਬੇਰੋਜ਼ਗਾਰ ਹੋ ਜਾਣਗੇ। ਕੇਂਦਰੀ ਸਿਖਿਆ ਸੰਸਥਾ ਬਿਲ (2010) ਇੰਟੀਟਿਉਸਟ ਆਫ ਨੈਸ਼ਨਲ ਇਪਾਰਟੈਸ ਬਿਲ ਰਾਹੀ ਦੇਸ਼ 60-70 ਸਰਵਸਰੇਸ਼ਠ ਸਿਖਿਆ ਸੰਸਥਾਵਾਂ 'ਚ ਪ੍ਰਵੇਸ਼ ਲਈ ਰਿਜਰਵੇਸ਼ਨ ਖਤਮ ਕਰ ਦਿੱਤੀ ਗਈ ਹੈ।

ਐਫ.ਡੀ.ਆਈ ਬਿਲ ਵੀ ਪਾਸ ਕਰ ਦਿੱਤਾ ਗਿਆ। ਇਸ ਰਾਂਹੀ ਮਲਟੀ ਨੈਸ਼ਨਲ ਕੰਪਣੀਆਂ ਨੂੰ ਲੁੱਟ ਕਰਨ ਦੀ ਖੁੱਲ ਮਿਲ ਗਈ। ਕੰਪਣੀਆਂ ਦੇ ਆਉਣ ਨਾਲ ਕਰੋੜਾਂ ਘਰੇਲੂ ਛੋਟੇ ਉਦਯੋਗ ਦੁਕਾਨਦਾਰ ਬੇਕਾਰ ਹੋ ਰਹੇ ਹਨ। ਬੇਰੋਜਗਾਰੀ ਵੱਧੇਗੀ ਤੇ ਅਰਾਜਕਤਾ ਫੈਲੇਗੀ। ਦਲਿਤ ਸ਼ੋਸ਼ਤ ਗਰੀਬਾਂ ਨੂੰ ਵਰਗਲਾਈ ਰੱਖਣਾ ਤੇ ਦਲਿਤਾਂ ਨੂੰ ਗੁਲਾਮ ਅਤੇ ਭਿਖਾਰੀ ਬਣਾਈ ਰੱਖਣਾ ਹੀ ਇਹਨਾਂ ਦੀ ਜੁਮੇਵਾਰੀ ਹੈ। ਡਾਕਟਰ ਅੰਬੇਡਕਰ ਦੇ ਸਮਾਜਵਾਦ ਦੇ ਲਕਸ਼ ਸਮਾਜਿਕ ਆਰਥਿਕ ਸਮਾਨਤਾ ਨੂੰ ਮੁੱਦੇ ਨਜ਼ਰ ਰੱਖਦੇ ਹੋਏ ਇਹਨਾਂ 126 ਰਿਜ਼ਰਵ ਸੀਟਾਂ 'ਤੇ ਚੁਣੇ ਗਏ ਆਗੂਆਂ ਨੂੰ ਇਹਨਾਂ ਦਲਿਤ ਮਜ਼ਦੂਰ ਵਿਰੋਧੀ ਬਿੱਲਾਂ ਦਾ ਵਿਰੋਧ ਕਰਨਾ ਚਾਹੀਦਾ ਸੀ ਜੋ ਇਹਨਾਂ ਨਹੀ ਕੀਤਾ?

ਦੁੱਖ ਦੀ ਗੱਲ ਤਾਂ ਇਹ ਹੈ ਕਿ 68 ਸਾਲ ਦੀ ਅਜ਼ਾਦੀ ਦੇ ਬਾਅਦ ਵੀ 70 ਕਰੋੜ ਦਲਿਤਾਂ ਦੇ ਆਗੂ ਉਪਰੋਕਤ ਅਪਰਾਧੀਆਂ ਨੂੰ ਇਕ ਦਿਨ ਲਈ ਵੀ ਜੇਲ ਅੰਦਰ ਬੰਦ ਨਹੀ ਕਰਵਾ ਸਕੇ। ਦਲਿਤ ਸ਼ੋਸ਼ਿਤ ਮਜ਼ਦੂਰ ਵਿਰੋਧੀ ਪੰਜ ਬਿੱਲਾਂ ਨੂੰ ਰੁਕਵਾ ਨਹੀ ਸਕੇ। ਸਰਕਾਰ ਭਾਵੇ ਯੂ.ਪੀ ਦੀ ਹੋਵੇ ਜਾਂ ਐਨ ਡੀ ਏ ਦੀ ਹੋਵੇ ਇਸ ਨਾਲ ਕੋਈ ਫਰਕ ਨਹੀ ਪੈਦਾ। ਦੋਹਾਂ ਦੀ ਨਜ਼ਰ ਵਿਚ ਦਲਿਤ ਸ਼ੋਸ਼ਿਤ ਮਜ਼ਦੂਰ ਲੋਕ ਕੀੜੇ-ਮਕੋੜੇ ਹਨ। ਜਿੰਨ੍ਹਾਂ ਨੂੰ ਜਦੋਂ ਚਾਹੋ ਮਸਲਿਆ ਜਾ ਸਕਦਾ ਹੈ। ਇਹ ਹੀ ਕਾਰਨ ਹੈ ਕਿ ਦਲਿਤਾ ਉੱਤੇ ਅੱਤਿਆਚਾਰਾਂ ਪ੍ਰਤੀ ਬੇਸ਼ਮਾਰ ਕਨੂੰਨ ਹੋਣ ਦੇ ਬਾਵਜੂਦ ਵੀ ਲਗਾਤਾਰ ਅੱਤਿਆਚਾਰ ਵੱਧਦੇ ਹੀ ਜਾ ਰਹੇ ਹਨ।

ਭਾਰਤ ਵਿਚ ਰਾਖਵੇਂਕਰਨ ਦੀ ਬਦੌਲਤ ਦਲਿਤ ਸਮਾਜ ਵਿਚ ਇਕ ਮੱਧ ਸ਼੍ਰੇਣੀ ਪੈਦਾ ਹੋ ਗਈ ਹੈ।

ਇਹ ਮੱਧ ਸ਼੍ਰੈਣੀ 'ਪੜੀ-ਲਿਖੀ' ਹੈ। ਪਰ ਇਹ ਆਪਣੇ ਘਰ, ਪਰਿਵਾਰ ਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਹੀ ਫਿਕਰਮੰਦ ਹੈ। ਅਜਿਹੀ ਮੱਧ ਸ਼੍ਰੇਣੀ ਤੋਂ ਕ੍ਰਾਂਤੀ ਦੀ ਉਮੀਦ ਕੀ ਹੋ ਸਕਦੀ ਹੈ? ਡਾਕਟਰ ਅੰਬੇਡਕਰ ਨੇ 18 ਮਾਰਚ 1956 ਨੂੰ ਇਹਨਾਂ ਪ੍ਰਤੀ ਪਹਿਲਾਂ ਹੀ ਸ਼ਪੱਸ਼ਟ ਕਰ ਦਿੱਤਾ ਸੀ ਕਿ ਮੈਨੂੰ ਮੇਰੇ ਸਮਾਜ ਦੇ ਪੜ੍ਹੇ ਲੋਕਾਂ ਨੇ ਝੋਖਾ ਦਿੱਤਾ। ਇਹ ਨਵ ਚਿਟਕੱਪੜੀਆਂ ਮੱਧ ਵਰਗ, ਡਾਕਟਰ ਅੰਬੇਡਕਰ ਦੇ ਸਮਾਜਿਕ-ਆਰਥਿਕ ਨਾਬਰਾਬਰਤਾ ਦੇ ਹਲ 'ਸਮਾਜਵਾਦ' ਦੀ ਲੜਾਈ ਲੜਨ ਦੀ ਬਨਿਸਬਤ ਆਪ ਸਰਮਾਏਦਾਰ ਬਣਨ ਲੱਗ ਪਿਆ ਹੈ। ਮੱਧ ਵਰਗ ਨੂੰ ਇਸ ਗੱਲ ਨਾਲ ਮਤਲਬ ਨਹੀ ਕਿ ਦੇਸ਼ ਦੇ ਦਲਿਤ ਮਜ਼ਦੂਰ ਗਰੀਬਾਂ ਨੂੰ ਰੋਟੀ ਕੱਪੜਾ ਮਕਾਨ, ਸਿੱਖਿਆ, ਸੇਹਿਤ, ਜੌਬ ਕਿਵੇਂ ਮਿਲੇਗਾ। ਉਸ ਨੂੰ ਤਾਂ ਬੱਸ! ਫੌਜ, ਅਦਾਲਤ, ਸਰਕਾਰੀ ਦਫ਼ਤਰ ਅਤੇ ਨਿੱਜੀ ਖੇਤਰਾਂ ਵਿਚ ਲੀਡਰੀ, ਨੌਕਰੀ, ਠੇਕੇਦਾਰੀ, ਡੀਲਰਸ਼ਿਪ ਵਿਚ ਨੁਮਾਇੰਦਗੀ ਮਿਲ ਜਾਏ, ਰਾਜ ਚਾਹੇ ਯੂ ਪੀ ਏ ਕਰੇ, ਚਾਹੇ ਐਨ ਡੀ ਏ ਕਰੇ ਜਾਂ ਕੋਈ ਹੋਰ ਵੀ ਕਰੀ ਜਾਵੇ।

ਡਾਕਟਰ ਅੰਬੇਡਕਰ ਦੇ ਜਨਮ ਦਿਨ ਮਨਾਉਣ ਨੂੰ ਹਾਕਮ ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ 'ਦਲਿਤਾਂ ਲਈ ਅਫ਼ੀਮ' ਦੇ ਤੌਰ 'ਤੇ ਵਰਤਣਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਦਲਿਤ ਸ਼ੋਸ਼ਿਤ ਮਜ਼ਦੂਰ ਕਿਸਾਨ ਉਹਨਾਂ ਦੇ ਬੇਹੋਸ਼ ਵੋਟਰ ਬਣੇ ਰਹਿਣ। ਕਿਉਂਕਿ ਉਹਨਾਂ ਨੂੰ ਅੰਬੇਡਕਰਵਾਦ ਦੇ ਸਮਾਜਵਾਦ ਨਾਲ ਕੋਈ ਸਰੋਕਾਰ ਨਹੀ, ਸਿਰਫ਼ ਵੋਟਾਂ ਨਾਲ ਹੈ।

ਇਹਨਾਂ ਆਗੂਆਂ ਨੇ ਜੇ ਡਾਕਟਰ ਅੰਬੇਡਕਰ ਦਾ ਰਾਹ ਅਖ਼ਤਿਆਰ ਕੀਤਾ ਹੁੰਦਾ ਤਾਂ ਅੱਜ ਦੇਸ਼ ਦੇ ਦਲਿਤ ਸ਼ੋਸ਼ਿਤ ਮਜ਼ਦੂਰ ਸਮਾਜ ਦੀ ਸਥਿਤੀ ਇਹ ਨਹੀਂ ਹੋਣੀ ਸੀ ਤੇ ਦਲਿਤ, ਮਜ਼ਦੂਰ, ਔਰਤਾਂ 'ਤੇ ਹਰ ਰੋਜ਼ ਅੱਤਿਆਚਾਰ ਤੇ ਅਪਮਾਨ ਜਾਰੀ ਨਾ ਰਹਿੰਦਾ। ਇਹਨਾਂ ਨੂੰ ਤਾਂ ਇਹੀ ਚਿੰਤਾਂ ਲੱਗੀ ਰਹਿੰਦੀ ਹੈ ਕਿ ਅਗਲੀਆਂ ਚੋਣਾਂ ਵਿਚ ਟਿਕਟ ਮਿਲੇਗਾ ਜਾਂ ਨਹੀਂ! ਚੋਣਾਂ ਵਿਚ ਜਿੱਤ ਸਕਾਂਗੇ ਜਾਂ ਨਹੀਂ। ਇਹ ਤਾਂ ਇਸ ਸਾਂਢ ਗਾਂਢ ਵਿਚ ਹੀ 5 ਸਾਲ ਬਿਤਾ ਦਿੰਦੇ ਹਨ। ਦਲਿਤ ਮਜ਼ਦੂਰ ਗਰੀਬ ਕਿਸਾਨ ਔਰਤਾਂ ਦੇ ਦੁੱਖਾਂ ਨੂੰ ਦੇਖਣ ਦਾ ਤਾਂ ਇਨ੍ਹਾਂ 'ਚ ਦਮ ਹੀ ਨਹੀਂ ਹੈ। ਅਫ਼ਸਰ ਪਰਿਵਾਰ ਪਾਲ ਰਹੇ ਹਨ। ਬਾਬੇ ਪ੍ਰਲੋਕ 'ਚ ਬੇਗ਼ਮਪੁਰਾ ਵਸਾ ਰਹੇ ਹਨ। ਲੀਡਰ-ਲੀਡਰੀ ਚਮਕਾ ਰਹੇ ਹਨ। ਜੋ ਕਿ ਦਲਿਤ ਸ਼ੋਸਿਤ ਮਜ਼ਦੂਰ ਗਰੀਬ ਸਮਾਜ ਨਾਲ ਬਹੁਤ ਵੱਡਾ ਧੋਖਾ ਹੈ।

ਇਸ ਵੇਲੇ ਸਭ ਦਲਿਤ, ਮਜ਼ਦੂਰ ਕਿਸਾਨ ਔਰਤਾਂ ਦੇ ਚਿਹਰੇ ਮੁਰਝਾਏ ਹੋਏ ਹਨ। ਕਿਸੇ ਨੂੰ ਕੁੱਝ ਵੀ ਸੁੱਝ ਨਹੀ ਰਿਹਾ ਕਿ ਘੁੰਮਣ-ਘੇਰੀ ਵਿਚੋਂ ਕਿਵੇਂ ਨਿਕਲਿਆ ਜਾਵੇ? ਪੀੜਤ ਸਮਾਜ ਵਿਚ ਚਿੰਤਾ ਕੀਤੀ ਜਾ ਰਹੀ ਕਿ ਛੋਟੀਆਂ ਛੋਟੀਆਂ ਗੱਲਾਂ, ਮੱਤ-ਭੇਦਾਂ, ਸੰਸਥਾਵਾਂ ਅਤੇ ਲੀਡਰੀ ਨੂੰ ਪਿੱਛੇ ਸੁੱਟ ਕੇ, ਘੱਟ ਤੋਂ ਘੱਟ ਦਲਿਤ, ਮਜ਼ਦੂਰ ਔਰਤਾਂ ਦੇ ਮਸਲਿਆਂ ਨੂੰ ਮੱਦੇ ਨਜ਼ਰ ਰੱਖਕੇ, ਇਕ ਦੂਜੇ ਦੇ ਨੇੜੇ ਆਉਣ ਦੀ ਕੋਸ਼ਸ਼ ਹੋਣੀ ਚਾਹੀਦੀ ਹੈ। ਸਾਂਝਾ ਸਮਾਜਿਕ-ਆਰਥਿਕ ਫਰੰਟ ਬਣਨਾ ਚਾਹੀਦਾ ਹੈ। ਤਾਂ ਕਿ ਪੰਜਾਬ ਵਿਚ ਦਲਿਤ, ਸ਼ੋਸ਼ਿਤ ਮਜ਼ਦੂਰ, ਛੋਟੇ ਦੁਕਾਨਦਾਰ ਕਿਸਾਨ ਤੇ ਔਰਤਾਂ ਦੀਆਂ ਸਮੱਸਿਆਵਾਂ ਦੇ ਹਲ ਲਈ ਕੋਈ ਠੋਸ ਪ੍ਰੋਗਰਾਮ ਉਲੀਕ ਕੇ ਅੰਦੋਲਨ ਕੀਤਾ ਜਾ ਸਕੇ। ਇਸ ਚਿੰਤਾ ਨੂੰ ਮੱਦੇ ਨਜ਼ਰ ਰੱਖਦਿਆ ਇਹ ਲੇਖ ਵਿਚਾਰਨ ਲਈ ਆਪ ਜੀ ਦੇ ਹੱਥਾਂ 'ਚ ਹੈ।

# ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹਾਦਤ



ਔਰੰਗਜ਼ੇਬ ਦੀਆਂ ਫੌਜਾਂ ਨੇ ਜਦ ਦਾਰਾ ਸ਼ਿਕੋਹ ਦੀਆਂ ਫੌਜਾਂ ਨੂੰ ਇੱਕ ਤੋਂ ਬਾਅਦ ਇੱਕ ਕਈ ਲੜੀਵਾਰ ਲੜਾਈਆਂ ਵਿੱਚ ਕਰਾਰੀ ਹਾਰ ਦਿੱਤੀ ਤਾਂ ਦਾਰਾ ਦੇ ਇੱਕ ਜਰਨੈਲ ਨੇ ਦਾਰਾ ਨੂੰ ਗ੍ਰਿਫਤਾਰ ਕਰਕੇ ਕੈਦੀ ਬਣਾ ਲਿਆ। ਉਧਰ ਔਰੰਗਜ਼ੇਬ ਨੇ ਦਿੱਲੀ ਦੇ ਤਖ਼ਤ ਉਤੇ ਕਬਜ਼ਾ ਕਰਕੇ ਆਪਣੇ ਆਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਹੋਣ ਦਾ ਰਸਮੀ ਐਲਾਨ ਕਰ ਦਿੱਤਾ। ਉਹ ਕੰਨਾਂ ਦਾ ਬਹੁਤ ਕੱਚਾ ਸੀ ਅਤੇ ਆਪਣੀ ਗੱਦੀ ਨੂੰ ਸਲਾਮਤ ਰੱਖਣ ਲਈ ਜ਼ੁਲਮ ਦੀ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ। ਉਸਨੇ ਆਪਣੇ ਰਾਜ ਵਿੱਚ ਸ਼ਰਾਬ ਪੀਣ, ਜੂਆ ਖੇਡਣ, ਨਿਪੁੰਸਕ ਬਣਾਉਣ, ਗ਼ੁਲਾਮ ਬਣਾਉਣ, ਗਾਉਣ-ਵਜਾਉਣ ਅਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਦੀ ਮਨਾਹੀ ਕਰ ਰੱਖੀ ਸੀ। ਉਸਨੂੰ ਸੂਚਨਾ ਮਿਲੀ ਕਿ ਸਿੰਧ, ਮੁਲਤਾਨ, ਠੱਟਾ ਅਤੇ ਵਿਸ਼ੇਸ਼ ਕਰਕੇ ਵਾਰਾਨਸੀ ਵਿੱਚ ਉਥੋਂ ਦੇ ਮੁਸਲਮਾਨ, ਹਿੰਦੂ ਪ੍ਰਚਾਰਕਾਂ (ਬ੍ਰਾਹਮਣਾਂ) ਦੀਆਂ ਗੱਲਾਂ ਵਿੱਚ ਆ ਕੇ ਉਨ੍ਹਾਂ ਦੇ ਪ੍ਰਵਚਨਾਂ ਦੀ ਪਾਲਣਾ ਕਰਨ ਅਤੇ ਉਨ੍ਹਾਂ ਦੀਆਂ ਰੀਤਾਂ-ਰਸਮਾਂ ਅਪਨਾਉਣ ਲਗ ਪਏ ਹਨ। ਔਰੰਗਜ਼ੇਬ ਨੇ ਇਨ੍ਹਾਂ ਸੂਬਿਆਂ ਦੇ ਸੂਬੇਦਾਰਾਂ ਨੂੰ ਹੁਕਮ ਦਿੱਤਾ ਕਿ ਗ਼ੈਰ ਮੁਸਲਿਮ ਸਕੂਲਾਂ ਅਤੇ ਧਾਰਮਿਕ ਅਸਥਾਨਾਂ ਨੂੰ ਢਾਹ ਕੇ ਬੰਦ ਕਰਵਾ ਦਿੱਤਾ ਜਾਵੇ। ਜਿਹੜੇ ਮੁਸਲਮਾਨ ਗ਼ੈਰ-ਮੁਸਲਿਮੀ ਲਿਬਾਸ ਪਹਿਨਦੇ ਹਨ ਜਾਂ ਹੋਰਨਾਂ ਧਰਮਾਂ ਦੀਆਂ ਰਸਮਾਂ ਅਪਨਾਉਂਦੇ ਹਨ, ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।



ਸੰਤੋਖ ਸਿੰਘ ਸੰਧੂ
(+64) 022 071 0935

ਇਸੇ ਦੌਰਾਨ ਔਰੰਗਜ਼ੇਬ ਨੂੰ ਗੁਰੂ ਤੇਗ਼ ਬਹਾਦੁਰ ਜੀ ਬਾਰੇ ਸ਼ਿਕਾਇਤ ਮਿਲੀ ਕਿ ਉਹ ਦੂਸਰੇ ਧਰਮਾਂ ਦੀ ਨਿੰਦਿਆ ਕਰ ਰਹੇ ਹਨ। ਉਧਰ ਕਸ਼ਮੀਰ ਦਾ ਗਵਰਨਰ ਬੜਾ ਮੁਤਸਬੀ ਬੰਦਾ ਸੀ। ਔਰੰਗਜ਼ੇਬ ਦੇ ਉਪਰੋਕਤ ਹੁਕਮਾਂ ਦੀ ਪੈਰਵੀ ਵਿੱਚ ਉਸਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਬੜੀ ਸਖਤੀ ਕਰਨੀ ਸ਼ੁਰੂ ਕਰ ਦਿੱਤੀ।

ਉਸਦੇ ਜ਼ੁਲਮ ਤੋਂ ਤੰਗ ਆਏ ਕਸ਼ਮੀਰੀ ਬ੍ਰਾਹਮਣਾ ਦਾ ਇੱਕ ਵਫ਼ਦ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਆਨੰਦਪੁਰ ਪੁੱਜਾ ਅਤੇ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੀ ਸਾਰੀ ਵਿਥਿਆ ਸੁਣਾਈ। ਗੁਰੂ ਜੀ ਨੇ ਕਾਫੀ ਸੋਚ ਵਿਚਾਰ ਤੋਂ ਬਾਅਦ ਉਨ੍ਹਾਂ ਨੂੰ ਕਿਹਾ ਕਿ ਜਾ ਕੇ ਆਪਣੇ ਗਵਰਨਰ ਨੂੰ ਕਹੋ ਕਿ ਸਾਡਾ ਆਗੂ ਗੁਰੂ ਤੇਗ਼ ਬਹਾਦੁਰ ਹੈ। ਉਸਨੂੰ ਮੁਸਲਿਮ ਧਰਮ ਵਿੱਚ ਸ਼ਾਮਿਲ ਕਰ ਲਓ ਤਾਂ ਅਸੀਂ ਸਾਰੇ ਆਪਣੇ ਆਪ ਹੀ ਇਸਲਾਮ ਕਬੂਲ ਕਰ ਲਵਾਂਗੇ। ਉਸ ਵਫ਼ਦ ਨੇ ਕਸ਼ਮੀਰ ਪਰਤ ਕੇ ਗਵਰਨਰ ਨੂੰ ਇੰਝ ਹੀ ਕਹਿ ਦਿੱਤਾ। ਗਵਰਨਰ ਮਨ ਹੀ ਮਨ ਬੜਾ ਖੁਸ਼ ਹੋਇਆ ਕਿ ਸਿਰਫ ਇੱਕ ਵਿਅਕਤੀ ਨੂੰ ਮੁਸਲਮਾਨ ਬਣਾ ਲੈਣ ਨਾਲ ਲੱਖਾਂ ਹੀ ਹਿੰਦੂ ਮੁਸਲਮਾਨ ਬਣ ਜਾਣਗੇ। ਇਸ ਤਰ੍ਹਾਂ ਔਰੰਗਜ਼ੇਬ ਦੇ ਦਰਬਾਰ ਵਿੱਚ ਉਸਦਾ ਰੁਤਬਾ ਬਹੁਤ ਉਚਾ ਹੋ ਜਾਵੇਗਾ। ਉਸਨੇ ਇਹ ਯੋਜਨਾ ਔਰੰਗਜ਼ੇਬ ਨੂੰ ਦੱਸੀ। ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਉਣ ਦਾ ਹੁਕਮ ਦੇ ਦਿੱਤਾ।

ਇਹ ਹੁਕਮ ਸੁਣ ਕੇ ਗੁਰੂ ਤੇਗ਼ ਬਹਾਦੁਰ ਜੀ 11 ਜੁਲਾਈ 1675 ਨੂੰ ਆਗਰਾ ਵੱਲ ਚੱਲ ਪਏ। ਕੁਝ ਸਿੱਖ ਵੀ ਉਨ੍ਹਾਂ ਨਾਲ ਗਏ ਜਿਨ੍ਹਾਂ ਵਿੱਚ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਜੀ ਸ਼ਾਮਿਲ ਸਨ। ਜਦ ਔਰੰਗਜ਼ੇਬ ਦੇ ਸਿਪਾਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਆਏ ਤਾਂ ਇਹ ਸਿੱਖ ਮੋਹਰੇ ਖੜੇ ਹੋ ਗਏ ਅਤੇ ਕਿਹਾ ਕਿ ਗੁਰੂ ਜੀ ਤੋਂ ਪਹਿਲਾਂ ਸਾਨੂੰ ਗ੍ਰਿਫਤਾਰ ਕਰੋ। ਸਿਪਾਹੀਆਂ ਨੇ ਸਾਰਿਆਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲੈ ਆਂਦਾ। ਔਰੰਗਜ਼ੇਬ ਦਾ ਦੂਸਰਾ ਹੁਕਮ ਲੈ ਕੇ ਮੁੱਖ ਕਾਜ਼ੀ ਇਨ੍ਹਾਂ ਦੇ ਸਾਹਮਣੇ ਖੜਾ ਹੋ ਕੇ ਕਹਿਣ ਲੱਗਾ ਕਿ ਇਸਲਾਮ ਕਬੂਲ ਕਰ ਲਓ ਨਹੀਂ ਤਾਂ ਬੁਰੀ ਤਰ੍ਹਾਂ ਸ਼ਹੀਦ ਕਰ ਦਿੱਤੇ ਜਾਓਗੇ।

ਗੁਰੂ ਜੀ ਨੇ ਇਸਲਾਮ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਸਾਨੂੰ ਸ਼ਹਾਦਤ ਮਨਜ਼ੂਰ ਹੈ। ਉਨ੍ਹਾਂ ਨੂੰ ਡਰਾਉਣ, ਧਮਕਾਉਣ ਅਤੇ ਕੰਬਾਉਣ ਵਾਸਤੇ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਦੋਫਾੜ ਕੀਤਾ ਗਿਆ, ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ, ਉਤੇ ਤੇਲ ਪਾ ਕੇ, ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ, ਭਾਈ ਦਿਆਲ ਦਾਸ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ। ਗੁਰੂ ਜੀ ਇਹ ਸਾਰਾ ਮੰਜ਼ਰ ਦੇਖ ਕੇ ਜ਼ਰਾ ਵੀ ਨਹੀਂ ਡੋਲੇ। ਅਖੀਰ 24 ਨਵੰਬਰ, 1675 ਨੂੰ ਗੁਰੂ ਜੀ ਨੂੰ ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਸਥਾਨ ਉਤੇ ਅਜ ਗੁਰੂ ਜੀ ਦੀ ਯਾਦ ਵਿੱਚ ਗੁਰਦੁਆਰਾ ਸੀਸ ਗੰਜ ਸ਼ੋਸ਼ਭਤ ਹੈ।

ਜ਼ਾਲਮ ਹਾਕਮ ਗੁਰੂ ਤੇਗ਼ ਬਹਾਦੁਰ ਜੀ ਨੂੰ ਸ਼ਹੀਦ ਕਰਨ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਹੁਕਮ ਕੀਤਾ ਕਿ ਅਗਲੇ ਦਿਨ ਲਾਸ਼ ਦੇ ਚਾਰ ਟੁਕੜੇ ਕਰਕੇ ਦਿੱਲੀ ਦੇ ਚੌਂਹੀਂ ਪਾਸੀਂ ਟੰਗ ਦਿੱਤੇ ਜਾਣ, ਤਾਂਕਿ ਸਾਰੇ ਹਿੰਦੂ ਸਿੱਖ ਇਸ ਮੰਜ਼ਰ ਨੂੰ ਵੇਖ ਕੇ ਕੰਬ ਜਾਣ।

ਪਰ ਸਦਕੇ ਜਾਈਏ ਸਿੱਖਾਂ ਦੀ ਕੁਰਬਾਨੀ, ਸਿਦਕ ਅਤੇ ਬਹਾਦਰੀ ਦੇ। ਭਾਈ ਜੈਤਾ ਹਨੇਰੇ ਦਾ ਫਾਇਦਾ ਉਠਾ ਕੇ, ਆਪਣੀ ਜਾਨ ਤਲੀ ਉਤੇ ਧਰ ਕੇ, ਗੁਰੂ ਜੀ ਦਾ ਸੀਸ ਚੁੱਕ ਕੇ ਮੰਜ਼ਲਾਂ ਤੈਅ ਕਰਦਾ ਆਨੰਦਪੁਰ ਗੁਰੂ ਗੋਬਿੰਦ ਜੀ ਪਾਸ ਪਹੁੰਚ ਗਿਆ। ਇਧਰ ਲੱਖੀ ਸ਼ਾਹ ਵਣਜਾਰਾ, ਜੋਕਿ ਮੱਖਣ ਸ਼ਾਹ ਲੁਬਾਣੇ ਦਾ ਜਵਾਈ ਸੀ ਅਤੇ ਦਿੱਲੀ ਦਾ ਇੱਕ ਧਨਾਢ ਵਪਾਰੀ ਸੀ, ਨੇ ਹਨੇਰੇ ਦੀ ਆੜ ਵਿੱਚ ਗੁਰੂ ਜੀ ਦਾ ਧੜ ਉਠਾ ਕੇ, ਆਪਣੇ ਕਾਰਖਾਨੇ ਵਿੱਚ ਲਿਜਾ ਕੇ, ਕਾਰਖਾਨੇ ਨੂੰ ਅੱਗ ਲਗਾ ਕੇ ਗੁਰੂ ਜੀ ਦਾ ਸਸਕਾਰ ਕਰ ਦਿੱਤਾ। ਉਸ ਅਸਥਾਨ ਉਤੇ ਅੱਜ ਗੁਰਦੁਆਰਾ ਰਕਾਬ ਗੰਜ ਸੁਸ਼ੋਭਤ ਹੈ।

# ਜਿਨ੍ਹਾਂ ਹਿੱਸੇ ਆਈਆਂ ਕੁਰਬਾਨੀਆਂ

ਭਾਈ ਹੀਰਾ ਨੰਦ ਛਿੱਬਰ ਦੇ ਚਾਰ ਪੁੱਤਰ ਸਨ। ਇਨ੍ਹਾਂ ਵਿੱਚੋਂ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਵੱਡੇ ਸਨ। ਇਸ ਪਰਿਵਾਰ ਦਾ ਸਿੱਖ ਧਰਮ ਨਾਲ ਨਾਤਾ ਗੁਰੂ ਅਰਜੁਨ ਦੇਵ ਜੀ ਦੇ ਵੇਲੇ ਤੋਂ ਸ਼ੁਰੂ ਹੋਇਆ ਸੀ ਜਦੋਂ ਇਸ ਪਰਿਵਾਰ ਦੇ ਵਡੇਰੇ ਗੌਤਮ ਦਾਸ ਨੇ ਸਿੱਖ ਧਰਮ ਧਾਰਨ ਕੀਤਾ ਸੀ। ਇਹ ਪਰਿਵਾਰ ਜੇਹਲਮ ਜ਼ਿਲ੍ਹੇ ਦੇ ਪਿੰਡ ਕਰਿਆਲਾ ਦਾ ਰਹਿਣ ਵਾਲਾ ਸੀ। ਗੌਤਮ ਦਾਸ ਵੱਲੋਂ ਗੁਰੂ ਘਰ ਦੀ ਸ਼ਰਧਾ ਤੇ ਲਗਨ ਨਾਲ ਕੀਤੀ ਜਾ ਰਹੀ ਸੇਵਾ ਨੂੰ ਵੇਖਦਿਆਂ ਗੁਰੂ ਅਰਜੁਨ ਦੇਵ ਜੀ ਨੇ ਉਨ੍ਹਾਂ ਨੂੰ 'ਭਾਈ' ਦਾ ਖ਼ਿਤਾਬ ਦਿੱਤਾ ਸੀ ਜਿਹੜਾ ਇਸ ਪਰਿਵਾਰ ਨਾਲ ਅੱਜ ਵੀ ਜੁੜਿਆ ਚਲਿਆ ਆ ਰਿਹਾ ਹੈ।







ਭਾਈ ਮਤੀ ਦਾਸ ਹੁਰਾਂ ਦੇ ਦਾਦੇ ਭਾਈ ਪਰਾਗਾ ਜੀ ਨੇ ਗੁਰੂ ਹਰਿਗੋਬਿੰਦ ਜੀ ਵੱਲੋਂ ਮੁਗ਼ਲ ਹਾਕਮਾਂ ਨਾਲ ਲੜੀਆਂ ਗਈਆਂ ਲੜਾਈਆਂ ਵਿੱਚ ਇੱਕ ਜਥੇ ਦੀ ਕਮਾਨ ਸੰਭਾਲ ਕੇ ਵਡਮੁੱਲਾ ਯੋਗਦਾਨ ਪਾਇਆ ਸੀ। ਇੱਕ ਯੰਗ ਵਿੱਚ ਉਹ ਗੰਭੀਰ ਜਖ਼ਮੀ ਹੋ ਗਏ ਅਤੇ ਜਖ਼ਮਾਂ ਦੀ ਤਾਬ੍ਹ ਨਾ ਝੱਲਦੇ ਹੋਇਆਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸ ਤੋਂ ਪਿੱਛੋਂ ਭਾਈ ਹੀਰਾ ਨੰਦ ਜੀ ਗੁਰੂ ਹਰਿ ਰਾਇ ਸਾਹਿਬ ਜੀ ਵੇਲੇ ਗੁਰੂ ਘਰ ਦੀ ਸੇਵਾ ਵਿੱਚ ਜੁਟ ਗਏ। ਗੁਰਪੁਰੀ ਸਿਧਾਰਨ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਪੁੱਤਰਾਂ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਨੂੰ ਗੁਰੂ ਘਰ ਦੀ ਸੇਵਾ ਵਿੱਚ ਅਰਪਿਤ ਕਰ ਦਿੱਤਾ। ਆਪਣੇ ਪਿਤਾ ਦੀ ਆਗਿਆ ਪਾ ਕੇ ਦੋਵੇਂ ਭਰਾ ਗੁਰੂ ਘਰ ਦੀ ਸੇਵਾ ਵਿੱਚ ਪੂਰੀ ਸ਼ਰਧਾ ਤੇ ਲਗਨ ਨਾਲ ਜੁੱਟ ਗਏ।

ਜਦੋਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਸੱਦਿਆ ਸੀ ਤਾਂ ਉਨ੍ਹਾਂ ਨਾਲ ਦਿਲੀ ਜਾਣ ਵਾਲੇ ਸਿੱਖਾਂ ਵਿੱਚ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਸ਼ਾਮਿਲ ਸਨ। ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਇਹ ਦੋਵੇਂ ਭਰਾ ਸਿੱਖਾਂ ਦੇ ਇੱਕ ਵਫ਼ਦ ਨਾਲ ਪਿੰਡ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਅਗਲੇ ਸਿੱਖ ਗੁਰੂ ਦੀ ਭਾਲ ਕਰਨ ਲਈ ਆ ਗਏ ਸਨ, ਕਿਉਂਕਿ ਗੁਰੂ ਹਰਿ ਕ੍ਰਿਸ਼ਨ ਜੀ ਨੇ ਆਪਣੇ ਅੰਤ ਸਮੇਂ ਅਗਲੇ ਗੱਦੀ ਨਸ਼ੀਨ ਦਾ ਇਸ਼ਾਰਾ ਕਰਦਿਆਂ 'ਬਾਬਾ ਬਕਾਲੇ' ਹੀ ਕਿਹਾ ਸੀ ਪਰ ਨਾਂ ਨਹੀਂ ਸਨ ਦੱਸ ਸਕੇ। ਫਿਰ ਜਦ ਅਗਲੇ ਸਿੱਖ ਗੁਰੂ ਦੀ ਭਾਲ ਹੋ ਗਈ ਤਾਂ ਆਪ ਗੁਰੂ ਤੇਗ਼ ਬਹਾਦੁਰ ਜੀ ਕੋਲ ਰਹਿ ਕੇ ਗੁਰੂ ਘਰ ਦੀ ਸੇਵਾ ਵਿੱਚ ਲੱਗ ਗਏ। ਇਨ੍ਹਾਂ ਦੇ ਨਾਲ ਦੀਵਾਨ ਦੁਰਗਾ ਮਲ ਜੀ ਵੀ ਸਨ। ਦੁਰਗਾ ਮਲ ਜੀ ਗੁਰੂ ਘਰ ਦੇ ਮੁੱਖ ਮੰਤਰੀ ਸਨ। ਇਸ ਕਰਕੇ ਉਨ੍ਹਾਂ ਨੂੰ ਦੀਵਾਨ ਕਿਹਾ ਜਾਂਦਾ ਸੀ। ਹਾਣ ਦੀਵਾਨ ਦੁਰਗਾ ਮਲ ਜੀ ਬਹੁਤ ਬ੍ਰਿਧ ਹੋ ਗਏ ਸਨ ਅਤੇ ਦੀਵਾਨ ਦਾ ਫਰਜ਼ ਨਿਭਾਉਣ ਤੋਂ ਅਸਮਰਥ ਹੋ ਗਏ ਸਨ। ਗੁਰੂ ਜੀ ਨੇ ਭਾਈ ਮਤੀ ਦਾਸ ਜੀ ਦੀ ਗੁਰੂ ਘਰ ਪ੍ਰਤੀ ਸ਼ਰਧਾ ਅਤੇ ਸੇਵਾ ਨੂੰ ਵੇਖਦਿਆਂ ਅੱਗੋਂ ਉਨ੍ਹਾਂ ਨੂੰ ਦੀਵਾਨ ਥਾਪ ਦਿੱਤਾ ਅਤੇ ਭਾਈ ਸਤੀ ਦਾਸ ਜੀ ਨੂੰ ਉਨ੍ਹਾਂ ਦਾ ਵਜ਼ੀਰ ਨਿਯੁਕਤ ਕਰ ਦਿੱਤਾ।

ਜਦ ਔਰੰਗਜ਼ੇਬ ਨੇ ਹਿੰਦੁਸਤਾਨ ਨੂੰ ਇਸਲਾਮਿਕ ਦੇਸ਼ ਬਣਾਉਣ ਲਈ 1674 ਈ ਵਿੱਚ ਸਭ ਨੂੰ ਇਸਲਾਮ ਧਰਮ ਅਪਨਾਉਣ ਵਾਸਤੇ ਸਖ਼ਤ ਹੁਕਮ ਜਾਰੀ ਕਰ ਦਿੱਤਾ ਤਾਂ ਇਸਦੀ ਸ਼ੁਰੂਆਤ ਕਸ਼ਮੀਰ ਤੋਂ ਕੀਤੀ ਗਈ। ਕਸ਼ਮੀਰ ਦੇ ਗਵਰਨਰ ਸ਼ੇਰ ਅਫ਼ਗਾਨ ਖ਼ਾਂ ਨੇ ਔਰੰਗਜ਼ੇਬ ਤੋਂ ਸ਼ਾਬਾਸ਼ ਹਾਸਿਲ ਕਰਨ ਲਈ ਇਸ ਹੁਕਮ ਨੂੰ ਹੋਰ ਵੀ ਸਖਤੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਜਾਂ ਕਸ਼ਮੀਰੀ ਪੰਡਿਤਾਂ ਵੱਲੋਂ ਇਸਲਾਮ ਮੱਤ ਕਬੂਲ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਆਗੂਆਂ ਦਾ ਇੱਕ ਵਫ਼ਦ 25 ਮਈ 1675 ਨੂੰ ਗੁਰੂ ਤੇਗ਼ ਬਹਾਦਰ ਜੀ ਕੋਲ ਆਨੰਦਪੁਰ ਪਹੁੰਚਾ ਅਤੇ ਸਾਰੀ ਵਿਥਿਆ ਸੁਣਾਈ। ਉਹ ਬਹੁਤ ਹੀ ਡਰੇ ਹੋਏ ਨਜ਼ਰ ਆ ਰਹੇ ਸਨ। ਗੁਰੂ ਜੀ ਨੇ ਸੋਚਿਆ ਕਿ ਜਿਸ ਤਰ੍ਹਾਂ ਇਹ ਲੋਕ ਡਰੇ ਅਤੇ ਸਹਿਮੇ ਹੋਏ ਹਨ ਇਸ ਤਰ੍ਹਾਂ ਇਨ੍ਹਾਂ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਇਨ੍ਹਾਂ ਦੇ ਅੰਦਰੋਂ ਭੈ ਨੂੰ ਦੂਰ ਕਰਨ ਦੀ ਲੋੜ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਜਾਓ ਅਤੇ ਗਵਰਨਰ ਨੂੰ ਕਹੋ ਕਿ ਗੁਰੂ ਤੇਗ਼ ਬਹਾਦੁਰ ਸਾਡਾ ਆਗੂ ਹੈ। ਜੇ ਤੂੰ ਉਨ੍ਹਾਂ ਨੂੰ ਇਸਲਾਮ ਮੱਤ ਵਿੱਚ ਲੈ ਆਓ ਤਾਂ ਅਸੀਂ ਸਾਰੇ ਆਪਣੇ ਆਪ ਹੀ ਇਸਲਾਮ ਧਰਮ ਕਬੂਲ ਕਰ ਲਵਾਂਗੇ।

ਉਨ੍ਹਾਂ ਪੰਡਿਤਾਂ ਨੇ ਇਹੀ ਸੁਨੇਹਾ ਜਾ ਕੇ ਸ਼ੇਰ ਅਫ਼ਗਾਨ ਖ਼ਾਂ ਨੂੰ ਸੁਣਾਇਆ। ਗਵਰਨਰ ਮਨ ਹੀ ਮਨ ਮੁਸਕਰਾਇਆ। ਉਸਨੇ ਸੋਚਿਆ ਕਿ ਉਸਦਾ ਕੰਮ ਸੌਖਾ ਹੋ ਗਿਆ ਹੈ। ਉਸਨੇ ਇਹ ਖ਼ਬਰ ਔਰੰਗਜ਼ੇਬ ਨੂੰ ਦਿੱਤੀ ਅਤੇ ਔਰੰਗਜ਼ੇਬ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਉਣ ਦਾ ਹੁਕਮ ਦੇ ਦਿੱਤਾ। ਹੁਕਮ ਸੁਣ ਕੇ ਗੁਰੂ ਜੀ 11 ਜੁਲਾਈ 1675 ਨੂੰ ਆਗਰਾ ਵੱਲ ਚੱਲ ਪਏ। ਕੁਝ ਸਿੱਖ ਵੀ ਉਨ੍ਹਾਂ ਨਾਲ ਗਏ ਜਿਨ੍ਹਾਂ ਵਿੱਚ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਜੀ ਸ਼ਾਮਿਲ ਸਨ। ਜਦ ਔਰੰਗਜ਼ੇਬ ਦੇ ਸਿਪਾਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਆਏ ਤਾਂ ਇਹ ਸਿੱਖ ਮੋਹਰੇ ਖੜੇ ਹੋ ਗਏ ਅਤੇ ਕਿਹਾ ਕਿ ਗੁਰੂ ਜੀ ਤੋਂ ਪਹਿਲਾਂ ਸਾਨੂੰ ਗ੍ਰਿਫਤਾਰ ਕਰੋ। ਸਿਪਾਹੀਆਂ ਨੇ ਸਾਰਿਆਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲੈ ਆਂਦਾ। ਔਰੰਗਜ਼ੇਬ ਦਾ ਦੂਸਰਾ ਹੁਕਮ ਲੈ ਕੇ ਮੁੱਖ ਕਾਜ਼ੀ ਇਨ੍ਹਾਂ ਦੇ ਸਾਹਮਣੇ ਖੜਾ ਹੋ ਕੇ ਕਹਿਣ ਲੱਗਾ ਕਿ ਇਸਲਾਮ ਕਬੂਲ ਕਰ ਲਓ ਨਹੀਂ ਤਾਂ ਬੁਰੀ ਤਰ੍ਹਾਂ ਸ਼ਹੀਦ ਕਰ ਦਿੱਤੇ ਜਾਓਗੇ। ਗੁਰੂ ਜੀ ਨੇ ਇਸਲਾਮ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਸਾਨੂੰ ਸ਼ਹਾਦਤ ਮਨਜ਼ੂਰ ਹੈ। ਕਾਜ਼ੀ ਨੇ ਅਗਲੇ ਹੁਕਮ ਵਿੱਚ ਕਿਹਾ ਕਿ ਗੁਰੂ ਤੋਂ ਪਹਿਲਾਂ ਦੂਜੇ ਸਾਥੀਆਂ ਨੂੰ ਇਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਅਜਿਹੇ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਜਾਵੇ ਕਿ ਗੁਰੂ ਦੀ ਰੂਹ ਕੰਬ ਜਾਵੇ ਅਤੇ ਬਿਨਾ ਦੇਰ ਕੀਤਿਆਂ ਇਸਲਾਮ ਮੱਤ ਧਾਰਨ ਕਰ ਲਏ। ਕਾਜ਼ੀ ਨੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਦੋਫਾੜ ਕਰਨ, ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਉਤੇ ਤੇਲ ਪਾ ਕੇ ਅੱਗ ਲਾ ਕੇ ਜ਼ਿੰਦਾ ਸਾੜਨ ਅਤੇ ਭਾਈ ਦਿਆਲ ਦਾਸ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਜ਼ਿੰਦਾ ਉਬਾਲ ਕੇ ਮਾਰਨ ਦਾ ਫਤਵਾ ਦਿੱਤਾ। ਫਤਵਾ ਸੁਣ ਕੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, 'ਗੁਰੂ ਜੀ ਸਾਨੂੰ ਅਸ਼ੀਰਵਾਦ ਦਿਉ'। ਕਾਜ਼ੀ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ। ਪਰ ਉਨ੍ਹਾਂ ਨੇ ਸਾਰੇ ਲਾਲਚਾਂ ਨੂੰ ਠੁਕਰਾ ਕੇ ਸ਼ਹਾਦਤ ਦਾ ਜਾਮ ਪੀਣ ਨੂੰ ਪਹਿਲ ਦਿੱਤੀ।

ਇਨ੍ਹਾਂ ਸਾਰਿਆਂ ਨੂੰ ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਵਿੱਚ ਸੁਨਹਿਰੀ ਮਸਜਿਦ ਦੇ ਸਾਹਮਣੇ ਕੋਤਵਾਲੀ(ਪੁਲਸ ਥਾਣਾ) ਵਿੱਚ ਕੈਦ ਕਰਕੇ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਜਦੋਂ ਇਹ ਸਿਦਕੀ ਸਿੱਖ ਬਿਲਕੁਲ ਨਹੀਂ ਡੋਲੇ ਤਾਂ ਕਾਜ਼ੀ ਦੇ ਫਤਵੇ ਦੀ ਆਖਿਰੀ ਸਜ਼ਾ ਸ਼ੁਰੂ ਹੋਈ। ਸਭ ਤੋਂ ਪਹਿਲਾਂ ਭਾਈ ਮਤੀ ਦਾਸ ਦੀ ਵਾਰੀ ਆਈ। ਰਵਾਇਤ ਅਨੁਸਾਰ ਉਸਤੋਂ ਆਖਿਰੀ ਇੱਛਾ ਪੁੱਛੀ ਗਈ। ਭਾਈ ਮਤੀ ਦਾਸ ਨੇ ਇੱਛਾ ਕੀਤੀ ਕਿ ਸਜ਼ਾ ਦਿੰਦੇ ਵਕਤ ਮੇਰਾ ਮੂੰਹ ਗੁਰੂ ਜੀ ਵੱਲ ਰੱਖਿਆ ਜਾਵੇ ਤਾਂ ਕਿ ਮੈਂ ਆਖਿਰੀ ਸਵਾਸ ਤੱਕ ਆਪਣੇ ਗੁਰੂ ਜੀ ਦੇ ਦਰਸ਼ਨ ਕਰਦਾ ਰਹਾਂ। ਭਾਈ ਮਤੀ ਦਾਸ ਦੀ ਇੱਛਾ ਪੂਰੀ ਕਰਦਿਆਂ ਉਸਨੂੰ ਲੱਕੜੀ ਦੇ ਫੱਟਿਆਂ ਵਿੱਚ ਜਕੜ ਕੇ ਜੱਲਾਦਾਂ ਨੇ ਸਿਰ 'ਤੇ ਆਰਾ ਰੱਖਿਆ ਅਤੇ ਚੀਰਨਾ ਸ਼ੁਰੂ ਕੀਤਾ। ਸਿਦਕੀ ਸਿੱਖ ਨੇ ਆਪਣੇ ਮੁਖਾਰਬਿੰਦ ਤੋਂ ੴ ਉਚਾਰ ਕੇ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕੀਤਾ। ਆਰਾ ਚੱਲਿਆ ਅਤੇ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਦੋਫਾੜ ਕਰ ਦਿੱਤਾ ਗਿਆ।

ਜ਼ਾਲਮਾਂ ਨੇ ਵੇਖਿਆ ਕਿ ਭਾਈ ਮਤੀ ਦਾਸ ਦੀ ਭਿਆਨਿਕ ਮੌਤ ਦਾ ਗੁਰੂ ਜੀ ਉਤੇ ਕੋਈ ਅਸਰ ਨਹੀਂ ਹੋਇਆ ਤਾਂ ਕੁਝ ਦਿਨ ਬਾਅਦ ਭਾਈ ਸਤੀ ਦਾਸ ਦੀ ਵਾਰੀ ਆ ਗਈ। ਭਾਈ ਸਤੀ ਦਾਸ ਨੂੰ ਗੁਰੂ ਜੀ ਦੀਆਂ ਅੱਖਾਂ ਦੇ ਸਾਹਮਣੇ ਰੂੰ ਵਿੱਚ ਲਪੇਟ ਕੇ, ਉਪਰ ਤੇਲ ਪਾ ਕੇ ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ। ਗੁਰੂ ਜੀ ਫਿਰ ਵੀ ਨਹੀਂ ਡੋਲੇ।

ਇਸ ਤੋਂ ਕੁਝ ਦਿਨ ਬਾਅਦ ਭਾਈ ਦਿਆਲ ਦਾਸ ਨੂੰ ਗੁਰੂ ਜੀ ਦੀਆਂ ਅੱਖਾਂ ਦੇ ਸਾਹਮਣੇ ਉਬਲਦੇ ਪਾਣੀ ਦੀ ਦੇਗ ਵਿੱਚ ਜ਼ਿੰਦਾ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਇੱਕ ਵਿਦਵਾਨ ਨੇ ਭਾਈ ਦਿਆਲ ਦਾਸ ਨੂੰ ਭਾਈ ਮਤੀ ਦਾਸ ਹੁਰਾਂ ਦਾ ਭਰਾ ਦੱਸਿਆ ਹੈ। ਪਰ ਬਹੁਤੇ ਵਿਦਵਾਨਾਂ ਦੇ ਵਿਚਾਰ ਇਸ ਤਰ੍ਹਾਂ ਹਨ :

1. ਭਾਈ ਦਿਆਲ ਦਾਸ 'ਦੁਲਟ ਜੱਟ' ਕੁਨਬੇ ਨਾਲ ਸੰਬੰਧਿਤ ਸਨ। ਉਨ੍ਹਾਂ ਦਾ ਜਨਮ ਪਿੰਡ ਕੰਬੋਵਾਲ (ਹੁਣ ਲੌਂਗੋਵਾਲ) ਵਿੱਚ ਹੋਇਆ ਸੀ।
2. ਭੱਟ ਵਹੀਆਂ ਅਨੁਸਾਰ ਭਾਈ ਦਿਆਲ ਦਾਸ ਪੰਵਾਰ ਰਾਜਪੂਤ ਵੰਸ਼ ਨਾਲ ਸੰਬੰਧਿਤ ਸੀ ਅਤੇ ਉਨ੍ਹਾਂ ਦੇ ਪਿਤਾ ਦਾ ਨਾਂ ਮਾਈ ਦਾਸ ਸੀ। ਉਹ ਭਾਈ ਮਨੀ ਸਿੰਘ ਦੇ ਵੱਡੇ ਭਰਾ ਸਨ।
3. ਸਤਬੀਰ ਸਿੰਘ ਅਨੁਸਾਰ ਭਾਈ ਦਿਆਲ ਦਾਸ ਜੀ ਭਾਈ ਮਨੀ ਸਿੰਘ ਦੇ ਭਰਾ ਸਨ ਅਤੇ ਉਨ੍ਹਾਂ ਦਾ ਜਨਮ ਪਿੰਡ ਕਾਕੜ, ਜ਼ਿਲ੍ਹਾ ਅੰਬਾਲਾ ਵਿੱਚ ਹੋਇਆ ਸੀ।
4. ਹਰਬੰਸ ਸਿੰਘ ਚਿੱਬ ਅਨੁਸਾਰ ਭਾਈ ਦਿਆਲ ਜੀ ਦਾ ਜਨਮ ਪਿੰਡ ਕੱਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ ਸੀ। ਉਹ ਕੰਬੋਜ ਜਾਤੀ ਨਾਲ ਸੰਬੰਧਿਤ ਸਨ।
5. ਇੱਕ ਖੋਜ ਅਨੁਸਾਰ ਕੰਬੋਵਾਲ ਪਿੰਡ ਦੇ ਕੰਬੋਜ ਪਰਿਵਾਰ ਉਥੋਂ ਉਠ ਕੇ ਆਨੰਦਪੁਰ ਜਾ ਵੱਸੇ ਸਨ ਅਤੇ ਗੁਰੂ ਘਰ ਦੀ ਸੇਵਾ ਕਰਦੇ ਸਨ। ਭਾਈ ਦਿਆਲ ਜੀ ਇਨ੍ਹਾਂ ਵਿੱਚੋਂ ਹੀ ਸਨ। ਇਹ ਤੱਥ ਸਹੀ ਵੀ ਲਗਦਾ ਹੈ।

ਸੱਚ ਲਈ ਜਾਨ ਵਾਰ

'ਸੱਚੇ, ਸੱਚ ਲਈ ਜਾਨ ਵਾਰ ਦਿੰਦੇ'
ਸਰਕਾਰ 'ਸਿੱਖ ਸੰਘਰਸ਼' ਤੋਂ ਘਬਰਾਕੇ,
ਖੇਡੇ ਤਰਾਂ-ਤਰਾਂ ਦੇ ਖੇਲ ਲੋਕੋ!
ਸੰਘਰਸ਼ੀ ਇਸ ਨੇ ਕੁਝ ਨਜ਼ਰਬੰਦ ਕੀਤੇ,
ਕੁਝ ਭੇਜ ਦਿਤੇ ਨੇ ਜੇਲ ਲੋਕੋ!
ਕਿਸੇ ਭੁਲੇਖੇ ਦੇ ਵਿਚ ਫਸੀ ਇਹ,
ਫੁੰਕਾਰਦੀ ਸੱਪ ਵਾਂਗ ਰਹੀ ਹੈ ਮੇਲ ਲੋਕੋ!
ਜਾਣ-ਬੁੱਝ ਭੁੱਲ ਇਤਿਹਾਸ ਤਾਂਈ,
ਆਪਣੇ ਜੜ੍ਹੀਂ ਦੇ ਰਹੀ ਤੇਲ ਲੋਕੋ!
ਮੇਜਰ ਸੱਚੇ ਸੱਚ ਲਈ ਜਾਨ ਵਾਰ ਦਿੰਦੇ,
ਐਪਰ ਝੂਠਾ ਖੇਡਦੇ ਕਦੇ ਨਾ ਖੇਲ ਲੋਕੋ!

ਤੋਂ

ਚੰਗੇ-ਮਾੜੇ ਦੀ ਜੀਹਨੂੰ ਪਛਾਣ ਹੈਨੀ,
ਭੁੱਲੇ ਇਤਿਹਾਸ ਨਾ ਰੱਖੇ ਯਾਦ ਲੋਕੋ!
ਮੇਜਰ ਸੂਝ-ਬੂਝ ਨਾਲ ਫੈਸਲੇ ਨਾ ਲੈਂਦੀ,
ਉਹ ਕੌਮ ਹੋ ਜਾਂਦੀ ਬਰਬਾਦ ਲੋਕੋ!



ਮੇਜਰ ਸਿੰਘ 'ਬੁਢਲਾਡਾ'
94176 - 42327

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 29 ਨਵੰਬਰ 2015 (ਦਿਨ ਐਤਵਾਰ) ਨੂੰ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਗੁਰੂ ਘਰ ਪਿਟਸਬਰਗ (ਕੈਲੇਫੋਰਨੀਆ) ਵਿਖੇ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

**ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 27 ਨਵੰਬਰ 2015 ਨੂੰ ਸਵੇਰੇ 10 ਵਜੇ ਆਰੰਭ ਹੋਣਗੇ**

**ਅਖੰਡ ਪਾਠ ਸਾਹਿਬ ਜੀ ਦੇ ਭੋਗ 29 ਨਵੰਬਰ 2015 (ਦਿਨ ਐਤਵਾਰ) ਨੂੰ ਸਵੇਰੇ 10 ਵਜੇ ਪਾਏ ਜਾਣਗੇ**

ਉਪਰੰਤ ਪ੍ਰਸਿੱਧ ਰਾਗੀ, ਕਥਾਵਾਚਕ ਅਤੇ ਪ੍ਰਚਾਰਕ ਗੁਰੂ ਨਾਲ ਜੋੜਨ ਲਈ ਧਾਰਮਿਕ ਉਪਦੇਸ਼ ਦੇਣਗੇ ਅਤੇ ਬੁਲਾਰੇ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

## ਪ੍ਰਬੰਧਕ ਕਮੇਟੀ

ਚੇਅਰਮੈਨ- ਸ਼ਿੰਦਰ ਪਾਲ ਨਰਬਟ

ਪ੍ਰਧਾਨ- ਸੋਮ ਨਾਥ ਭਾਟੀਆ

ਜਨਰਲ ਸਕੱਤਰ- ਦਿਲਬਾਗ ਸਿੰਘ


ਖਜਾਨਚੀ- ਜਸਵੀਰ ਚਾਹਲ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

# ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਕੈਲੇਫੋਰਨੀਆ, ਸੈਕਰਾਮੈਂਟੋ ਵਲੋਂ ਕਰਵਾਏ "ਮੇਲਾ ਗਦਰੀ ਬਾਬਿਆਂ ਦਾ" ਦੀਆਂ ਕੁਝ ਝਲਕੀਆਂ




ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)























# ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਕੈਲੇਫੋਰਨੀਆ, ਸੈਕਰਾਮੈਂਟੋ ਵਲੋਂ ਕਰਵਾਏ "ਮੇਲਾ ਗਦਰੀ ਬਾਬਿਆਂ ਦਾ" ਦੀਆਂ ਕੁਝ ਝਲਕੀਆਂ


ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



















# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ






ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੇਫੋਰਨੀਆ) ਯੂਬਾ ਸਿਟੀ ਵੱਲੋਂ ਸੰਸਾਰ ਭਰ ਦੀਆਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ ਲੱਖ ਵਧਾਈਆਂ।

## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਕੈਲੇਫੋਰਨੀਆ) ਯੂਬਾ ਸਿਟੀ

## ਮਹਾਂਰਿਸ਼ੀ ਵਾਲਮੀਕ ਟੈਂਪਲ

## 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

ਪ੍ਰਧਾਨ : ਪ੍ਰੇਮ ਸੌਂਧੀ ਵਾਈਸ ਪ੍ਰਧਾਨ: ਸੰਤੋਖ ਸਿੰਘ ਗਿੱਲ, ਸਕੱਤਰ: ਸੋਹਣ ਲਾਲ ਸਹੋਤਾ, ਚੇਅਰਮੈਨ: ਗੁਰਪਾਲ ਸਿੰਘ, ਵਾਇਸ ਚੇਅਰਮੈਨ: ਬਲਬੀਰ ਸਿੰਘ ਥਾਪਰ, ਮੇਨਟੀਨੈਂਸ ਆਰਗੇਨਾਈਜ਼ਰ : ਜਗਜੀਤ ਗਿੱਲ, ਕੈਸ਼ੀਅਰ : ਵਿਨੋਦ ਗਿੱਲ ਤੇ ਅਵਿਨਾਸ਼ ਸੌਂਧੀ

ਫੋਨ ਟੈਂਪਲ : 530-777-9385 ਫੋਨ ਪ੍ਰਧਾਨ : 530-751-3887

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਕੈਲੇਫੋਰਨੀਆ)

## ਯੂਬਾ ਸਿਟੀ








## ਸਮੂਹ ਸੰਗਤਾਂ ਅਤੇ ਪ੍ਰਚਾਰਕਾਂ ਦਾ ਧੰਨਵਾਦ

ਮਹਾਂਰਿਸ਼ੀ. ਵਾਲਮੀਕ ਸਭਾ ਵੱਲੋਂ 8 ਨਵੰਬਰ 2015 ਦਿਨ ਐਤਵਾਰ ਨੂੰ ਭਗਵਾਨ ਵਾਲਮੀਕ ਜੀ ਦੇ ਮਨਾਏ ਗਏ ਪ੍ਰਗਟ ਦਿਵਸ ਵਿਚ, ਭਾਰੀ ਮੀਂਹ ਦੇ ਬਾਵਜੂਦ ਜਿਹਨਾਂ ਸੰਗਤਾਂ ਨੇ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਗੁਰੂ ਚਰਨਾਂ ਵਿਚ ਹਾਜ਼ਰੀਆਂ ਭਰੀਆਂ ਅਤੇ ਜਿਹਨਾਂ ਕਲਾਕਾਰਾਂ, ਅਮਰਜੀਤ ਲਾਲੀ, ਭੁਪਿੰਦਰ ਭਿੰਦਾ, ਰੋਹਤਾਸ਼ ਭਗਾਣੀ, ਅਲਮਸਤ ਦੇਸਰਪੁਰੀ, ਪਰਦੀਪ ਗਿੱਲ, ਵਿਸ਼ਾਲ ਸਰਬਤੀ, ਜੀਵਨ ਰੱਤੂ, ਜੋਗਿੰਦਰ ਕੌਰ ਗਿੱਲ, ਚੰਦਰਕਾਂਤਾ, ਲਤਾ ਸੌਂਧੀ, ਤਰਲੋਚਨ ਸਿੰਘ ਨਾਹਰ, ਰਜਿੰਦਰ ਸਹੋਤਾ, ਸੁਲਤਾਨ ਅਖਤਰ, ਬਲਵੀਰ ਧਾਲੀਵਾਲ (ਸੋਨੀ), ਸੋਨੂੰ ਸਿੰਘ, ਅੰਮ੍ਰਿਤਪਾਲ ਸਿੰਘ ਨੇ ਆਪਣੇ ਸੁਰੀਲੇ ਸੰਗੀਤ ਤੇ ਸੁਰੀਲੀ ਆਵਾਜ਼ ਰਾਹੀਂ ਭਗਵਾਨ ਵਾਲਮੀਕ ਦੇ ਸ਼ਬਦ ਗਾ ਕੇ ਸੰਗਤਾਂ ਦੇ ਮਨਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਹਨਾਂ ਸਾਰਿਆਂ ਦਾ ਸਭਾ ਵੱਲੋਂ ਬਹੁਤ-ਬਹੁਤ ਧੰਨਵਾਦ ਕੀਤਾ ਜਾਂਦਾ ਹੈ। ਬਾਬਾ ਜੀਵਨ ਸਿੰਘ ਨੌਜਵਾਨ ਸਭਾ ਦੇ ਨੌਜਵਾਨਾਂ ਦਾ ਧੰਨਵਾਦ ਜਿਹਨਾਂ ਨੇ ਭਾਰੀ ਮੀਂਹ ਵਿਚ ਸੰਗਤਾਂ ਵਿਚ ਲੰਗਰ ਵਰਤਾਉਣ ਅਤੇ ਸਾਫ ਸਫਾਈ ਕੰਮ ਬਹੁਤ ਹੀ ਸ਼ਰਧਾ ਨਾਲ ਕੀਤਾ ਗਿਆ। ਮੀਂਹ ਨੂੰ ਦੇਖਦੇ ਹੋਏ ਵਿਜੈ ਗਿੱਲ ਅਤੇ ਹਰਪ੍ਰੀਤ ਸਹੋਤਾ ਵੱਲੋਂ ਮੰਦਰ ਨੂੰ ਇਕ ਟੈਂਟ ਡੋਨੇਟ ਕੀਤਾ ਗਿਆ। ਉਹਨਾ ਸਾਰਿਆਂ ਦਾ ਸਭ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਹਰ ਪ੍ਰੋਗਰਾਮ ਵਿਚ ਸਭਾ ਵੱਲੋਂ ਸੰਗਤਾਂ ਨੂੰ ਇਸ ਪ੍ਰੋਗਰਾਮ ਵਾਂਗਹੀ ਸਹਿਯੋਗ ਦੀ ਪੁਰਜ਼ੋਰ ਬੇਨਤੀ ਕੀਤੀ ਜਾਂਦੀ ਹੈ। ਪ੍ਰੋਗਰਾਮ ਦੌਰਾਨ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਦੀ ਸੇਵਾ ਚਾਹਲ ਵੀਡੀਓ ਸੈਕਰਾਮੈਂਟੋ ਵੱਲੋਂ ਕੀਤੀ ਗਈ। ਉਹਨਾਂ ਦਾ ਵੀ ਸਭਾ ਵੱਲੋਂ ਬਹੁਤ-ਬਹੁਤ ਧੰਨਵਾਦ ਕੀਤਾ ਜਾਂਦਾ ਹੈ। ਲੰਗਰ ਦੀ ਸੇਵਾ ਨਰੇਸ਼ ਕੁਮਾਰ ਤੇ ਪਰਿਵਾਰ ਤੇ ਖਰਦੀਪਲ ਗਿੱਲ ਤੇ ਸਮੂਹ ਪਰਿਵਾਰ ਵੱਲੋਂ ਕੀਤੀ, ਉਹਨਾਂ ਦਾ ਵੀ ਧੰਨਵਾਦ।

ਫੋਨ ਟੈਂਪਲ : 530-777-9385

## ਵੱਲੋਂ ਸਮੂਹ ਕਮੇਟੀ

ਫੋਨ ਪ੍ਰਧਾਨ : 530-751-3887

ਪ੍ਰਧਾਨ- ਪ੍ਰੇਮ ਸੌਂਧੀ, ਵਾਈਸ ਪ੍ਰਧਾਨ- ਸੰਤੋਖ ਸਿੰਘ ਗਿੱਲ, ਸਕੱਤਰ- ਸੋਹਣ ਲਾਲ ਸਹੋਤਾ, ਚੇਅਰਮੈਨ- ਗੁਰਪਾਲ ਸਿੰਘ, ਵਾਈਸ ਚੇਅਰਮੈਨ- ਬਲਵੀਰ ਸਿੰਘ ਥਾਪਰ, ਖਜ਼ਾਨਚੀ- ਵਿਨੋਦ ਗਿੱਲ ਅਤੇ ਅਵਿਨਾਸ਼ ਸੌਂਧੀ, ਮੇਨਟੀਨੈਂਸ ਆਰਗੇਨਾਈਜ਼ਰ- ਜਗਜੀਤ ਗਿੱਲ ਤੇ ਸਮੂਹ ਮੈਂਬਰਾਨ

ਵਿਸ਼ੇਸ਼ ਲੇਖ

# ਸਤਿਗੁਰੂ ਨਾਮਦੇਵ ਜੀ

## 'ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ'।।



ਦੱਖਣ ਤੋਂ ਪੈਦਾ ਹੋਏ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਦੱਖਣੀ ਭਾਰਤ ਵਿਚ ਦੇਵਤਾਵਾਦ ਦਾ ਭਾਰੀ ਬੋਲਬਾਲਾ ਹੁਣ ਤੱਕ ਰਿਹਾ ਹੈ। ਕੁਦਰਤ ਦੀ ਬਖਸ਼ੀ ਹਰ ਦਾਤ ਕੁਝ ਵੀ ਮਹੱਤਵ ਤੇ ਵਿਲੱਖਣਤਾ ਰੱਖਦੀ ਸ਼ਕਤੀ, ਦੇਵਤਾ ਮੰਨ ਲਈ ਜਾਂਦੀ ਸੀ। ਦਰਖਤਾਂ ਨੂੰ ਬਨ ਦੇਵਤਾ, ਪਹਾੜਾਂ ਨੂੰ ਗਿਰਦੇਵਤਾ, ਇੰਦਰ ਨੂੰ ਮੀਂਹ ਪਾਉਣ ਵਾਲਾ ਦੇਵਤਾ ਮੰਨਿਆ ਜਾਂਦਾ ਸੀ। ਵਾਯੂ, ਸੂਰਜ, ਚੰਦ, ਨਦੀ, ਦਰਿਆ ਸਭ ਚੀਜ਼ਾਂ ਦੇਵਤੇ ਮੰਨ ਕੇ ਪੂਜੀਆਂ ਜਾਂਦੀਆਂ ਸਨ। ਦੱਖਣ ਦੇਸ਼, ਜਿਸ ਵਿਚ ਵਰਤਮਾਨ ਆਂਧਰਾ, ਕਰਨਾਟਕਾ, ਤਾਮਿਲ, ਕੇਰਲਾ ਅਤੇ ਕੁਝ ਇਸ ਵੇਲੇ ਦੇ ਮਹਾਂਰਾਸ਼ਟਰ ਦਾ ਭਾਗ ਆਉਂਦਾ ਹੈ, ਵੈਸ਼ਨਵ ਧਰਮ ਦੀ ਮੁਢਲੀ ਕਰਮ ਭੂਮੀ ਰਹੀ ਹੈ।

ਵੈਦਿਕ ਧਰਮ ਮਰਿਆਦਾ, ਜੀਵਾਂ ਤੋਂ ਮਨੁੱਖਾਂ ਤੱਕ ਦੀਆਂ ਕੁਰਬਾਨੀਆਂ, ਸ਼ਰੁਤੀਆਂ ਸਿਮਰਤੀ ਦੀ ਮਰਿਆਦਾ, ਬ੍ਰਾਹਮਣੀ ਧਰਮ, ਪਿੱਛੋਂ ਪ੍ਰੋਹਤਵਾਦ ਦੇ ਅਡੰਬਰ ਇਕ ਤੋਂ ਵਧੀਕ ਦਖਲ ਅੰਦਾਜ਼ ਰਹੇ। ਬਿਨਾਂ ਪ੍ਰੋਹਤ ਦ ੀ ਵਿਚੋਲਗੀ ਤੋਂ ਕੀਤੇ ਕਿਸੇ ਤਰ੍ਹਾਂ ਦੇ ਧਰਮ ਦਾ ਕਰਮ, ਪੁੰਨਦਾਨ ਉਚੇਚੇ ਕਰਕੇ ਪ੍ਰਵਾਨ ਹੋਣਾ ਨਹੀਂ ਮੰਨਿਆ ਜਾਂਦਾ ਸੀ। ਇਸ ਕਿਸਮ ਦੇ ਅਡੰਬਰੀ, ਕਰਮਕਾਂਡੀ, ਬ੍ਰਾਹਮਣੀ, ਸ਼ਾਸਤਰੀ, ਧਰਮਾਂ ਦੇ ਜਾਲ ਦੀਆਂ ਤੰਦਾਂ ਬੁੱਧ ਮੱਤ ਨੇ ਤੋੜੀਆਂ, ਵਿਅਕਤੀ ਦੇ ਚਿੰਤਨ ਨੂੰ ਸੁਤੰਤਰਤਾ, ਧਰਮ ਦੇ ਇਖ਼ਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ। ਬੋਧ ਮੱਤ ਦਾ ਸੁੰਨਵਾਦੀ ਚਿੰਤਨ, ਧਾਰਮਿਕ ਸਮਾਜ ਦੇ ਭਗਤੀ ਭਾਵ ਉਤੇ ਨਾਸਤਿਕਤਾ ਦੇ ਪ੍ਰਭਾਵ ਪਾਉਂਦੀ ਸੀ। ਇਸ ਦੀਆਂ ਸ਼ਾਖਾਂ, ਸਿੱਧਾਂ, ਨਾਥਾਂ, ਯੋਗੀਆਂ ਉਤੇ ਤਾਂ ਅਸਰ ਹੋਣੇ ਹੀ ਸਨ, ਉਸ ਸਮੇਂ ਦੇ ਪ੍ਰਬੁੱਧ ਵਿਦਵਾਨ ਸ਼ੰਕਰਾਚਾਰੀਆ ਜਿਹਿਆਂ ਦੇ 'ਦਰਸ਼ਨ' ਵਿਚ ਵੀ ਕਈ ਅੰਸ਼ ਰਲ਼ ਗਏ ਸੀ, ਜਿਸ ਕਾਰਨ ਸ਼ੰਕਰਾਚਾਰੀਆ ਨੂੰ ਅੰਦਰੋਂ ਬੋਧੀ ਹੋਣ ਦੀ ਤੁਹਮਤ ਝੱਲਣੀ ਪਈ ਸੀ। ਪਰ ਇਹ ਗੱਲ ਯਕੀਨਨ ਹੋ ਕੇ ਸ਼ੰਕਰਾਚਾਰੀਆ ਵਰਗੇ ਅਚਾਰੀਆ ਨੇ ਹੀ ਭਾਰਤ ਵਿਚੋਂ ਆਪਣੀ ਵਿਦਵਤਾ ਨਾਲ ਤੇ ਆਪਣੇ 'ਦਰਸ਼ਨ' ਦੁਆਰਾ ਬੁੱਧਮਤ ਤੇ ਜੈਨ ਮੱਤ ਦੀ ਭਾਜ ਲੁਆਈ। ਗਿਆਨ ਤੇ ਮੰਤਕ ਦੇ ਬਲ ਨਾਲ ਹੀ ਭਾਰਤ ਵਿਚੋਂ ਇਹਨਾਂ ਧਰਮਾਂ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਆਪਣੇ ਮੱਤ ਅਦਵੈਤਵਾਦ ਦਾ ਪ੍ਰਭਾਵ ਹਰ ਥਾਂ ਫੈਲਾਇਆ, ਗੀਤਾ ਅਤੇ ਬ੍ਰਹਿਮਸੂਤਰ ਦੇ 'ਭਾਸ਼' ਲਿਖ ਕੇ ਵੈਦਿਕ ਧਰਮ ਨੂੰ ਨਵੀਂ ਪਰਿਭਾਸ਼ਾ ਦਿੱਤੀ। ਆਪਣੇ ਮੱਤ ਨੂੰ ਸਾਰਥਕ ਆਧਾਰ ਦਿੱਤੇ। ਪ੍ਰਾਚੀਨ ਵੈਦਿਕ ਧਰਮ ਨੂੰ ਨਵੇਂ ਅਰਥ ਦੇ ਕੇ ਮੁੜ ਸੁਰਜੀਤ ਕੀਤਾ। ਬੋਧਾਂ ਤੇ ਜੈਨੀ ਪ੍ਰਚਾਰਕਾਂ ਦੀਆਂ ਦਲੀਲਾਂ, ਤਰਕਾਂ ਦਾ ਖੰਡਨ ਕਰਕੇ ਆਪਣੇ ਵਿਚਾਰਾਂ ਨੂੰ ਠੀਕ ਦੱਸਿਆ। ਉਨ੍ਹਾਂ ਕਿਹਾ ਵੈਦ ਮੱਤ ਜਾਂ ਵੇਦਾਂਤ ਦਾ ਗਿਆਨ ਹੀ ਜੀਵ ਲਈ ਮੁਕਤੀ ਦਾਤਾ ਹੈ।

ਸ਼ੰਕਰਾਚਾਰੀਆ ਨੇ 'ਚਾਰ ਮੱਠ' ਅਦਵੈਤ ਮੱਤ ਦੇ ਵਿਚਾਰਾਂ ਦੇ ਵਿਸਥਾਰ ਲਈ ਸਥਾਪਤ ਕੀਤੇ। ਮਠਾਂ ਦੇ ਨਾਲ ਹੀ ਉਚੀ ਤੇ ਸੂਖਮ ਧਾਰਮਿਕ ਵਿੱਦਿਆ ਦੇ ਪ੍ਰਬੰਧ ਕੀਤੇ ਗਏ। 'ਸ਼੍ਰਿੰਗੇਰੀ' ਮੱਠ ਨਾਲ ਸਬੰਧਤ ਮਹਾਂ-ਵਿਦਿਆਲੇ ਵਿਚ ਰਾਮਾਨੁਜ ਨੇ ਵਿੱਦਿਆ ਪ੍ਰਾਪਤ ਕਰਨੀ ਆਰੰਭੀ। (ਰਾਮਾਨੁਜ ਦਾ ਜੀਵਨ ਕਾਲ 1019 ਈਸਵੀ, ਜਨਮ ਨਗਰ ਮਦਰਾਸ ਪਾਸ ਤੇਰੂਕੰਦਰ ਹੈ)

ਰਾਮਾਨੁਜ ਨੇ ਆਪਣੀ ਪਾਰਖੂ ਚੇਤਨਾ ਨਾਲ ਸਮਝ ਲਿਆ ਕਿ ਤੁਸੀਂ ਸ਼ੰਕਰਾਚਾਰੀਆ ਦੀ ਅਦਵੈਤਵਾਦੀ ਵਿਚਾਰਧਾਰਾ ਦਾ ਪ੍ਰਚਾਰਕ ਨਹੀਂ ਬਣਨਾ ਸਗੋਂ ਸ਼ੰਕਰਾਚਾਰੀਆ ਵੱਲੋਂ ਫੈਲਾਏ ਜਾ ਰਹੇ ਪ੍ਰਛੰਨ-ਬੋਧਮਤੀ ਨਾਸਤਕਵਾਦ ਦਾ ਵਿਰੋਧ ਵੀ ਕਰਨਾ ਹੈ। ਸ਼ੰਕਰਾਚਾਰੀਆ ਜੀਵ ਦੇ ਬੰਧਨ ਦਾ ਕਾਰਨ ਅਵਿੱਦਿਆ ਨੂੰ ਮੰਨਦਾ ਸੀ। ਇਹ ਵੀ ਕਹਿੰਦਾ ਸੀ ਕਿ ਅਵਿੱਦਿਆ ਦਾ ਨਾਸ਼ ਗਿਆਨ ਕਰਦਾ ਹੈ। ਹੋਰ ਕਿਸੇ ਕਰਮ ਨਾਲ ਜੀਵ ਦੇ ਬੰਧਨ ਨਹੀਂ ਟੁੱਟਦੇ। ਰਾਮਾਨੁਜ ਸਰਗੁਣਵਾਦੀ, ਭਗਤੀ ਉਪਾਸਨਾ ਰਾਹੀਂ ਮੁਕਤੀ ਸੰਭਵ ਮੰਨਦੇ ਸਨ।

ਕੁਝ ਸਮੇਂ ਪਿੱਛੋਂ ਸਰਗੁਣਵਾਦੀ ਧਾਰਾ ਦੀਆਂ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ ਵੈਸ਼ਨਵ, ਦੂਜਾ ਸ਼ੰਕਰਾਚਾਰੀਆ ਨੂੰ, ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ ਸ਼ੈਵਮਤ। ਇਸ ਵਿਚਾਰਧਾਰਾ ਦੇ ਵਖਰੇਵੇਂ ਕਾਰਨ ਵੈਸ਼ਨਵ ਅਤੇ ਸ਼ੈਵਮਤੀ ਭਗਤੀ ਦਲਾਂ ਵਿਚਕਾਰ ਮਾਰੂ ਝਗੜੇ ਸ਼ੁਰੂ ਹੋ ਗਏ। ਤਾਮਿਲ ਇਲਾਕਿਆਂ ਵਿਚ ਸ਼ੈਵਾਂ ਦਾ ਜ਼ੋਰ ਵੱਧ ਜਾਣ ਕਾਰਨ ਰਾਮਾਨੁਜ ਨੂੰ ਆਪਣੀ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਤੇ ਉਹ ਮਦਰਾਸ ਛੱਡ ਕੇ ਮੈਸੂਰ ਪਾਸ ਸ੍ਰੀ ਰੰਗਮਪੁਰ ਵਿਖੇ ਆਪਣਾ ਟਿਕਾਣਾ ਬਣਾ ਲਿਆ।

ਰਾਮਾਨੁਜ ਜੀ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਚਿੰਤਨ ਪੱਖੋਂ ਮੌਲਿਕ ਰੂਪ ਇਹ ਦਿੱਤਾ- ਜੀਵ, ਬ੍ਰਹਮ ਭਗਤੀ ਦਾ ਉਹ ਸਬੰਧ ਹੈ, ਜੋ ਅੱਗ ਕੋਲੇ ਅਤੇ ਉਸ ਵਿਚੋਂ ਨਿਕਲਣ ਵਾਲੀਆਂ ਚਿਣਗਾਂ ਦਾ ਤਪਸ਼ ਦਾ ਹੁੰਦਾ ਹੈ। ਭਗਤੀ ਉਹ ਉਪਾਸਨਾ ਹੈ ਜੋ ਅੱਗ ਵਿਚ ਪੈ ਕੇ ਅੱਗ ਬਣ ਜਾਂਦੀ ਹੈ, ਭਾਵੇਂ ਉਹ ਖੁਦ ਅੱਗ ਨਹੀਂ ਹੁੰਦੀ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲ ਕੇ ਕ੍ਰਿਸ਼ਨ ਲੀਲਾ ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਰਾਧਾ ਭਗਤੀ ਨੂੰ ਪ੍ਰਚਾਰਨ ਹਿਤ ਵਧੇਰੇ ਕੰਮ ਨਿੰਬਾਰਕ ਅਚਾਰੀਆ ਦਾ ਸੀ। ਇਸ ਤਰ੍ਹਾਂ ਕ੍ਰਿਸ਼ਨ ਜੀ ਨੂੰ, ਵਿਸ਼ਨੂ ਦਾ ਇਸ ਧਰਤੀ ਉਤੇ ਪਰਉਪਕਾਰ ਕਰਨ ਲਈ, 'ਭਗਤ ਹੇਤ ਅਵਤਾਰ' ਧਾਰ ਕੇ ਆਉਣਾ ਅਤੇ ਕ੍ਰਿਸ਼ਨ ਭਗਤੀ ਨੂੰ ਪ੍ਰਾਪਤੀ ਦਾ ਸਾਧਨ ਪ੍ਰਚ-ਾਰਿਆ ਜਾਣ ਲੱਗਾ। ਇਸ ਤਰ੍ਹਾਂ 'ਰਾਧਾ ਕ੍ਰਿਸ਼ਨ' ਭਗਤੀ ਦੀ ਇਸ ਸ਼ਾਖ ਉਤੇ ਬਿਰਹਾ ਦੇ ਭੰਵਰੇ ਮੰਡਰਾਉਂਦੇ, ਪ੍ਰੇਮ ਪ੍ਰੀਤ ਦੀਆਂ ਗੂੰਜਾਂ ਪਾਉਣ ਲੱਗੇ।



ਪ੍ਰੋ: ਐਚ.ਐਲ.ਕਪੂਰ
001- 916- 587-4002

ਉਕਤ ਭਗਤੀ ਦੀ ਇਸ ਵਿਧੀ ਨਾਲ, ਕ੍ਰਿਸ਼ਨ ਜੀ ਨਾਲ ਜੋੜ ਕੇ ਅਨੇਕ ਕਿਸਮ ਦੀਆਂ ਕਲਪਿਤ ਤੇ ਦੈਵੀ ਸ਼ਕਤੀਆਂ ਜੋੜ ਲਈਆਂ ਗਈਆਂ। ਧੜਾਧੜ ਰਾਜ ਘਰਾਣਿਆਂ ਤੇ ਆਮ ਜਨਤਾ ਨੇ ਦੱਖਣ ਵਿਚ ਪੌਰਾਣਿਕ ਦੇਵਤਿਆਂ ਦੇ ਨਾਮਾਂ ਤੇ ਮੰਦਰਾਂ ਦੀ ਉਸਾਰੀ ਕਰ ਲਈ ਅਤੇ ਭਗਤੀ ਦੀਆਂ ਨੌਂ ਰੀਤਾਂ ਬਣਾਈਆਂ ਗਈਆਂ। ਸ਼੍ਰੀਮਦ ਭਗਵਤ ਨੇ ਭਗਤੀ ਦੇ ਨੌਂ ਪ੍ਰਕਾਰ ਇਹ ਦੱਸੇ ਹਨ: - ਸ਼੍ਰਵਣ ਕਰਨਾ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਾ ਬੰਦਨਾ, ਦਾਸਭਾਵ, ਸਾਖਾਭਾਵ, ਆਤਮ, ਨਿਵੇਦਨ। ਇਸ ਨਾਲ ਅੰਧ-ਵਿਸ਼ਵਾਸ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ ਜਾਂ ਕੁਕਰਮਾਂ ਵਾਲੀ ਕਰਮਕਾਂਡੀ ਦੀਆਂ ਭਗਤੀ ਦੀਆਂ ਅਨੇਕਾਂ ਦੁੱਖ ਭਰੀਆਂ ਰੀਤਾਂ ਚੱਲੀਆਂ ਜਿਵੇਂ:- ਸਿਰ ਪਰਨੇ ਚੱਲ ਕੇ ਦੇਵ ਪੂਜਾ ਕਰਨੀ, ਅਸ਼ਟਾਂਗ ਪ੍ਰਣਾਮ ਕਰਦੇ ਹੋਇਆਂ ਲੰਮੇ ਪੈ ਕੇ ਉੱਠਣਾ ਫਿਰ ਲੇਟ ਕੇ ਯਾਤਰਾ ਕਰਨੀ, ਜੀਭ ਕੱਟ ਕੇ ਦੇਵਤੇ ਨੂੰ ਚੜ੍ਹਾਉਣੀ, ਬੁੱਲ੍ਹ ਸੀਓਂ ਲੈਣੇ, ਇਕ ਤੋਂ ਵੱਧ ਦੂਜੇ ਸਰੀਰਕ ਕਸ਼ਟਾਂ ਨੂੰ ਭਗਤੀ ਮੰਨਿਆ ਜਾਣ ਲੱਗਾ। ਮੂਰਤੀਆਂ ਦੀ ਸਥਾਪਨਾ ਨੇ ਸਾਰੇ ਹੱਦ-ਬੰਨ੍ਹੇ ਪਾਰ ਕਰ ਦਿੱਤੇ। ਇੱਥੇ ਇਤਿਹਾਸਕਾਰ 'ਸੇਰਿੰਗ' ਲਿਖਦਾ ਹੈ- "ਭਾਰਤ ਦੇ ਲੋਕਾਂ ਨਾਲੋਂ ਮੂਰਤੀਆਂ ਵਧੇਰੇ ਹਨ।'' ਸੱਤਵੀਂ-ਅੱਠਵੀਂ ਸਦੀ ਵਿਚ ਮੂਰਤੀ ਪੂਜਾ ਸਿਖਰਾਂ ਤੇ ਪੁੱਜ ਗਈ। ਜਿਸ ਵੀ ਭਗਤ ਵਿਚ ਜਿਹੋ-ਜਿਹੀ ਭਾਵਨਾ ਉਤਪੰਨ ਹੋਈ, ਉਸੇ ਤਰ੍ਹਾਂ ਦੀ ਉਸ ਨੇ ਮੂਰਤੀ ਖੜ੍ਹੀ ਕਰ ਲਈ।

ਬ੍ਰਾਹਮਣਾਂ ਦਾ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਇਸ ਕਿਸਮ ਦੀ ਦੇਵ ਭਗਤੀ ਨੂੰ ਉਤਸ਼ਾਹ ਦਿੰਦੇ ਰਹਿਣਾ ਕੁਦਰਤੀ ਸੀ। ਜਨ ਸਧਾਰਨ ਤੋਂ ਲੈ ਕੇ ਵਿਸ਼ੇਸ਼ ਜਾਤੀਆਂ ਦੀ ਪੂਜਾ-ਅਰਚਨਾ, ਪ੍ਰੋਹਿਤ ਅਚਾਰੀਆ ਵਿਧੀ ਅਨੁਸਾਰ, ਜੋ ਬ੍ਰਾਹਮਣ ਕਿਰਿਆ ਕਰਾਉਂਦੇ ਸਨ ਉਹੋ ਸਫਲ ਕਰਮ ਮੰਨੇ ਜਾਂਦੇ ਸਨ। ਬ੍ਰਾਹਮਣਾਂ ਦੇ ਝੁੰਡ ਮੰਦਰਾਂ ਦੇ ਆਸ ਪਾਸ ਮੰਡਰਾਉਂਦੇ ਰਹਿੰਦੇ ਸਨ। ਛੂਤ-ਛਾਤ ਦੇ ਭੂਤ ਤੋਂ ਕੁਲੀਨ ਲੋਕ ਡਰਦੇ ਸਨ। ਅਛੂਤਾਂ ਨੂੰ ਮਾਰਗਾਂ ਉਤੇ ਤੁਰਨ ਸਮੇਂ, ਪੈਰਾਂ ਦੇ ਚਿੰਨ੍ਹ ਮਿਟਾਉਣ ਲਈ ਆਪਣੇ ਪਿੱਛੇ ਛਾਪੇ ਬੰਨ੍ਹ ਕੇ ਚੱਲਣਾ ਪੈਂਦਾ ਸੀ, ਤਾਂ ਕਿ ਭ੍ਰਿਸ਼ਟ ਲੋਕਾਂ ਦੀ ਪੈੜ ਦੀ ਮਿੱਟੀ ਕੁਲੀਨ ਲੋਕਾਂ ਨੂੰ ਭਿੱਟ ਨਾ ਚਾੜ੍ਹ ਦੇਵੇ। ਪਰ ਰਾਮਾਨੁਜ ਜੀ ਨੇ ਇਸ ਪੱਖੋਂ ਉਦਾਰਤਾ ਦਿਖਾਈ ਤੇ ਐਲਾਨ ਕੀਤਾ ਕਿ ਸਭ ਜਨ ਸਧਾਰਨ ਲਈ ਭਗਤੀ ਦੇ ਦੁਆਰ ਖੁੱਲ੍ਹੇ ਹਨ। ਪ੍ਰੰਤੂ ਬ੍ਰਾਹਮਣ ਪ੍ਰਭਾਵੀ ਸਮਾਜ ਵਿਚ, ਇਸ ਭਗਤੀ ਦੀ ਖੁੱਲ੍ਹ ਦੀ, ਰੱਜ ਕੇ ਵਿਰੋਧਤਾ ਹੋਈ।

ਭਗਤੀ ਮੱਤ ਦੇ ਇਸ ਸੰਖੇਪ ਜਿਹੇ ਪਿਛੋਕੜ ਤੋਂ ਜਾਣੂ ਹੋਣਾ ਇਸ ਲਈ ਜ਼ਰੂਰੀ ਸੀ, ਕਿਉਂਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜਿਹਨਾਂ ਭਗਤਾਂ ਦੀ ਬਾਣੀ ਦਰਜ ਹੈ, ਜਿਸ ਆਚਾਰੀਆ ਦੇ ਪਹਿਲਾਂ ਪ੍ਰਮੁੱਖ ਚੇਲੇ ਸਨ, ਉਹਨਾਂ ਦਾ ਪਿੱਛਾ ਰਾਮਾਨੰਦ ਤੋਂ ਰਾਮਾਨੁਜ ਨਾਲ ਜੁੜਦਾ ਹੈ।

ਸਵਾਮੀ ਰਾਮਾਨੰਦ ਦੇ ਅਚਾਰੀਆ ਰਾਮਾਨੁਜ ਪੱਧਤੀ ਦੇ ਚੌਧਵੇਂ ਅਚਾਰੀਆ ਸਨ। ਇਹਨਾਂ ਭਗਤਾਂ ਦੇ ਸਮਕਾਲੀ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਵੀ ਸਨ। ਇਹਨਾਂ ਮਹਾਨ ਭਗਤਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬੇਸ਼ੱਕ ਨਾਮਦੇਵ ਜੀ ਤੇ ਤ੍ਰਿਚੋਲਨ ਜੀ, ਮਹਾਂਰਾਸ਼ਟਰੀ (ਦੱਖਣੀ) ਵੱਖਰੀ ਪੱਧਤੀ ਦੀ ਸ਼ਾਖ ਦੇ ਫੁੱਲ ਸਨ, ਪ੍ਰੰਤੂ ਉਹਨਾਂ ਦਾ ਰਾਮਾਨੰਦ ਜੀ ਨਾਲ ਮੇਲ ਹੋਣ ਦੇ ਵੀ ਪ੍ਰਮਾਣ ਮਿਲਦੇ ਹਨ। ਇਸ ਤੋਂ ਉੱਤਰੀ ਭਾਰਤ ਤੇ ਦੱਖਣ ਦੇ ਭਗਤਾਂ ਦੇ ਸਮਕਾਲੀ ਹੋਣ ਦੀ ਭੂਮਿਕਾ ਵੀ ਸਾਹਮਣੇ ਆਉਂਦੀ ਹੈ।

ਭਗਤ ਰਾਮਾਨੰਦ ਜੀ, ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ ਸੰਪਰਦਾਇ- ਰਾਮਾਨੁਜੀ ਕ੍ਰਿਸ਼ਨ ਭਗਤੀ ਤੋਂ ਵੱਖਰੀ ਰਾਮ ਭਗਤ ਸ਼ਾਖਾ ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ। ਇਸ ਤਰ੍ਹਾਂ ਕ੍ਰਿਸ਼ਨ ਭਗਤੀ ਤੋਂ ਜੋ ਭਗਤੀ ਮੱਤ ਦੀ ਪਹਿਲੀ ਪ੍ਰਚਲ ਪ੍ਰਣਾਲੀ ਸੀ ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉਤਰੀ ਭਾਰਤ ਵਿਚ ਭਗਤ ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ। ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਨ੍ਹਾਂ ਸਭ ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

ਇਤਿਹਾਸਕਾਰਾਂ ਅਨੁਸਾਰ ਪਹਿਲੀ ਵਾਰ ਨਾਮਦੇਵ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਦੱਖਣ ਦੇ ਕੁਮਾਰ ਤੀਰਥ ਉਤੇ ਹੋਇਆ। ਦੂਜੀ ਵਾਰ ਜਨਮਸਾਖੀ ਮਿਹਰਬਾਨ ਜੀ ਵਾਲੀ ਅਨੁਸਾਰ ਅਯੁੱਧਿਆ ਵਿਚ ਮੇਲ ਹੋਇਆ। ਅਯੁੱਧਿਆ ਵਿਚ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਰਨ ਲਈ ਸ੍ਰੀ ਸੈਣ ਜੀ ਗੁਰੂ ਨਾਨਕ ਦੇਵ ਜੀ ਤੋਂ ਮਿਲਾਪ ਕਰਨ ਦੀ ਆਗਿਆ ਲੈਣ ਲਈ ਸਾਰੀ ਭਗਤ ਮੰਡਲੀ ਵੱਲੋਂ ਗਏ। ਇਸ ਵਿਚ ਸ੍ਰੀ ਨਾਮਦੇਵ ਜੀ ਵੀ ਸ਼ਾਮਲ ਸਨ। ਇਹਨਾਂ ਮਿਲਣੀਆਂ ਵਿਚ ਸਭ ਭਗਤ ਗੁਰੂਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਤੇ ਨਿਰਗੁਣ ਵਿਚਾਰਧਾਰਾ ਦਾ ਪ੍ਰਭਾਵ ਪਿਆ। ਖੂਬ ਵਿਚਾਰ ਵਟਾਂਦਰਾ ਹੋਇਆ। ਇਸ ਸਚਿਆਈ ਦਾ ਵਰਣਨ ਖੁਦ ਨਾਮਦੇਵ ਜੀ ਦੀ ਬਾਣੀ ਦੀ ਇਸ ਸੱਤਰ ਤੋਂ ਮਿਲਦਾ ਹੈ- "ਗਿਆਨ ਅੰਜਨੁ ਸੋ ਕਉ ਗੁਰਿ ਦੀਨਾ।''

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਨਾਮਦੇਵ ਜੀ ਦੀ ਬਾਣੀ 'ਚ ਰਾਗਾਂ ਵਿਚ ਆਉਂਦੀ ਹੈ। ਰਾਗਾਂ ਦੇ ਨਾਂ ਇਸ ਪ੍ਰਕਾਰ ਹਨ:- 1. ਗੌਂਡ, 2. ਮਾਲੀ ਗਉੜਾ, 3. ਮਾਰੂ, 4. ਭੈਰਉ, 5. ਬਸੰਤ, 6. ਸਾਰੰਗ, 7. ਮਲਾਰ, 8. ਕਾਨੜਾ, 9. ਪ੍ਰਭਾਤੀ, 10. ਗਾਉੜੀ, 11 ਆਸਾ, 12. ਗੂਜਰੀ, 13. ਸੋਰਠ, 14. ਧਨਾਸਰੀ, 15. ਟੋਡੀ, 16. ਤਿਲੰਗ, 17. ਬਿਲਾਵਲ, 18. ਰਾਮਕਲੀ। ਕੁੱਲ ਪਦੇ 61 ਹਨ। ਤਿੰਨ ਸ਼ਲੋਕ ਕਬੀਰ ਜੀ ਦੇ ਸ਼ਲੋਕਾਂ ਵਿਚ ਲਿਖੇ ਹੋਏ ਹਨ।

ਨਾਮਦੇਵ ਜੀ ਦੀ ਸਰਲ ਜਿਹੀ ਹਿੰਦੀ ਵਿਚ ਮਿਲਦੀ ਹੋਰ ਬਾਹਰਲੀ ਬਾਣੀ ਸ਼ਾਮਲ ਕਰਕੇ ਕੁੱਲ ਪਦੇ 234 ਕਹੇ ਜਾਂਦੇ ਹਨ। ਹਿੰਦੀ ਅਤੇ ਮਰਾਠੀ ਵਿਦਵਾਨ ਨਾਮਦੇਵ ਜੀ ਦੀ ਇਸ ਰਚਨਾ ਨੂੰ 'ਹਿੰਦੀ ਪਦਾਵਲੀ' ਦਾ ਨਾਮ ਦਿੰਦੇ ਹਨ। ਮਰਾਠੀ ਵਿਚ ਨਾਮਦੇਵ ਜੀ ਦੇ ਨਾਮ ਹੇਠ 'ਅਭੰਗਾਂ' (ਗੀਤਾ) ਦੀ ਗਿਣਤੀ 25 ਹਜ਼ਾਰ ਤੱਕ ਚਲਦੀ ਹੈ। ਮਰਾਠੀ ਦੇ ਕਵੀ, ਸੰਤ ਭਗਤ, ਰਚਨਾਕਾਰ ਘੱਟੋ ਘੱਟ ਛੇ ਨਾਮਦੇਵ ਪ੍ਰਸਿੱਧ ਹਨ। ਕਿਉਂਕਿ 'ਅਭੰਗ' ਸਾਰਿਆਂ ਦੇ ਇਕੱਠੇ ਕੀਤੇ ਹੋਏ ਹਨ। ਇਸ ਗੱਲ ਦਾ ਪਤਾ ਲਾਉਣਾ ਕਿਸ ਸੰਤ ਭਗਤ ਜਾਂ ਰਚਨਾਕਾਰ ਦੇ ਕਿੰਨੇ 'ਅਭੰਗ' ਹਨ ਇਕ ਲੰਮੀ ਪੜਤਾਲ ਦਾ ਵਿਸ਼ਾ ਹੈ। ਇਸ ਗੱਲ ਦਾ ਨਿਰਣਾ ਅਜੇ ਤੱਕ ਨਹੀਂ ਹੋ ਸਕਿਆ ਤੇ ਨਿਰਣੇ ਕਰਨਾ ਵੀ ਅਸੰਭਵ ਜਾਪਦਾ ਹੈ। ਮਹਾਂਰਾਸ਼ਟਰ ਸਰਕਾਰ ਨੇ ਇਕ ਵੱਡ-ਆਕਾਰੀ ਗ੍ਰੰਥ 'ਨਾਮਦੇਵ ਗਾਥਾ' ਜਿਸ ਦੇ 1150 ਸਫ਼ੇ ਹਨ, ਛਾਪਿਆ ਹੈ। ਜਿਸ ਵਿਚ ਇੱਧਰੋਂ ਉਧਰੋਂ ਜੋ ਵੀ ਨਾਮਦੇਵ ਦੇ ਨਾਮ ਨਾਲ ਰਚਨਾ ਮਿਲਦੀ ਸੀ, ਸਭ ਕੁਝ ਇਕੱਠਾ ਕਰਕੇ ਛਾਪ ਦਿੱਤਾ ਹੈ। ਹਿੰਦੀ ਪਦੇ, ਜਿਹਨਾਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਾਲੇ ਪਦੇ ਵੀ ਸ਼ਾਮਲ ਹਨ।

'ਪ੍ਰਾਚੀਨ ਮਰਾਠੀ ਸੰਤ ਕਵੀ' ਅਨੁਸਾਰ ਨਾਮਦੇਵ ਜੀ ਛੇ ਹੋਏ ਹਨ। ਜਿਹਨਾਂ ਦੇ 'ਅਭੰਗ' ਮਰਾਠੀ ਵਿਚ ਗਾਏ ਜਾਂਦੇ ਹਨ। 'ਹਿੰਦੀ ਨਿਰਗੁਣ ਕਾਵਯ, ਕਾ ਪ੍ਰਾਰੰਭ ਔਰ ਨਾਮਦੇਵ ਜੀ ਕੀ ਹਿੰਦੀ ਕਵਿਤਾ।' ਡਾ. ਸੰ. ਕੇ. ਅਡੇਕਰ ਦਾ ਪੀ. ਐਚ. ਡੀ. ਦਾ ਖੋਜ ਨਿਬੰਧ ਹੈ, ਇਸ ਪੂਰੇ ਨਿਬੰਧ ਵਿਚ ਛੇ ਨਾਮਦੇਵ ਹੋਣ ਦੀ ਪੁਸ਼ਟੀ ਵੇਰਵੇ ਦੇ ਕੇ ਇਸ ਤਰ੍ਹਾਂ ਕੀਤੀ ਗਈ ਹੈ-

ਪਹਿਲੇ ਨਾਮਦੇਵ ਨੂੰ ਗਿਆਨੇਸ਼ਵਰ ਦਾ ਸਮਕਾਲੀ ਦੱਸਿਆ ਹੈ। ਵੋਹ ਕੁਛ ਅਭੰਗੋਂ ਮੇਂ ਆਪਨੇ ਨਾਮ ਕਾ ਉਲੇਖ ਕੇਵਲ 'ਨਾਮਾ' ਸ਼ਬਦ ਸੇ ਕਰਤੇ ਹੈ। ਕੁਝ ਅਭੰਗੋਂ ਮੇਂ ਅਪਨੇ ਨਾਮ ਕਾ ਉਲੇਖ 'ਵਿਸਹਾਰ ਨਾਮਾ' ਸ਼ਬਦ ਸੇ ਕਰਤੇ ਹੈ ਤਥਾ ਵਿਸ਼ਨੂਦਾਸ ਨਾਮਾ ਆਦਿ ਮੁਦ੍ਰਾਯੋ ਦੁਆਰਾ ਅਪਨਾ ਪ੍ਰੀਚਯ ਦੇਤੇ ਹੈਂ।''

ਦੂਜੇ ਵਿਸ਼ਨੂਦਾਸ ਨਾਮ, 'ਨਾਮਦੇਵ ਕੇ ਮਰਾਠੀ ਅਭੰਗ ਤਥਾ ਹਿੰਦੀ ਪਦੋਂ ਮੇਂ ਵਿਸ਼ਣੂ ਦਾਸ ਨਾਮਾ ਕਾ ਨਾਮ ਬਾਰ-ਬਾਰ ਆਇਆ ਹੈ। ਉਨ ਕਾ ਕਾਲ 1580-1633 ਕੇ ਮਧਯ ਹੈ ਦੋਨੋਂ ਮੇਂ ਢਾਈ ਸੌ ਵਰਸ਼ ਕਾ ਅੰਤਰ ਹੈ।'

ਤੀਜਾ ਨਾਮ ਪਾਠਕ: ਸੰਤ ਇਕਾਨਾਥ ਕ੍ਰਿਤ ਮਾਲਾ ਵਿਚ ਇਸ ਨਾਮੇ ਦਾ ਉਲੇਖ ਆਉਂਦਾ ਹੈ।

ਚੌਥਾ ਨਾਮਦੇਵ ਸਿੰਪੀ- 'ਮਹਾਨ ਭਾਵੀ ਪੰਥੀ ਏਕ ਅਨਯ ਵਿਅਕਤੀ ਨਾਮਦੇਵ ਭੀ ਪ੍ਰਸਿੱਧ ਹੈ ਜਿਸ ਦਾ ਉਲੇਖ ਮਹਾਨ ਭਾਵ ਪੰਥੀ ਗਿਆਨੇਸ਼ਵਰ ਕਾਲ ਕਾ ਮਾਨਤੇ ਹੈਂ, ਅਪਨੇ ਆਪ ਕੋ ਵਿਸਨੂੰਦਾਸ ਨਾਮਾ ਜੀ ਲਿਖਤੇ ਹੈਂ।

(ਗਿਆਨਦੇਵ ਅਤੇ ਗਿਆਨੇਸ਼ਵਰ ਨੂੰ ਇਕ ਮੰਨਣ ਵਾਲਿਆਂ ਦਾ ਹੀ ਇਹ ਮਤ ਹੋ ਸਕਦਾ ਹੈ। ਅਸਲ ਵਿਚ ਇਹੋ ਹੀ ਉਹ ਨਾਮਦੇਵ ਹਨ ਜਿਹਨਾਂ ਨੂੰ ਪਛਾਨਣਾ ਹੈ।)

ਪੰਜਵਾਂ ਨਾਮਦੇਵ ਮਹਾਨ ਭਾਵ ਪੰਥੀ ਏਕ ਔਰ ਨਾਮਦੇਵ ਭੀ ਪ੍ਰਸਿੱਧ ਹੈ, ਜਿਸ ਕਾ ਉਲੇਖ ਮਹਾਨ ਭਾਵ ਪੰਥ ਕੇ ਪ੍ਰਸਿੱਧ ਗ੍ਰੰਥ 'ਬਿਠੁਲ ਬੀਰੂ ਕਥਨ' ਨਾਮ ਪ੍ਰਕਰਣ ਮੇਂ ਆਤਾ ਹੈ। ਯਹ ਕੋਲੀ (ਮਛੂਆ ਜਾਤੀ ਕਾ ਥਾ)

ਛੇਵਾਂ ਬਲਕ੍ਰੀੜਾ ਕਰਤਾ ਨਾਮਦੇਵ, ਇਸ ਕੇ ਬਾਲ ਲੀਲਾ ਕੇ ਅਭੰਗ ਬਹੁਤ ਹੀ ਮਧੁਰ ਹੈ ਕਿੰਤੂ ਇਨ ਅਭੰਗੋਂ ਕੀ ਭਾਸ਼ਾ ਪ੍ਰਾਚੀਨ ਪ੍ਰਤੀਤ ਹੋਤੀ ਹੈ। ਉਸ ਨੇ ਆਪਨੇ ਏਕ ਅਭੰਗ ਮੇਂ ਵਿਸੋਵਾ ਖੇਤਰ ਕਾ ਉਲੇਖ ਕੀਆ ਹੈ।

ਅਸੀਂ ਇਨ੍ਹਾਂ ਛੇ ਨਾਮਦੇਵਾਂ ਵਿਚੋਂ ਉਸ ਨਾਮਦੇਵ ਦੀ ਪਛਾਣ ਕਰਨੀ ਹੈ, ਜਿਸ ਨਾਮਦੇਵ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ, ਉਹ ਨਾਮਦੇਵ ਜੀ ਕਿਹੜੇ ਹਨ? 'ਸਕਲ ਸੰਤ ਗਾਥਾ' ਗ੍ਰੰਥ ਵਿਚ ਨਾਮਦੇਵ ਛਾਪ ਹੇਠਾਂ ਪੰਝੀ ਹਜ਼ਾਰ ਅਭੰਗ ਦੱਸੇ ਹੋਏ ਹਨ। ਇਨ੍ਹਾਂ ਵਿਚ ਪੰਜ ਸੌ, ਵੱਧ ਤੋਂ ਵੱਧ ਛੇ ਸੌ ਅਭੰਗ ਹੀ ਉਸ ਅਸਲ ਨਾਮਦੇਵ ਦੇ ਮੰਨੇ ਜਾਂਦੇ ਹਨ, ਜੋ ਸਿੰਪੀ (ਛੀਂਬਾ) ਸੀ। ਜਿਸ ਨਾਲ ਕਈ ਚਮਤਕਾਰ ਜੁੜੇ ਹੋਏ ਹਨ। ਕਈ ਨਾਮਦੇਵ ਹੋਣ ਕਾਰਨ ਇਕ ਦੂਜੇ ਨਾਲ ਪ੍ਰਸੰਗ ਅਤੇ ਰਚਨਾ ਮੇਲਣ ਦੀ ਖਿੱਚੋਤਾਣ ਖੋਜਕਾਰਾਂ ਵਿਚ ਚਲਦੀ ਆ ਰਹੀ ਹੈ। ਅਲੱਗ ਅਲੱਗ ਖੋਜਕਾਰਾਂ ਤੇ ਵਿਦਵਾਨਾਂ ਦੀ ਅਲੱਗ ਅਲੱਗ ਰਾਏ ਹੈ ਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜੋ ਬਾਣੀ ਨਾਮਦੇਵ ਜੀ ਦੀ ਆਈ ਹੈ, ਉਹ ਉਕਤ ਦੱਸੇ ਗਏ ਚੌਥੇ ਸਥਾਨ ਤੇ ਆਏ ਨਾਮਦੇਵ ਸਿੰਪੀ ਜੀ ਦੀ ਹੈ, ਜੋ ਗਿਆਨਦੇਵ ਵੈਸ਼ਣਵ ਦੇ ਸਮਕਾਲੀ ਸਨ। ਇਸ ਗੱਲ ਨੂੰ ਮਹਾਨ ਵਿਦਵਾਨ ਸ੍ਰੀ ਭਾਰਦਵਾਜ ਨੇ ਆਪਣੀ ਪੁਸਤਕ 'ਗਿਆਨੇਸ਼ਵਰ ਵ ਗਿਆਨ ਦੇਵ' ਵਿਚ ਉਦਾਹਰਣਾਂ ਸਹਿਤ ਪ੍ਰਮਾਣ ਦੇ ਕੇ ਦੱਸਿਆ ਹੈ। ਉਹਨਾਂ ਦੇ ਕਥਨ ਯਥਾਰਥ ਦੇ ਕਾਫੀ ਨੇੜੇ ਮੰਨੇ ਜਾਂਦੇ ਹਨ।

ਨਾਮ ਛੀਂਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ।।
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ।।
ਸੁਰਿ ਨਰ ਤਿਨ ਕੀ ਬਾਣੀ ਅਵਹਿ ਕੋਇ ਨ ਮੇਟੇ ਭਾਈ।।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਭਗਤਾਂ ਦਾ ਸਭ ਤੋਂ ਪਹਿਲਾ ਉਕਤ ਵਰਣਨ ਮਹਲਾ ਤੀਜਾ ਗੁਰੂ ਅਮਰਦਾਸ ਜੀ ਦੀ ਬਾਣੀ ਸਿਰੀ ਰਾਗ, ਵਿਚ ਆਇਆ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿਚ ਕਿਸੇ ਭਗਤ ਦਾ ਜਾਂ ਉਨ੍ਹਾਂ ਦੀ ਬਾਣੀ ਦਾ ਕੋਈ ਜ਼ਿਕਰ ਨਹੀਂ ਕੀਤਾ।

ਇਸ ਤੋਂ ਪਤਾ ਚਲਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਭਗਤਾਂ ਦੀ ਬਾਣੀ, ਗੁਰਬਾਣੀ ਦੀਆਂ ਪੋਥੀਆਂ ਵਿਚ ਲਿਖੇ ਜਾਣ ਦਾ ਕਰਮ ਚੱਲਿਆ। ਆਦਿ ਬੀੜ ਦੀ ਰਚਨਾ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੀ ਭਗਤ ਮਾਲਾ ਤੇ ਹੋਰ ਪ੍ਰਾਚੀਨ ਗ੍ਰੰਥਾਂ ਮੁਤਾਬਕ ਸ਼ਬਦ ਤੇ ਬਾਣੀਆਂ ਇਕੱਠੀਆਂ ਕਰਨ ਲਈ ਦੂਰ-ਦੂਰ ਤੱਕ ਹੁਕਮ ਭੇਜੇ, ਭਾਈ ਪੈੜਾ ਕੋਹਲੀ ਜਿਹੇ ਸਿੱਖਾਂ ਨੂੰ ਲੰਕਾ ਭੇਜ ਕੇ ਪ੍ਰਾਣ ਸੰਗਲੀ ਆਦਿ ਰਚਨਾਵਾਂ ਮੰਗਵਾਈਆਂ। ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚੋਂ ਸਾਨੂੰ ਜੀਵਨ ਜਾਂਚ ਸਿੱਖਣ ਲਈ ਤੇ ਅਧਿਆਤਮਕ ਜੀਵਨ ਜਿਉਣ ਲਈ ਅਨੇਕ ਪ੍ਰਕਾਰ ਦੀ ਸੇਧ ਮਿਲਦੀ ਹੈ।

ਉਹਨਾਂ ਸਿੱਖਿਆਵਾਂ ਤੇ ਅਮਲ ਕਰਕੇ ਵਧੀਆ ਮਾਨਵ ਬਣਿਆ ਜਾ ਸਕਦਾ ਹੈ। ਉਨ੍ਹਾਂ ਦੀ ਬਾਣੀ ਜੋ ਯੋਧਪੁਰ ਵਾਲੀ ਪੋਥੀ ਵਿਚ ਦਰਜ ਹੈ, ਉਸ ਵਿਚੋਂ ਕੁਝ ਟੂਕਾਂ ਨਿਮਨ ਲਿਖਤ ਅਨੁਸਾਰ ਹਨ:-

ਸਾਚਾ ਤੁਮਹਾਰ ਨਾਉ ਹੈ, ਝੂਠਾ ਸਭ ਸੰਸਾਰ।।
ਮਨਸ਼ਾ ਬਾਚਾ ਉਨਮੁਨਾ, ਕਲਿ ਕੇਵਲ ਨਾਮ ਆਧਾਰ।।
ਦੁਨੀਆਂ ਮੈ ਦੋ ਜੁਗੁਘਣਾ, ਦਾਰਣਦੁਖ ਅਧਿਕ ਅਪਾਰ।।

(ਬਾਕੀ ਅਗਲੇ ਸਫੇ ਤੇ)

# ਸਤਿਗੁਰੂ ਨਾਮਦੇਵ ਜੀ

ਮੈ ਤੋ ਬਿਚ ਪਰਦਾ ਕਿਹਾ ਲੋਭ ਬਛਾਈ ਕਾਮ।।
ਕੋ ਏਕ ਹਰਿਜਨ ਉਬਰੇ,
ਜਿਨਿ ਸਿਮਰਿਆ ਨਿਹਚਲ ਰਾਮ।।
ਲੋਕ ਬੇਦ ਕੇ ਸੰਗ ਬ੍ਰਹਮਾ, ਸਲਿਲ ਮੋਹ ਕਾ ਧਾਰ।।
ਜਨ ਨਾਮਦੇਵ ਕੇ ਸਵਾਮੀ ਬੀਠੁਲਾ,
ਮੋਹਿ ਖੇਵਿ ਉਤਾਰੋ ਪਾਰ।।

ਉਕਤ ਪਦਾ ਨਾਮਦੇਵ ਜੀ ਦੀ ਪਰਪੱਕ ਅਧਿਆਤਮਕ ਅਵਸਥਾ ਦਾ ਪ੍ਰਮਾਣ ਹੈ। ਇਸਦਾ ਕਾਵਿ ਰੂਪ ਭੀ ਸਲੋਕਾਂ ਵਾਲਾ ਹੀ ਹੈ।

ਬਿਸਨੁਦਾਸ ਨਾਮਪਦ ਦੀ ਵਰਤੋਂ ਵੀ ਇਕ ਤੁਕ ਵਿਚ ਆਈ ਹੈ ਜਿਸ ਤੋਂ ਨਾਮਦੇਵ ਜੀ ਦੇ ਵੈਸ਼ਨਵ ਹੋਣ ਦਾ ਪਤਾ ਲੱਗਦਾ ਹੈ।

ਬਿਸਨੁ ਦਾਸ ਨਾਮਾ ਇਹਿਆ ਸੰਗੇ ਭੇਟੀ ਲਾ ਸੇਈ।।

ਇਕਾਦਸ਼ੀ ਵਰਤ ਜੋ ਨਾਮਦੇਵ ਜੀ ਪਹਿਲਾਂ ਰੱਖਦੇ ਰਹੇ, ਫਿਰ ਵਿਰੋਧੀ ਹੋ ਗਏ, ਬਾਹਰਲੀ ਬਾਣੀ ਵਿਚ ਭੀ ਵਿਰੋਧੀ ਪ੍ਰਭਾਵੀ ਜ਼ਿਕਰ ਆਉਂਦਾ ਹੈ:-

'ਏਕਾਦਸ਼ੀ ਵਰਤ ਕਰੇ ਕਾਹੇ ਕੋ ਤੀਰਥ ਜਾਈ।।''

ਗੁਰੂ ਸ਼ਬਦ ਨੂੰ ਬੈਕੁੰਠ ਦਾ ਸਾਧਨ ਮੰਨਿਆ ਹੈ-

ਗੁਰੂ ਕੈ ਸ਼ਬਦ ਬੈਕੁੰਠ ਨਿ ਸਰਦੀ।
ਹਿਰਦੈ ਰਾਗ ਪ੍ਰੇਮ ਰਸ ਬਾਣੀ।।

ਸਤਿਨਾਮ ਸ਼ਬਦ ਦੀ ਵਰਤੋਂ ਭੀ, ਜੋਧਪੁਰੀ ਪੋਥੀ ਦੇ ਇਨ੍ਹਾਂ ਪਦਿਆਂ ਵਿਚ ਆਈ ਹੈ:-

ਭਣਤ ਨਾਮਦਿਉ ਛੀਪਾ ਕਹੇਰੇ ਪੁਕਾਰੇ ਮੀਤਾ।
ਹਿਰਦੇ ਮੇ ਰੰਗ ਹਿਰਦੈ ਛੀਪਾ ਕਹੇ ਰੇ ਪੁਕਾਰੇ ਮੀਤਾ।।

ਜੀਵਨ ਮੁਕਤ ਹੋਏ ਬਿਨਾਂ- ਨਾਮਦੇਵ ਜੀ ਦਾ ਕਥਨ ਹੈ, ਮੈਨੂੰ ਪ੍ਰਤੀਤ ਨਹੀਂ ਆ ਸਕਦੀ:-

ਯਹੁ ਪ੍ਰਤੀਤ ਮੋਹਿ ਨਹੀਂ ਆਵੈ, ਜੀਵਨ ਮੁਕਤ ਨਾ ਪਾਇ।।

ਗੁਰ ਪ੍ਰਸਾਦਿ ਦਾ ਵਰਣਨ ਢੁਕਵੇਂ ਢੰਗ ਨਾਲ ਇਸ ਬਾਣੀ ਵਿਚ ਕਈ ਵਾਰ ਆਇਆ ਹੈ:-

ਪ੍ਰਣਵਤ ਨਾਮਦੇਵ ਗੁਰੂ ਪ੍ਰਸਾਦਿ ਜੋ ਖੋਜੈ ਸੋ ਪਾਵੈ।
ਪ੍ਰਣਵਤ ਨਾਮਦੇਵ ਗੁਰਪ੍ਰਸਾਦਿ ਪਾਇਆ,
ਤਿਨਹੀ ਲੁਕਾਇਆ।।

ਜੋਤ ਪ੍ਰਗਟ ਹੋਣ ਅਤੇ ਅਮਰ ਪਦ ਪਰਸ ਲੈਣ ਲੈਣ ਦੀ ਪਰਪੱਕ ਅਨੁਭਵੀ ਅਨੁਭੂਤੀ ਭੀ ਪ੍ਰਗਟ ਹੋਈ ਹੈ:-

ਦੀਵੈ ਪਰਵੈ ਤੇਲ ਕੇ ਬਾਤੀ। ਜੋਤ ਸਰੂਪ ਬੋਲੇ ਦਿਨ ਰਾਤੀ।।
ਭਗਤ ਨਾਮਦੇਵ ਅਮਰ ਪਦ ਪਰਸਿਆ।
ਪਯੰਡ ਭਇਆ ਮੁਕਤਿ ਹੋਇਆ ਤਦ ਦਰਸਾਇਆ।।

ਤੀਰਥਾਂ ਤੇ ਭ੍ਰਮਣ ਬਾਰੇ ਤ੍ਰਿਲੋਚਨ ਜੀ ਨੂੰ ਸੰ-ਬੋਧਨ ਕਰਕੇ ਕਿਹਾ ਹੈ:-

ਭਨਤ ਨਾਮਦੇਵ ਸੁਨਤੁ ਤ੍ਰਲੋਚਨ ਏ
ਤੀਰਥ ਸਭ ਅਭਿਕੇ ਭੋਜਨ।।
ਪ੍ਰਣਵਤ ਨਾਮਾ ਧਰਮ ਤਤ ਹੈ,
ਸਤਿਗੁਰ ਨਿਕਟ ਬਿਠਾਇਲਾ।।

ਬ੍ਰਾਹਮਣੀ ਕਰਮਕਾਂਡ ਨੂੰ ਥਾਂ-ਥਾਂ ਨਕਾਰਿਆ ਹੈ, ਕਿਹਾ ਹੈ ਉਹ ਤਤ ਨਹੀਂ ਪੀਂਦੇ ਜਾਤੀ ਅਭਿਮਾਨ ਵਿਚ ਹੀ ਮਸਤ ਰਹਿੰਦੇ ਹਨ:-

ਬ੍ਰਹਮਨ ਮਦ ਭਰਿਆ ਸਖਾ
ਤਤ ਨਾ ਪੀਵੈ ਤਤ ਮਾਤਲ ਵਰਵਾ।।
ਹਰਿਕੋ ਦਾਸ ਭਣੈ ਨਾਮਾ।। ਰਾਮ ਨਾਮ ਬਿਨ ਔਰ ਨਾ ਜਾਨਾ।।

ਕੀਟ ਪਤੰਗਾਂ ਦੀ ਭੀ ਹਰਿ ਜਸ ਸੁਣਨ ਕਰਕੇ ਮੁਕਤੀ ਹੁੰਦੀ ਦੱਸੀ ਗਈ ਹੈ-

ਕੀਟ ਪਤੰਗ ਸੁਨਤ ਗਤ ਪਾਵੈ, ਗੋਬਿੰਦ ਜਸ ਨਿਸਤਾਰੈ।।
ਅਜਮਲ ਗਨਕਾ ਸੂਕ ਪੰਖੀ ਰਸਨਾ ਨਾਮ ਉਚਾਰੈ।।

ਹਰਿ ਭਜਨ ਲਈ ਪ੍ਰੇਰਨਾ ਦਿੰਦਿਆਂ ਕਿਹਾ ਹੈ, ਹੇ ਪ੍ਰਾਣੀ ਤੂੰ ਅਨੇਕਾਂ ਵਾਰੀ ਪਸ਼ੂ ਹੋ ਕੇ ਜੰਮਿਆ ਹੈ। ਸਤਿਗੁਰੂ ਸਰਨ ਪੈ ਕੇ ਨਾਮ ਜਪ:-

ਅਨੇਕ ਬਾਰ ਪਸ਼ੂ ਹੈ੍ ਔਤਰਯੋ।
ਲਾਖ ਚਉਰਾਸੀ ਭ੍ਰਮਤ ਫਿਰਯੋ।।
ਪਾਇਓ ਨਹੀ ਕਹੀ ਵਿਸਰਾਮ। ਸਤਿਗੁਰ ਸਰਨਿ ਸਰਨਿ ਗਹਿਉ ਨਹੀਂ ਰਾਮ।।

ਰਾਮ ਕਲਿਆਨ ਵਿਚ ਪਦੇ ਦੀ ਪਹਿਲੀ ਤੁਕ ਹੈ:-

ਨਾਚ ਰੇ ਮਨ ਰਾਮ ਕੇ ਆਗੇ। ਗਿਆਨ ਵਿਚਾਰ ਜੋਗ ਆਗੈ।।

ਉਕਤ ਪਦਿਆਂ ਵਿਚ ਸਰਗੁਣ ਤੇ ਨਿਰਗੁਣ ਦੋਹਾਂ ਦੀ ਝਲਕ ਮਿਲਦੀ ਹੈ।

ਨਾਮਦੇਵ ਜੀ ਕਈ ਹੋਏ ਹਨ ਉਕਤ ਕਥਨਾਂ ਵਿਚ ਇਸ ਦੀ ਵਿਆਖਿਆ ਕਰ ਦਿੱਤੀ ਗਈ ਹੈ ਕਿ ਨਾਮਦੇਵ ਛੇ ਹੋਏ ਹਨ। ਪਰ ਕਿਸ ਨਾਮਦੇਵ ਜੀ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਪ੍ਰਵਾਨ ਚੜ੍ਹੀ। ਇਸ ਗੱਲ ਦੀ ਪਛਾਣ ਕਰਨੀ ਕੋਈ ਸੌਖੀ ਗੱਲ ਨਹੀਂ ਹੈ। ਦੂਸਰੀ ਮੁਸ਼ਕਲ ਉਨ੍ਹਾਂ ਦੇ ਜਨਮ ਸਮੇਂ ਅਤੇ ਜਨਮ ਭੂਮੀ ਬਾਰੇ ਹੈ। ਕਿਉਂਕਿ ਮਹਾਰਾਸ਼ਟਰ (ਪਹਿਲਾਂ ਪੂਨਾ ਪ੍ਰਾਂਤ) ਸਤਾਰਾ, ਪੰਡਰਪੁਰ ਆਦਿਕ ਅਤੇ ਬਰਾੜ ਇਲਾਕੇ ਵਿਚ ਛੇ-ਸੱਤ ਨਾਮਦੇਵ ਹੋਏ ਹਨ। ਭਗਤ ਨਾਮਦੇਵ ਦੇ ਨਾਂ ਨੂੰ ਚਮਤਕਾਰੀ ਪ੍ਰਸਿੱਧੀ ਪ੍ਰਾਪਤ ਹੋ ਜਾਣ ਕਾਰਨ, ਸਾਰਿਆਂ ਨਾਮਦੇਵਾਂ ਨੂੰ ਇਕੋ ਕੜੀ ਵਿਚ ਰੱਖ ਲਿਆ ਹੈ। ਹਾਲਾਂਕਿ ਇਨ੍ਹਾਂ ਦੇ ਜਨਮ ਸਥਾਨ ਕਈ ਹੋ ਸਕਦੇ ਹਨ। ਇਹ ਵੀ ਕੋਈ ਵੱਡੀ ਗੱਲ ਨਹੀਂ ਸਾਰੀਆਂ ਥਾਂਵਾਂ ਹੀ ਠੀਕ ਹੋਣ ਕਿਸੇ ਨਾਮਦੇਵ ਦਾ ਕੋਈ ਜਨਮ ਸਥਾਨ ਤਾਂ ਹੋਵੇਗਾ ਹੀ। ਕਿਉਂਕਿ ਨਾਮਦੇਵ ਅਨੇਕਾਂ ਹੋਏ ਹਨ। ਇਸ ਲਈ ਉਹਨਾਂ ਦੇ ਜਨਮ ਸਥਾਨ, ਮਰਨ ਸਥੱਲ ਜਾਂ ਸਮਾਧੀਆਂ ਭੀ ਕਈ ਹੋਣੀਆਂ ਚਾਹੀਦੀਆਂ ਹਨ। ਇਤਿਹਾਸਕਾਰਾਂ ਨੇ ਉਹਨਾਂ ਦੇ ਪਿਤਾ ਦਾ ਨਾਮ ਬਿਠਲ ਪੰਤ ਤੇ ਮਾਤਾ ਦਾ ਨਾਮ ਹੁਕਮੀ ਦੱਸਿਆ ਹੈ। ਭਗਤਮਾਲਾ ਦੇ ਲੇਖਕ ਨੇ ਉਹਨਾਂ ਦੇ ਜਨਮ ਦਾ ਸਮਾਂ 1545 ਸੰਮਤ ਲਿਖਿਆ ਹੈ ਤੇ ਕਿਸੇ ਕਿਸੇ ਨੇ 1500 ਸੰਮਤ ਵੀ ਲਿਖਿਆ ਹੈ। ਉਸ ਸਮੇਂ ਭਾਰਤ ਵਰਸ਼ ਤੇ ਸਿਕੰਦਰ ਲੋਧੀ ਦਾ ਰਾਜ ਸੀ। ਨਾਮਦੇਵ ਜੀ ਦੇ ਵੰਸ਼ਜ ਅਜੇ ਵੀ ਪੰਡਰਪੁਰ ਵਿਚ ਹਨ, ਉਹਨਾਂ ਨੂੰ ਨਾਮਦਾਸੀ ਕਹਿੰਦੇ ਹਨ।

ਨਾਮਦੇਵ ਜੀ ਮਹਾਂਰਾਸ਼ਟਰ ਤੋਂ ਪੰਜਾਬ ਆਏ ਤੇ ਇੱਥੇ ਘੁਮਾਦ ਪਿੰਡ ਵਿਚ ਵੀਹ-ਪੰਝੀ ਵਰ੍ਹੇ ਰਹਿ ਕੇ ਅੰਤ ਨੂੰ ਇਥੇ ਹੀ ਸਮਾ ਗਏ। ਇਸ ਦੀ ਸਚਾਈ ਨੂੰ ਮਹਾਰਾਸ਼ਟਰ ਵਿਚ ਪੰਡਰਪੁਰ ਤੇ ਹੋਰ ਕਈ ਥਾਈਂ ਬਣਾਈਆਂ ਸਮਾਧੀਆਂ ਭਰਮਾਂ ਵਿਚ ਪਾ ਦਿੰਦੀਆਂ ਹਨ। ਭਾਵੇਂ ਮੁੜ-ਘਿੜ ਇਹੋ ਮੰਨਣਾ ਪੈਂਦਾ ਹੈ ਤੇ ਠੀਕ ਵੀ ਬੈਠਦਾ ਹੈ ਕਿ ਨਾਮਦੇਵ ਜੀ ਘੁਮਾਣ ਪਿੰਡ ਵੀ ਸਮਾਏ ਸਨ। ਹੋਰ ਥਾਂਵਾਂ ਉਤੇ ਦੂਜੇ ਨਾਮਦੇਵ (ਕਵੀ) ਦੇਵ-ਭਗਤ, ਬੇਸ਼ੱਕ ਸਮਾਏ ਹੋਣ।

ਨਾਮਦੇਵ ਜੀ ਦਾ ਗੁਰੂ ਕੌਣ ਹੈ? ਇਹ ਵੀ ਇਕ ਬਹੁਤ ਵੱਡਾ ਝਮੇਲਾ ਹੈ। ਗਹਿਨੀ ਨਾਥ, ਸੋਪਨ ਦੇਵ ਜਾਂ ਗਿਆਨ ਦੇਵ ਜਾਂ ਗਿਆਨ ਦੇਵ ਦਾ ਪਿਤਾ ਖੇਚਰ ਦਾਸ? ਇਸ ਪ੍ਰਤੀ ਦਿੱਤੀਆਂ ਸਾਰੀਆਂ ਉਦਾਹਰਣਾਂ ਇਕ ਦੂਜੀ ਨੂੰ ਕੱਟਦੀਆਂ ਹਨ। ਇਹ ਨਿਰਣਾ ਵੀ ਨਾਮਦੇਵ ਜੀ ਦੀ ਬਾਣੀ ਹੀ ਕਰਦੀ ਹੈ। ਜਿਸ ਵਿਚ ਉਹ ਸਤਿਗੁਰੂ ਦੀ ਪ੍ਰਾਪਤੀ ਤੇ ਉਸ ਤੋਂ ਸਤਿਨਾਮ ਦਾ ਜਾਪ ਹਾਸਲ ਹੋਇਆ ਮੰਨਦੇ ਹਨ।

ਨਾਮਦੇਵ ਜੀ ਦੇ ਜੀਵਨ ਨਾਲ ਕਈ ਚਮਤਕਾਰੀ ਘਟਨਾਵਾਂ ਜੋੜੀਆਂ ਜਾਂਦੀਆਂ ਹਨ ਤੇ ਨਾਲ ਹੀ ਕਈ ਹੈਰਾਨ ਕਰ ਦੇਣ ਵਾਲੀਆਂ ਕਥਾਵਾਂ ਵੀ ਜੋੜੀਆਂ ਜਾਂਦੀਆਂ ਹਨ, ਜਿਵੇਂ ਗਊ ਜੀਵਾਉਣ ਦਾ ਚਮਤਕਾਰ, ਦੁਆਰ ਘੁੰਮਣ ਦੀ ਘਟਨਾ, ਠਾਕੁਰ ਨੂੰ ਦੁੱਧ ਪਿਲਾਉਣ ਦੀ ਘਟਨਾ, ਛੰਪਰੀ ਉਡਣ ਦਾ ਚਮਤਕਾਰ ਤੇ ਫਿਰ 'ਦੇਵ ਗਣ' ਆਏ ਤੇ ਛੱਪਰੀ ਬਣ ਗਈ। ਨਾਮਦੇਵ ਜੀ ਨੂੰ ਭਗਤੀ ਕਰਨ ਤੋਂ ਹਟਾਉਣ ਲਈ ਉਹਨਾਂ ਨੂੰ ਦੇਹੁਰੇ ਵਿਚੋਂ ਧੱਕੇ ਮਾਰ ਕੇ ਕੱਢਣਾ, ਕੁਲੀਨ ਲੋਕਾਂ ਤੇ ਬ੍ਰਾਹਮਣਾਂ ਦੇ ਵਿਰੋਧੀ ਦੀ, ਵਿਰੋਧ ਇਸ ਲਈ ਉਭਰਦਾ ਸੀ ਕਿ ਨਾਮਦੇਵ ਜੀ ਨੀਵੀਂ ਜਾਤੀ ਦੇ ਹੋ ਕੇ ਭਗਤੀ ਜਿਹੇ ਉੱਚੇ ਕਰਮ ਧਰਮ ਕਿਉਂ ਕਰਦਾ ਹੈ? ਨਾਮਦੇਵ ਜੀ ਨੂੰ ਇਸ ਅਪਮਾਨ ਨੇ ਝੰਜੋੜਿਆ ਅਤੇ ਆਪਣੀ ਨੀਵੀਂ ਤੇ ਹੀਣ ਜਾਤੀ ਨੂੰ ਕੋਸਿਆ:-

ਹਸਤ ਖੇਲਤ ਤੇਰੇ ਦੇਹੁਰੇ ਆਇਆ।।
ਭਗਤਿ ਕਰਤ ਨਾਮਾ ਪਕਰਿ ਉਠਾਇਆ।।
ਹੀਨੜੀ ਜਾਤ ਮੇਰੀ ਜਾਇਮ ਰਾਇਆ।।
ਛੀਪੇ ਕੇ ਜਨਮਿ ਕਾਹੇ ਕਉ ਆਇਆ।।
ਲੈ ਕਮਲੀ ਚਲਿਓ ਪਲਟਾਇ।।
ਦੇਹੁਰੇ ਪਾਛੈ ਬੈਠਾ ਜਾਇ।।
ਜਿਉ ਜਿਉ ਨਾਮਾ ਹਰਿ ਗੁਣ ਉਚਰੈ।।
ਭਗਤ ਜਨਾਂ ਕਉ ਦੇਹੁਰਾ ਫਿਰੈ।।

ਔਢਾ ਪਿੰਡ ਵਿਚ ਉਹ ਦੇਹੁਰਾ ਮੌਜੂਦ ਹੈ। ਜਿਸ ਦਾ ਦੁਆਰ ਨਾਮਦੇਵ ਜੀ ਦੀ ਭਗਤੀ ਨਾਲ ਘੁੰਮ ਗਿਆ। ਇਸ ਦੀ ਹਾਮੀ ਵਿਦਵਾਨ ਵੀ ਭਰਦੇ ਹਨ। ਸਥਾਨਕ ਲੋਕਾਂ ਵਿਚ ਲੋਕ ਕਥਾ ਵੀ ਇਹੀ ਹੈ।

ਗਊ ਨੂੰ ਜੀਵਾਉਣ ਦਾ ਚਮਤਕਾਰ ਤਾਂ ਬਹੁਤ ਹੀ ਪ੍ਰਸਿੱਧ ਹੈ। ਇਸ ਦੀ ਉਦਾਹਰਣ ਉਹਨਾਂ ਦੀ ਆਪਣੀ ਬਾਣੀ ਜੋ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ ਇਵੇਂ ਹੈ:-

ਸੁਲਤਾਨ ਪੂਛੇ ਸੁਨ ਵੀ ਨਾਮਾ।। ਦੇਖਉ ਰਾਮ ਤੁਮਾਰੇ ਕਾਮਾ''
ਨਾਮ ਸੁਲਤਾਨੇ ਬਾਧਿਲਾ।। ਦੇਖਉ ਤੇਰਾ ਹਰਿ ਬੀਠੁਲਾ।।
ਬਿਸਮਿਲ ਗਊ ਦੇਹ ਜੀਵਾਇ।। ਨਾਤਰ ਗਰਦਨਿ ਮਾਰਉ ਠਾਇ।।

ਕਹਿਰ ਤ ਮੁਈ ਗਊ ਦੇਉ ਜੀਆਇ।। ਸਭ ਕੋਈ ਦੇਖੈ ਪਤੀਆਇ।।
ਨਾਮਾ ਪ੍ਰਣਮੈ ਸੇਲ ਮਸੇਲ।। ਗਊ ਦੁਹਾਈ ਬਛਰਾ ਮੇਲਿ।।
ਦੂਧਰਿ ਦੁਹਿ ਜਬ ਮਟੁਕੀ ਭਰੀ।। ਲੇ ਬਾਦਸ਼ਾਹ ਕੇ ਆਗੈ ਧਰੀ।।

ਨਾਮੇ ਕੀ ਕੀਰਤਿ ਰਹੀ ਸੰਸਾਰਿ।। ਭਗਤ ਜਨਾਂ ਲੈ ਉਧਰਿਆ ਪਾਰਿ।।
ਸਗਲ ਕਲੇਸ਼ ਨਿੰਦਕ ਭਇਆ ਖੇਦੁ।। ਨਾਮੇ ਨਾਰਾਇਣ ਨਾਹੀ ਭੇਦੁ।।

ਨਾਮਦੇਵ ਜੀ ਨੇ ਪਹਿਲਾਂ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਅਤੇ ਰਾਮਚੰਦਰ ਜੀ ਦਾ ਅਵਤਾਰਾਂ ਦੇ ਰੂਪ ਵਿਚ ਜ਼ਿਕਰ ਕੀਤਾ ਹੈ। ਬਾਅਦ ਵਿਚ ਇਹਨਾਂ ਦਾ ਕਰੜਾ ਵਿਰੋਧ ਵੀ ਕੀਤਾ ਹੈ। ਬਾਣੀ ਦਾ ਇਹ ਰੂਪ ਪ੍ਰਸਪਰ ਅੰਤਰੀਵ ਵਿਰੋਧ ਦਰਸਾਉਂਦਾ ਹੈ। ਰਾਮ ਚੰਦਰ ਜੀ ਦਾ ਰਾਵਣ ਨੂੰ ਮਾਰ ਕੇ ਲੰਕਾ ਨੂੰ ਫਤਿਹ ਕਰਕੇ ਬਭੀਖਨ ਨੂੰ ਰਾਜ ਦੇਣਾ, ਵੱਡਾ ਕਾਰਨਾਮਾ ਕਿਹਾ ਜਾਂਦਾ ਹੈ। ਨਾਮਦੇਵ ਜੀ ਨੇ ਇਸ ਦਾ ਵਰਣਨ ਕੀਤਾ ਹੈ:

ਨਾਮੇ ਕੇ ਸੁਆਮੀ ਸੀਮਾ ਬਹੋਰੀ ਲੰਕ ਭਭੀਖਣ ਆਪਿਓ ਹੋ।।
ਜਸਰਥ ਰਾਇ ਨੰਦ ਦੀਓ ਅਭੈ ਪਦੁ ਰਾਜ ਭਭੀਖਣ ਅਧਿਕ ਕਰਿਓ।।
ਗੌਤਮ ਨਾਰ ਅਹਿਲਿਆ ਤਾਰੀ ਪਾਵਨ ਕੇਤਕ ਤਾਰੀਅਲੇ।।

ਉਕਤ ਕਥਨਾਂ ਦੇ ਉਲਟ ਨਾਮਦੇਵ ਜੀ ਭਗਤੀ ਰਸ ਵਿਚ ਲੀਨ ਹੋ ਕੇ ਇੰਝ ਵੀ ਬਿਆਨ ਕਰਦੇ ਹਨ:-

ਪਾਂਡੇ ਤੁਮਰਾ ਰਾਮਨੰਦੁ ਸੋ ਭੀ ਆਵਤ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।

ਆਰੰਭਕ ਪੜਾਅ ਉਤੇ ਨਾਮਦੇਵ ਜੀ ਦੀ ਬਾਣੀ ਵਿਚ ਕ੍ਰਿਸ਼ਨ ਭਗਤੀ ਛਾਈ ਹੋਈ ਸੀ। ਇਸ ਸਮੇਂ ਵਿਚ ਭਗਤਾਂ ਤੇ, ਜਗਿਆਸੂਆਂ ਤੇ ਹਸਤੀਆਂ ਦੇ ਕਾਰਜ ਸਵਰੇ ਮੰਨੇ ਜਾਂਦੇ ਹਨ, ਵਿਸ਼ਨੂ ਦੇ ਅਵਤਾਰ, ਕ੍ਰਿਸ਼ਨ ਜੀ ਨੂੰ ਸਹਾਈ ਹੋਇ ਮੰਨਿਆ ਹੈ:-

ਦੇਵਾ ਪਾਹਨ ਤਾਰੀਅਲੈ।। ਰਾਮ ਕਹਤ ਜਨ ਕਸ ਨ ਤਰੇ।।
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।।
ਚਰਨ ਬਧਿਕ ਜਨ ਤੇਊ ਮੁਕਤਿ ਭਏ ਹਉ ਬਲਿ ਬਲਿ ਜਿਨ ਰਾਮ ਕਹੇ।।
ਦਾਸੀ ਸੁਤ ਜਨੁ ਬਿਦਰੁ ਸੁਦਾਮਾ, ਉਗ੍ਰਸੈਨ ਕਉ ਰਾਜ ਦੀਏ।।
ਜਪੁਹੀਨ ਤਪਹੀਨ ਕੁਲ ਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਉ ਤਰੇ।।

ਜੋ ਭਗਤ ਪਹਿਲਾ ਕ੍ਰਿਸ਼ਨ ਜੀ ਦੇ ਉਪਾਸ਼ਕ ਅਤੇ ਰਾਮ ਜੀ ਅਰਾਧਕ ਹੋਏ, ਕੋਈ ਭੀ ਪ੍ਰਾਣੀ ਨਾਮ ਸਾਧਨਾ ਰਾਹੀਂ ਪਰਮਪਦ ਨੂੰ ਪ੍ਰਾਪਤ ਹੋ ਸਕਦਾ ਹੈ, ਪਹਿਲਾਂ ਭਾਵੇਂ ਉਹ ਬੁੱਤ-ਪੂਜ ਹੋਵੇ ਜਾਂ ਅਵਤਾਰ ਪ੍ਰਸਤ ਜਾਂ ਹੋਰ ਦੇਵੀ ਦੇਵਤਿਆਂ ਦਾ ਉਪਾਸ਼ਕ, ਗੁਰਬਾਣੀ ਇਸ ਉਦਾਰਤਾ ਦਾ ਪ੍ਰਮਾਣ ਹੈ:-

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।।

ਨਾਮਦੇਵ ਜੀ ਦਾ ਨਿਮਨ ਲਿਖਤ ਪਦਾ ਅਧਿਆਤਮਕ ਰਹੱਸ ਭਰਿਆ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਹੋਣ ਦਾ ਝਲਕਾਰਾ ਪ੍ਰਤੱਖ ਨਜ਼ਰ ਆਉਂਦਾ ਹੈ:-

ਪਾਂਡੇ ਤੁਮਰਾ ਰਾਮਚੰਦ ਸੋਭੀ ਆਵਤੁ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।।
ਹਿੰਦੂ ਅੰਨ੍ਹਾ ਤੁਰਕੂ ਕਾਣਾ।। ਦੁਹਾਂ ਤੇ ਗਿਆਨੀ ਸਿਆਣਾ।।
ਹਿੰਦੂ ਪੂਜੇ ਦੇਹੁਰਾ ਮੁਸਲਮਾਣ ਮਸੀਤਿ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ।।

ਉਪਰੋਕਤ ਵਿਆਖਿਆ ਇਹ ਸਪਸ਼ਟ ਕਰਦੀ ਹੈ ਕਿ ਨਾਮਦੇਵ ਜੀ ਪਹਿਲਾਂ ਸਰਗੁਣਵਾਦੀ ਸਨ ਤੇ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਮੇਲ ਤੇ ਗੋਸ਼ਟੀ ਦੇ ਪ੍ਰਭਾਵ ਨਾਲ ਉਹ ਨਿਰਗੁਣਵਾਦੀ ਵਿਚਾਰਧਾਰਾ ਦੇ ਧਾਰਨੀ ਬਣ ਗਏ। ਉਕਤ ਟੂਕਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਹੋਰ ਬੇਅੰਤ ਟੂਕਾਂ ਹਨ ਜੋ ਨਾਮਦੇਵ ਜੀ ਨੂੰ ਸਰਗੁਣ ਤੋਂ ਨਿਰਗੁਣ ਦੇ 'ਦਰਸ਼ਨ' ਵਿਚ ਪ੍ਰਗਟ ਕਰਦੀਆਂ ਹਨ। ਇਸੇ ਲਈ ਸਨਾਤਨੀ ਖਿਆਲਾਂ ਦੇ ਵੈਸ਼ਨਵ ਪੰਥੀਆਂ ਨੂੰ ਭਗਤਾਂ ਦਾ ਪਹਿਲਾ ਸਰਗੁਣਵਾਦੀ ਹੋਣ ਤੋਂ ਪਿੱਛੋਂ ਨਿਰਗੁਣਵਾਦੀ ਬਣ ਜਾਣਾ ਵਧੇਰੇ ਰੜਕਦਾ ਹੈ।

ਨਾਮਦੇਵ ਜੀ ਦਾ ਛੂਤ-ਛਾਤ ਨੂੰ ਮਿਟਾਉਣ ਦਾ ਉਪਰਾਲਾ ਤੇ ਸਮਾਜਿਕ ਬਰਾਬਰੀ ਦਾ ਸਿਧਾਂਤ ਵੀ ਕੁਲੀਨ ਉੱਚ ਜਾਤੀਆਂ ਨੂੰ ਵੀ ਰੜਕਦਾ ਸੀ।

ਲੱਗਭੱਗ ਭਗਤੀ ਲਹਿਰ ਦੇ ਸਾਰੇ ਭਗਤਾਂ ਨੇ ਸਮਾਜਿਕ ਬਰਾਬਰੀ ਲਈ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਤੇ ਇਸ ਵਿਚ ਪ੍ਰਾਪਤੀ ਵੀ ਪਾਈ।

ਨਾਮਦੇਵ ਜੀ ਦੀ ਆਰੰਭਕ ਬਾਣੀ ਵਿਚ ਜੀਵਨ ਦਾ ਨਿੱਜੀ ਪਿਛੋਕੜ ਹੈ। ਫਿਰ ਜੀਵਨ ਦੇ ਵਿਸ਼ਾਲ ਤਜਰਬੇ ਤੋਂ ਬਾਅਦ ਸਰਗੁਣ ਤੋਂ ਨਿਰਗੁਣ ਤੱਕ ਦੇ ਵਿਕਾਸ ਦੀ ਗਾਥਾ ਹੈ। ਨਾਮਦੇਵ ਜੀ ਦੀ ਬਾਣੀ ਨੂੰ ਅਨੇਕਾਂ ਪੱਖਾਂ ਤੋਂ ਸਮਝਣ ਬਾਅਦ ਪਤਾ ਲੱਗਦਾ ਹੈ ਕਿ ਉਹ ਆਪਣੇ ਇਸ਼ਟ ਦੇਵ ਦੇ ਗੁਣ ਗਾਉਂਦੇ ਹਨ। ਉਹ ਉਸ ਦੀ ਅਰਾਧਨਾ ਤੇ ਪੂਜਾ ਅਰਚਨਾ ਕਰਦੇ ਹਨ।

ਬਿਰਹਾ ਵਿਚ ਆਪਣੇ ਇਸ਼ਟ ਦੇਵ ਲਈ ਤੜਫਦੇ ਹਨ ਤੇ ਉਸ ਲਈ ਆਦਰਸ਼ਕ ਪ੍ਰੀਤ ਹੰਢਾਉਂਦੇ ਹਨ। ਉਹਨਾਂ ਵਿਚ ਸ਼ਰਧਾ ਤੇ ਜਗਿਆਸਾ ਹੈ ਅਤੇ ਆਪਣੇ ਇਸ਼ਟ ਦੇਵ ਲਈ ਵਲਵਲੇ ਦੇ ਦੇਸ਼ ਵਿਚ ਉਡਾਰੀਆਂ ਵੀ ਮਾਰਦੇ ਹਨ। ਪਰ ਉਹਨਾਂ ਨੇ ਪਰਮ ਆਨੰਦ ਦੇ ਗੁੱਝੇ ਭੇਦ ਵੀ ਲੁਕੋ ਕੇ ਨਹੀਂ ਰੱਖੇ। ਉਹ ਅਵਤਾਰਵਾਦ ਦੀ ਬਿਖੜੀ ਘਾਟੀ ਵਿਚੋਂ ਵੀ ਲੰਘੇ।

ਉਹਨਾਂ ਨੇ ਠਾਕੁਰ ਪੂਜਾ ਤੋਂ ਲੈ ਕੇ, ਜੋ ਇਕ ਪੱਥਰ ਪੂਜਣ ਦੀ ਭਗਤੀ ਵੀ ਆਰੰਭਕ ਕਿਰਿਆ ਸੀ ਤੇ ਬਾਅਦ ਵਿਚ ਅਵਤਾਰਾਂ ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮਚੰਦਰ ਜੀ ਦੇ ਗੁਣ ਗਾਉਣ ਵਾਲੀ ਭਾਵਨਾ ਨਾਲ ਆਪਣੀ ਆਤਮਾ ਨੂੰ ਤ੍ਰਿਪਤਾਇਆ। ਫਿਰ ਨਿਰਗੁਣਵਾਦੀ ਬਣ ਕੇ ਉਸ ਅਕਾਲ ਪੁਰਖ ਪਾਰ ਬ੍ਰਹਮ ਦੀ ਪ੍ਰਾਪਤੀ ਵੀ ਕੀਤੀ ਤੇ ਇਸਦਾ ਆਨੰਦ ਵੀ ਮਾਣਿਆ। ਸਮੁੱਚੀ ਮਾਨਵਤਾ ਲਈ ਉਹਨਾਂ ਦਾ ਇਹ ਉੱਚਾ ਤੇ ਸੁੱਚਾ 'ਦਰਸ਼ਨ' ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

## ਭਾਈ ਸਲੱਖਣ ਸਿੰਘ ਰਿਆੜ ਦਾ ਕਵਿਸ਼ਰੀ ਜਥਾ ਯੂਰਪ ਦੌਰੇ 'ਤੇ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਕਵਿਸ਼ਰੀ ਰਾਹੀ ਸਿੱਖ ਸੰਗਤਾਂ ਨੂੰ ਨਿਹਾਲ ਕਰਨ ਵਾਲਾ ਪੰਜਾਬ ਦਾ ਪ੍ਰਸਿੱਧ ਕਵਿਸ਼ਰੀ ਜਥਾ ਸੁਲੱਖਣ ਸਿੰਘ ਰਿਆੜ ਇਟਲੀ 'ਚ ਰੂਹਾਨੀਅਤ ਦੇ ਕੇਂਦਰ ਵਜੋਂ ਜਾਣੇ ਜਾਂਦੇ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੋਰੇ ਦੀ ਪਿਚਨਾਰਦੀ (ਕਰੇਮੋਨਾ) ਇਟਲੀ ਦੇ ਵਿਸ਼ੇਸ਼ ਸੱਦੇ ਤੇ ਯੂਰਪ ਆ ਰਿਹਾ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੋਰੇ ਦੀ ਪਿਚਨਾਰਦੀ ਕਰੇਮੋਨਾ ਦੀ ਕਮੇਟੀ ਦੇ ਅਹੁਦੇਦਾਰਾਂ ਸ ਜਤਿੰਦਰ ਸਿੰਘ ,ਸ ਫਤਿਹ ਸਿੰਘ , ਸ ਗੁਰਮੇਲ ਸਿੰਘ ਲੱਕੀ ਅਤੇ ਇੰਦਰ-ਜੀਤ ਸਿੰਘ ਨੇ ਵਿਸ਼ੇਸ਼ ਗਲਬਾਤ ਦੌਰਾਨ ਕੀਤਾ।ਉਨ੍ਹਾਂ ਅੱਗੇ ਕਿਹਾ ਕਿ ਜਿਥੇ ਇਹ ਕਵਿਸ਼ਰੀ ਜਥਾ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਿਸ਼ਾਹੀ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 546 ਵੇਂ ਆਗਮਨ ਪੁਰਬ ਇਟਲੀ ਦੇ ਵੱਖ - ਵੱਖ ਗੁਰੂਘਰਾਂ ਚ ਆਪਣੀ ਕਵਿਸ਼ਰੀ ਰਾਹੀ ਸੰਗਤਾਂ ਨੂੰ ਨਿਹਾਲ ਕਰੇਗਾ, ਉਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਇਸ ਜਥੇ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਕਿ ਇਟਲੀ ਤੋ ਇਲਾਵਾ ਯੂਰਪ ਚ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਕਮੇਟੀ ਇਸ ਕਵਿਸ਼ਰੀ ਜਥੇ ਨੂੰ ਬੁਲਾਉਣਾ ਚਾਹੁੰਦੀ ਹੈ, ਤਾਂ ਉਹ ਗੁਰ-ਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੋਰੇ ਦੀ ਪਿਚਨਾਦਰੀ (ਕਰੇਮੋਨਾ) ਦੀ ਕਮੇਟੀ ਨਾਲ ਸੰਪਰਕ ਕਰ ਸਕਦੀ ਹੈ।




## ਉਸਾਰੀ ਕਿਰਤੀ ਵੀ 60 ਸਾਲ ਦੀ ਉਮਰ ਤੋਂ ਬਾਅਦ ਲੈ ਸਕਣਗੇ ਪੈਨਸ਼ਨ

### ਪੰਜਾਬ ਸਰਕਾਰ ਨੇ ਉਸਾਰੀ ਕਿਰਤੀ ਲਈ ਸ਼ੁਰੂ ਕੀਤੀਆਂ ਵੱਖ-ਵੱਖ ਭਲਾਈ ਯੋਜਨਾਵਾਂ

**ਬਟਾਲਾ (ਨਰਿੰਦਰ ਬਰਨਾਲ)-** ਵੱਖ-ਵੱਖ ਨਿਰਮਾਣ ਕਾਰਜਾਂ 'ਚ ਲੱਗੇ ਉਸਾਰੀ ਕਿਰਤੀ ਵੀ ਹੁਣ 60 ਸਾਲ ਦੀ ਉਮਰ ਤੋਂ ਬਾਅਦ 5000 ਤੋਂ 20000 ਰੁਪਏ ਸਲਾਨਾ ਪੈਨਸ਼ਨ ਲੈ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਇਹ ਪੈਨਸ਼ਨ ਯੋਜਨਾ ਉਨ੍ਹਾਂ ਉਸਾਰੀ ਮਜਦੂਰਾਂ ਲਈ ਸ਼ੁਰੂ ਕੀਤੀ ਹੈ ਜੋ ਪੰਜਾਬ ਬਿ-ਲਡਿੰਗ ਐਂਡ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨਾਲ ਪੰਜੀਕ੍ਰਿਤ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐੱਸ.ਡੀ.ਐੱਮ. ਬਟਾਲਾ ਸ੍ਰੀ ਸੌਰਵ ਅਰੋੜਾ ਨੇ ਦੱਸਿਆ ਕਿ ਪੈਨਸ਼ਨ ਯੋਜਨਾ ਦਾ ਲਾਭ ਲੈਣ ਲਈ ਉਸਾਰੀ ਕਿਰਤੀ ਪੰਜਾਬ ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਨਾਲ ਪੰਜੀਕ੍ਰਿਤ ਜਰੂਰ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਉਸਾਰੀ ਕਿਰਤੀ ਨੂੰ 60 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਅਤੇ ਘੱਟੋ-ਘੱਟ 5 ਸਾਲ ਬੋਰਡ ਦੀ ਮੈਂਬਰਸ਼ਿਪ ਪੂਰੀ ਹੋਣ 'ਤੇ ਘੱਟੋ-ਘੱਟ 5000 ਰੁਪਏ ਦੀ ਸਲਾਨਾ ਪੈਨਸ਼ਨ ਦਿੱਤੀ ਜਾਵੇਗੀ। ਇਸਤੋਂ ਇਲਾਵਾ ਹਰ ਇੱਕ ਸਾਲ ਦੀ ਮੈਂਬਰਸ਼ਿਪ ਦਾ ਵਾਧਾ ਹੋਣ 'ਤੇ ਇੱਕ-ਇੱਕ ਹਜ਼ਾਰ ਰੁਪਏ ਵਧਾਉਂਦੇ ਹੋਏ 20 ਸਾਲ ਦੀ ਮੈਂਬਰਸ਼ਿਪ ਉਪਰੰਤ ਵੱਧ ਤੋਂ ਵੱਧ 20000 ਰੁਪਏ ਪ੍ਰਤੀ ਸਾਲ ਪੈਨਸ਼ਨ ਦਿੱਤੀ ਜਾਵੇਗੀ। ਇਸ ਪੈਨਸ਼ਨ ਯੋਜਨਾ ਲਈ ਪੰਜਾਬ ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਜੀਵਨ ਬੀਮਾਂ ਨਿਗਮ ਵਿੱਚ 110 ਕਰੋੜ ਰੁਪਏ ਦਾ ਕਾਰਪਸ ਤਿਆਰ ਕੀਤਾ ਗਿਆ ਹੈ।

ਐੱਸ.ਡੀ.ਐੱਮ. ਸ੍ਰੀ ਸੌਰਵ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਮੁਫਤ ਮੈਡੀਕਲ ਸਹਾਇਤਾ ਵੀ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਉਸਾਰੀ ਮਜਦੂਰ ਦੇ ਪਰਿਵਾਰ ਦੇ ਮੈਂਬਰਾਂ ਨੂੰ 50,000 ਰੁਪਏ ਪ੍ਰਤੀ ਸਾਲ ਮੁਫਤ ਇਲਾਜ ਸਹੂਲਤ ਦਿੱਤੀ ਜਾ ਰਹੀ ਹੈ।

ਇਸਦੇ ਨਾਲ ਹੀ ਪੰਜੀਕ੍ਰਿਤ ਉਸਾਰੀ ਕਿਰਤੀ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਜਰਨਲ ਸਰਜਰੀ ਲਈ 20000 ਰੁਪਏ, ਐਨਕਾਂ ਲਗਾਉਣ ਲਈ 800 ਰੁਪਏ, ਦੰਦ ਲਗਾਉਣ ਲਈ 5000 ਰੁਪਏ ਅਤੇ ਸੁਣਨ ਯੰਤਰ ਲਗਾਉਣ ਲਈ 6000 ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਲਾਭਪਾਤਰੀ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਉੱਚ ਸਿੱਖਿਆ ਤੱਕ 2800 ਰੁਪਏ ਤੋਂ 58000 ਰੁਪਏ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ। ਰਾਜ ਸਰਕਾਰ ਵੱਲੋਂ ਉਸਾਰੀ ਕਿਰਤੀ ਦੇ ਬੱਚਿਆਂ ਨੂੰ ਸਕੂਲ ਆਉਣ-ਜਾਣ ਲਈ ਮੁਫਤ ਸਾਈਕਲ ਦੇਣ ਦੀ ਯੋਜਨਾ ਵੀ ਚੱਲ ਰਹੀ ਹੈ।

ਵਿਸ਼ੇਸ਼ ਲੇਖ

# ਸਤਿਗੁਰੂ ਸੈਣ ਜੀ

# ‘ਹਿਰਦੇ ਵਸਿਆ ਪਾਰ ਬ੍ਰਹਿਮ ਭਗਤਾਂ ਮਹਿ ਗਣਿਆ।।’



ਐਚ.ਐਲ.ਕਪੂਰ
01- 916- 587-4002

ਭਗਤੀ ਮੱਤ ਭਾਰਤ ਦੇ ਦੱਖਣ ਵਿਚ ਪੈਦਾ ਹੋਇਆ। ਇਹਨਾਂ ਦੇ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਕੁਦਰਤ ਦੀ ਬਖਸ਼ੀ ਹਰ ਚੀਜ਼ ਜਿਵੇਂ: - ਹਵਾ, ਪਾਣੀ, ਸੂਰਜ, ਚੰਦ, ਅਗਨੀ, ਦਰਖ਼ਤ, ਮੀਂਹ, ਪਹਾੜ ਆਦਿ ਨੂੰ ਦੇਵਤਾ ਮੰਨ ਕੇ ਉਸ ਦੀ ਪੂਜਾ ਕੀਤੀ ਜਾਂਦੀ ਸੀ। ਇਸ ਪੂਜਾ ਦੇ ਕਰਮ ਤੇ ਬ੍ਰਾਹਮਣਵਾਦ ਤੇ ਪ੍ਰੋਹਿਤਵਾਦ ਦਾ ਪੂਰਨ ਕਬਜ਼ਾ ਸੀ। ਇਹਨਾਂ ਕੁਦਰਤੀ ਵਸਤਾਂ ਦੀ ਭੋਲੇ-ਭਾਲੇ ਲੋਕਾਂ ਨੂੰ ਕੋਈ ਵਿਗਿਆਨਕ ਸੋਝੀ ਨਹੀਂ ਸੀ। ਪ੍ਰੋਹਿਤ ਦੀ ਵਿਚੋਲਗੀ ਤੋਂ ਬਿਨਾਂ ਇਸਦਾ ਕੋਈ ਵੀ ਧਰਮ ਦਾ ਕਰਮ ਸੰਪੂਰਨ ਨਹੀਂ ਮੰਨਿਆ ਜਾਂਦਾ ਸੀ। ਇਸ ਵਿਚ ਖਾਸ ਤੌਰ ਤੇ ਪੁੰਨ-ਦਾਨ ਦਾ ਕਰਮ ਖਾਸ ਮਹੱਤਤਾ ਰੱਖਦਾ ਸੀ। ਇਸ ਕਰਮ ਦੀ ਆੜ ਵਿਚ ਹੀ ਪ੍ਰੋਹਿਤ ਵਰਗ ਭੋਲੀ-ਭਾਲੀ ਜਨਤਾ ਨੂੰ ਆਰਥਿਕ ਤੌਰ ’ਤੇ ਲੁੱਟਦਾ ਸੀ। ਬੁੱਧ ਮੱਤ ਨੇ ਇਸ ਤਰ੍ਹਾਂ ਦੇ ਕਰਮ ਕਾਂਡੀ ਜਾਲ ਦੀਆਂ ਤੰਦਾਂ ਤੋੜੀਆਂ ਤੇ ਮਨੁੱਖ ਦੇ ਸੁਤੰਤਰ ਚਿੰਤਨ ਨੂੰ, ਸੁਤੰਤਰਤਾ ਤੇ ਧਰਮ ਦੇ ਇਖਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ।

ਕੁਝ ਸਮੇਂ ਬਾਅਦ ਸਰਗੁਣਵਾਦੀ ਧਾਰਾਂ ਦੀਆਂ ਵੀ ਦੋ ਸ਼ਾਖਾਵਾਂ ਹੋ ਗਈਆਂ ‘ਆਲਵਰ’ ਭਗਤਾਂ ਦਾ ਇਕ ਦਲ ‘ਵੈਸ਼ਨਵ’, ਦੂਜਾ ਸ਼ੰਕਰਾਚਾਰੀਆ ਨੂੰ ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ 'ਸ਼ੈਵਮਤ'। ਇਹਨਾਂ ਦੋਹਾਂ ਮੱਤਾਂ ਵਿਚੋਂ ਦੱਖਣ ਵਿਚ 'ਸ਼ੈਵਮਤ' ਦਾ ਜ਼ੋਰ ਬਹੁਤ ਵੱਧ ਗਿਆ। ਇਸ ਕਾਰਨ ਦੋਵਾਂ ਦਲਾਂ ਵਿਚ ਆਪਸੀ ਮਾਰੂ ਝਗੜੇ ਸ਼ੁਰੂ ਹੋ ਗਏ।

ਇਨ੍ਹਾਂ ਭਗਤੀ ਦਲਾਂ ਵਿਚ ਵਿਸ਼ਨੂੰ ਮੱਤ ਦੇ ਆਚਾਰੀਆ ਰਾਮਾਨੁਜ ਜੀ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਉਹਨਾਂ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਾਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲ ਕੇ ‘ਕ੍ਰਿਸ਼ਨ ਲੀਲਾ’ ਅਤੇ ‘ਰਾਧਾ ਕ੍ਰਿਸ਼ਨ’ ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ ‘ਰਾਧਾ ਕ੍ਰਿਸ਼ਨ’ ਦਾ ਮੰਤਰ ਦਿੱਤਾ। ਇਸ ਨਾਲ ਮੰਦਰਾਂ ਦੀ ਧੜਾ-ਧੜ ਉਸਾਰੀ ਹੋਣ ਲੱਗ ਪਈ ਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਸਿਖਰਾਂ ਤੇ ਪਹੁੰਚ ਗਈ। ਮੰਦਰਾਂ ਵਿਚ ਦਲਿਤਾਂ ਤੇ ਛੂਦਰਾਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ, ਉਹ ਇਸ ਤਰ੍ਹਾਂ ਪ੍ਰਭੂ-ਭਗਤੀ ਦੀ ਉਪਾਸਨਾ ਨਾਲ, ਉਸ ਦੀ ਪ੍ਰਾਪਤੀ ਨਾ ਕਰ ਸਕੇ।

ਸਵਾਮੀ ਰਾਮਾਨੰਦ ਜੀ, ਆਚਾਰੀਆ ਰਾਮਾਨੁਜ ਪੱਧਤੀ ਦੇ ਚੌਧਵੇਂ ਆਚਾਰੀਆ ਸਨ। ਉਹਨਾਂ ਨੇ ਰਾਮਾਨੁਜ ਜੀ ਦੀ ‘ਰਾਧਾ ਕ੍ਰਿਸ਼ਨ’ ਭਗਤੀ ਦੇ ਉਲਟ ‘ਰਾਮ ਭਗਤੀ’ ਤੇ ਜ਼ੋਰ ਦਿੱਤਾ। ਉਹ ਉੱਤਰੀ ਭਾਰਤ ਵਿਚ ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ ‘ਸੰਪ੍ਰਦਾਇ-ਰਾਮਾਨੁਜੀ’ ਕ੍ਰਿਸ਼ਨ ਭਗਤੀ ਤੋਂ ਵੱਖਰੀ ‘ਰਾਮ ਭਗਤੀ ਸ਼ਾਖਾ’ ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਛੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ ਕ੍ਰਿਸ਼ਨ ਭਗਤੀ ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਣਾਲੀ ਸੀ, ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਅਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉੱਤਰੀ ਭਾਰਤ ਵਿਚ ਭਗਤ-ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋਕੇ ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

ਨਾਭਾ ਦਾਸ ਜੀ ਦੀ ‘ਭਗਤ ਮਾਲਾ’ ਵਿਚ ਰਾਮਾਨੰਦ ਜੀ ਦੇ ਸਮਕਾਲੀ ਹੋਣ ਦਾ ਸਬੂਤ ਵੀ ਮਿਲਦਾ ਹੈ, ਜਿਹਨਾਂ ਦੇ ਨਾਮ ਨਿਮਨ-ਲਿਖਤ ਅਨੁਸਾਰ ਹਨ:

**ਅਨੰਤ ਨੰਦ, ਕਬੀਰ, ਸੁਖਾ, ਸੁਰਸੁਰਾ,**
**ਪਦਮਾਵਤ, ਨਰ ਹਰਿ।।**
**ਪੀਪਾ, ਭਾਵਾਨੰਦ, ਰਵਿਦਾਸ, ਧੰਨਾ, ਸੈਣ,**
**ਸੁਰਸਰੀ ਕੀ ਘਰ ਹਰਿ।**

ਉਕਤ ਸੂਚੀ ਵਿਚੋਂ ਸੈਣ, ਕਬੀਰ, ਰਵਿਦਾਸ, ਧੰਨਾ ਤੇ ਪੀਪਾ ਜੀ ਦੀ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸੈਣ ਜੀ ਦਾ ਰਚਿਤ ਇਕ ਪਦਾ ਜੋ ਧਨਾਸਰੀ ਰਾਗ ਵਿਚ ਹੈ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਵਿਚ ਦਰਜ ਹੈ:

ਧੂਪ ਦੀਪ ਘ੍ਰਿਤ ਜਾਜਿ ਆਰਤੀ।। ਵਾਰਨੇ ਜਉ ਕਮਲਾ ਪਤੀ।।
ਮੰਗਲਾ ਹਰਿ ਮੰਗਲਾ।। ਨਿਤ ਮੰਗਲੁ ਰਾਜਾ ਰਾਮ ਰਾਇ ਕੋ।।
ਊਤਮ ਦੀਅਰਾ ਨਿਰਮਲ ਬਾਤੀ।। ਤੁਹੀ ਨਿਰੰਜਨ ਕਮਲਾ ਪਾਤੀ।।
ਰਾਮਾ ਭਗਤਿ ਰਾਮਾਨੰਦ ਜਾਨੈ।। ਪੂਰਨ ਪਰਮਾਨੰਦ ਬਖਾਨੈ।।
ਮਦਨ ਮੂਰਤਿ ਭੈ ਤਾਰਿ ਗੋਬਿੰਦੇ।। ਸੈਨੁ ਭਣੈ ਭਜੁ ਪਰਮਾਨੰਦੇ।।

ਉਕਤ ਪਦੇ ਦੇ ਭਾਵ ਅਰਥ ਹਨ: ਮੈਂ ਕਮਲਾਪਤੀ (ਕਮਲਾਪਤੀ ਤੋਂ ਭਾਵ ਹੈ ਮਾਇਆ ਦੇ ਮਾਲਕ) ਤੋਂ ਕੁਰਬਾਨ ਜਾਂਦਾ ਹਾਂ। ਮੇਰੇ ਲਈ ਆਰਤੀ ਦੀ ਸਮੱਗਰੀ, ਧੂਪ ਦੀਪ ਘ੍ਰਿਤ (ਭਾਵ ਆਰਤੀ ਦਾ ਸਮਾਨ) ਵੀ ਤੇਰੇ ਤੋਂ ਵਾਰੀ ਜਾਂਦਾ ਹੈ। ਸਭਨਾ ਜੀਆਂ ਵਿਚ ਵਸੇ ਹੋਏ (ਰਾਮ, ਭਾਵ ਪ੍ਰਮ-ਾਤਮਾ) ਰਾਜਾ ਰਾਮ ਦੇ ਗੁਣ ਗਾਉਣੇ, ਮੇਰੀ ਆਰਤੀ ਹੈ। ਉਤਮ ਦੀਅਰਾ ਨਿਰਮਲ ਬਾਤੀ ਮੇਰਾ ਸਭ ਕੁਝ ਓਹੀ ਹੈ, ਹੇ ਮਾਇਆ ਤੋਂ ਰਹਿਤ-ਨਿਰੰਜਨ- ਹਰੀ ਸਭ ਕੁਝ ਤੂੰ ਹੀ ਹੈ। ਤੂੰ ਹੀ ਮਾਇਆ ਦਾ ਮਾਲਕ ਭਾਵ ਕਮਲਾਪਤੀ ਹੈ। ਹੇ ਪ੍ਰਮਾਤਮਾ, ਤੂੰ ਆਪ ਹੀ ਨਿਰਗੁਣ ਤੇ ਸਰਗੁਣ ਵੀ ਆਪਰੀ ਹੈ। ‘ਰਾਮ’ ਦੀ ਭਗਤੀ ਰਾਮਾਨੰਦ ਹੀ ਜਾਣਦੇ ਹਨ। ਪਰ ਤੇਰੀ ਪ੍ਰਾਪਤੀ ਦੇ ਪਰਮਆਨੰਦ ਦੀ ਵਿਆਖਿਆ ਤੂੰ ਆਪ ਹੀ ਕਰ ਸਕਦਾ ਹੈ, ਕੋਈ ਹੋਰ ਕਰ ਸਕਦਾ ਭਾਵ ਕੋਈ ਕਿਵੇਂ ਕਹਿ ਸਕਦਾ ਹੈ। ਹੇ ਸੁੰਦਰ (ਮਦਨ) ਮੂਰਤਿ (ਸਰਬ ਸੁੰਦਰਤਾ ਦੇ ਧਾਰਨੀ) ਗੋਬਿੰਦ ਜੀਓ। ਮੈਨੂੰ ਭਵ-ਸਾਗਰ ਭਾਵ ਜਨਮ-ਮਰਨ ਦੇ ਚੱਕਰ ਤੋਂ ਪਾਰ ਲਾਵੋ। ਸੈਣ, ਤੇਰਾ ਭਜਨ ਗਾਉਂਦਾ ਹੋਇਆ, ਇਹੋ ਆਰਤੀ ਕਰਦਾ ਹੈ ਕਿ ਉਹ ਤੇਰੇ ਪਰਮਆਨੰਦ ਦਾ ਰਸ ਸਦਾ ਮਾਣਦਾ ਰਹੇ।



ਇਸ ਪਦੇ ਵਿਚ ‘ਰਾਮਾਨੰਦ’ ਦਾ ਨਾਮ ਆਇਆ ਹੈ। ਜੋ ਵਿਅਕਤੀ ਰਾਮਾਨੰਦ, ਇਕ ਹਸਤੀ ਤੋਂ ਵਿਲੱਖਣ ਅਰਥ ਕਰਦੇ ਹਨ- ਰਾਮਾ-ਆਨੰਦ-ਪ੍ਰਮਾਤਮਾ ਦੇ ਮੇਲ ਦਾ ਆਨੰਦ, ਉਹਨਾਂ ਦਾ ਨਿਸ਼ਾਨਾ ਹਿਸ ਆਲੋਚਨਾ ਤੋਂ ਬਚਾਓ ਕਰਨਾ ਹੈ, ਕਿ ਰਾਮਾਨੰਦ ਜੀ ਦਾ ਨਾਮ ਵਿਚ ਆ ਜਾਣ ਕਾਰਨ, ਇਹ ਆਰਤੀ 'ਰਾਮਾਨੰਦ' ਜੀ ਅੱਗੇ ਹੀ ਕੀਤੀ ਨਾ ਸਮਝੀ ਜਾਵੇ।

ਭਗਤ ਬਾਣੀ ਬਾਰੇ ਵਿਰੋਧੀ ਵਿਚਾਰਧਾਰਾ ਰੱਖਣ ਵਾਲੇ ਵਿਅਕਤੀ 'ਰਾਮਾਨੰਦ' ਦਾ ਨਾਮ ਆ ਜਾਣ ਕਾਰਨ ਇਸ ਬਾਰੇ ਵਿਰੋਧੀ ਵਿਚਾਰਧਾਰਾ ਰੱਖਦੇ ਹਨ। ਉਹਨਾਂ ਦਾ ਮੱਤ ਹੈ ਕਿ ਸੈਣ ਜੀ ਨੇ ਇਹ ਆਰਤੀ ਆਪਣੇ ਗੁਰੂ ਰਾਮਾਨੰਦ ਜੀ ਦੀ ਕੀਤੀ ਹੈ ਨਾ ਕਿ ਪਾਰਬ੍ਰਹਮ ਪ੍ਰਮੇਸ਼ਰ ਦੀ। ਪ੍ਰੰਤੂ, ਤੂੰ ਹੀ ਨਿਰੰਜਨ ਕਮਲਾਪਤੀ, ਤੁਕ ਤੋਂ ਸਪਸ਼ਟ ਹੈ, ਸੈਣ ਜੀ ਆਰਤੀ ਰਾਮਾਨੰਦ ਦੀ ਨਹੀਂ ਨਿਰੰਜਨ ਦੀ ਕਰ ਰਹੇ ਹਨ, ਨਿਰੰਜਨ ਸ਼ਬਦ ਦੀ ਵਰਤੋਂ ਇੱਥੇ ਮਾਇਆ ਦੇ ਪਤੀ ਵਿਸ਼ਨੂੰ ਦੇ ਸੰਕੇਤ ਰਾਹੀਂ ਕੀਤੀ ਹੈ। ਜਿਹਨਾਂ ਦਾ ਕਮਲਾਪਤੀ ਨਾਮ ਵੀ ਕਿਹਾ ਜਾਂਦਾ ਹੈ।

ਸੈਣ ਜੀ ਦਾ ਜਨਮ ਸੰਮਤ 1457 ਨੂੰ ਸਾਧੂ ਗੁਰੂਆਂ ਦੇ ਵਰ ਨਾਲ, ਮੱਘਰ ਦੀ ਪੂਰਨਮਾਸ਼ੀ ਨੂੰ ਪਿਤਾ ਮੁਕੰਦ ਰਾਏ ਤੇ ਮਾਤਾ ਜੀਵਨ ਦੇਵੀ ਦੇ ਘਰ, ਪਿੰਡ ਸੋਹਲ-ਠੱਠੀਆਂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਦੀ ਜਾਤ ਜਾਂ ਗੋਤ ਗੋਲ੍ਹਣ ਸੀ। ਬਾਰਾਂ ਸਾਲ ਦੀ ਉਮਰ ਵਿਚ ਉਹ ਲਾਹੌਰ ਗਏ ਤੇ ਖ਼ਲੀਫ਼ਾ ਅਜੀਮ ਖਾਂ ਨੂੰ ਆਪਣਾ ਉਸਤਾਦ ਧਾਰਿਆ। ਉਹਨਾਂ ਪਾਸੋਂ ਉਹਨਾਂ ਨੇ ਜਰਾਹ (ਦੇਸੀ ਹਿਕਮਤ, ਜਿਨ੍ਹਾਂ ਵਿਚ ਫੋੜੇ ਫਿਨਸੀਆਂ ਦੀ ਚੀਰ ਫਾੜ ਤੇ ਚਮੜੀ ਦੇ ਰੋਗਾਂ ਦਾ ਇਲਾਜ ਹੁੰਦਾ ਹੈ) ਤੇਲ ਮਾਲਸ਼ ਤੇ ਹਜ਼ਾਮਤ ਬਣਾਉਣ ਦਾ ਕੰਮ ਸਿੱਖਿਆ। ਉਹਨਾਂ ਦਿਲਾਂ ਵਿਚ ਉਹ ਲਾਹੌਰ ਵਿਖੇ ਆਪਣੀ ਭੂਆ ਸੋਭੀ ਦੇ ਘਰ ਰਹਿੰਦੇ ਸਨ। ਅਠਾਰਾਂ ਸਾਲ ਦੀ ਉਮਰ ਵਿਚ ਜੱਲੋ ਦੀ ਸਪੁੱਤਰੀ ਸਾਹਿਬ ਦੇਵੀ ਨਾਲ ਵਿਆਹ ਹੋਇਆ। ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਤੇ ਉਸ ਦਾ ਨਾਮ ‘ਨਈ’ ਰੱਖਿਆ। ਸਮੇਂ ਦੇ ਗੇੜ ਨਾਲ, ਇਨ੍ਹਾਂ ਦੇ ਪੁੱਤਰ ਦੇ ਨਾਮ ਦੇ ਸ਼ਬਦਾਂ ਨਾਲ ਕੰਨਾਂ (ਾ) ਦੀ ਲਗ, ਲੱਗ ਜਾਣ ਨਾਲ ਸ਼ਬਦ 'ਨਈ' ਬਣ ਗਿਆ ਤੇ ਇਸ ਤੋਂ ਬਾਅਦ ਇਸ ਵਰਗ ਨੂੰ ਨਾਈ ਕਿਹਾ ਜਾਣ ਲੱਗ ਪਿਆ। ਇਹ ਨਾਈ ਇਕ ਕਿੱਤਾ ਹੈ ਜਾਤ ਨਹੀਂ ਹੈ।

ਸੈਣ ਜੀ, ਪੈਦਲ ਤੁਰ ਕੇ ਹਰਦੁਆਰ ਦੀ ਯਾਤਰਾ ਨੂੰ ਗਏ। ਰਸਤੇ ਵਿਚ ਇਕ ਸਾਧੂ ਨੇ ਸੈਣ ਜੀ ਦੇ ਪੈਰਾਂ ਵਿਚ ਪਦਮ ਰੇਖਾ ਦੇਖ ਕੇ ਕਿਹਾ, ਤੁਸੀਂ ਕਿਸੇ ਰਿਆਸਤ ਦੇ ਰਾਜਾ ਬਣਨਾ ਹੈ ਜਾਂ ਕਿਸੇ ਉੱਚੀ ਪਦਵੀ ਤੇ ਪਹੁੰਚਣਾ ਹੈ, “ਸੈਣ ਜੀ ਨੇ ਉੱਤਰ ਦਿੱਤਾ ਕਿ ਮੇਰਾ ਕੰਮ ਤਾਂ ਟਹਿਲ ਸੇਵਾ ਕਰਨਾ ਹੈ। ਮੈਂ ਗਰੀਬ ਕੀ ਬਣ ਸਕਦਾ ਹਾਂ? ਸੈਣ ਜੀ ਹਰਿਦੁਆਰੋਂ ਦਿੱਲੀ ਪੁੱਜੇ। ਉਥੋਂ ਉਹ ਰਿਆਸਤ ਰੀਵਾ ਦੇ ਬੁੰਧੇਲਖੰਡ ਦੀ ਰਾਜਧਾਨੀ ਬਾਧੋਗੜ੍ਹ ਚਲੇ ਗਏ। ਸੈਣ ਜੀ ਆਪਣੇ ਕੰਮ ਵਿਚ ਬਹੁਤ ਨਿਪੁੰਨ ਹੋਣ ਕਾਰਨ ਰੀਵਾ ਦੇ ਰਾਜੇ ਜੈਪਾਲ ਸਿੰਘ ਦੇ ਨਿੱਜੀ ਟਹਿਲੀਏ ਬਣ ਗਏ। ਇੱਥੇ ਉਹਨਾਂ ਕੋਈ ਰਹਿੰਦਿਆਂ, ਸੈਣ ਜੀ ਦਾ ਭਗਤਾਂ ਤੇ ਸਾਧੂ-ਸੰਤਾਂ ਨਾਲ ਸਤਸੰਗ ਵੀ ਚੱਲਦਾ ਰਿਹਾ। ਇੱਥੇ ਉਹਨਾਂ ਦੀ ਲਗਨ ਭਗਤੀ ਵਿਚ ਤੇ ਸਾਧੂ ਸੰਤਾਂ ਦੀ ਸੇਵਾ ਵਿਚ ਲੱਗੀ ਰਹਿੰਦੀ ਸੀ। ਸੈਣ ਜੀ ਦਾ ਰੂਪ ਧਾਰ ਕੇ ਪ੍ਰਮੇਸ਼ਰ ਵੱਲੋਂ ਰਾਜੇ ਦੀ ਸੇਵਾ ਕਰਨ ਦਾ ਚਮਤਕਾਰ ਇੱਥੇ ਹੀ ਘਟਿਆ ਸੀ, ਜਾਂ ਜਿਵੇਂ ਦੂਸਰੀ ਕਥਾ ਹੈ ਕਿ ਰਾਜੇ ਨੇ ਸ਼ੀਸ਼ੇ ਵਿਚ ਚੱਤਰਭੁਜ ਮੂਰਤ ਦਾ ਦੈਵੀ ਝਲਕਾਰਾ ਵੱਜਦਾ ਦੇਖਿਆ। ਇਹ ਚਮਤਕਾਰ ਦੇਖ ਕੇ ਰਾਜਾ ਸੈਣ ਜੀ ਦਾ ਭਗਤ ਬਣ ਗਿਆ ਤੇ ਉਹਨਾਂ ਨੂੰ ਆਪਣਾ ਗੁਰੂ ਧਾਰ ਲਿਆ। ਸੈਣ ਜੀ ਥੋੜ੍ਹੀ ਦੇਰ ਬਾਅਦ ਰੀਵਾ ਦੇ ਬਾਧਵਗੜ੍ਹ ਵਿਚ ਆਪਣੀਆਂ ਖੜ੍ਹਾਵਾਂ ਦੀ ਨਿਸ਼ਾਨੀ ਰੱਖ ਕੇ ਆਪ ਕਾਸ਼ੀ (ਬਨਾਰਸ) ਆ ਗਏ ਤੇ ਇੱਥੇ ਰਾਮਾਨੰਦ ਜੀ ਦੇ ਡੇਰੇ ਦੀ ਇਕ ਕੋਠੜੀ ਵਿਚ ਰਹਿਣ ਲੱਗ ਪਏ। ਇੱਥੇ ਹੀ ਉਨ੍ਹਾਂ ਨੇ ਰਾਮਾਨੰਦ ਜੀ ਨੂੰ ਆਪਣਾ ਗੁਰੂ ਧਾਰ ਲਿਆ। ਇਸ ਜਗ੍ਹਾ ਤੇ ਉਨ੍ਹਾਂ ਨੇ ਬਾਰਾਂ ਸਾਲ ਤਪ ਕੀਤਾ। ਇੱਥੇ ਹੀ ਉਨ੍ਹਾਂ ਦਾ ਉਕਤ ਦੱਸੇ ਰਾਮਾਨੰਦ ਜੀ ਦੇ ਸਮਕਾਲੀਆਂ ਨਾਲ ਮਿਲਾਪ ਹੁੰਦਾ ਹੈ। ਸ੍ਰੀ ਨਾਮਦੇਵ, ਤ੍ਰਿਲੋਚਨ, ਧੰਨਾ, ਰਵਿਦਾਸ, ਕਬੀਰ ਜੀ ਆਦਿ ਭਗਤਾਂ ਨਾਲ ਮੇਲ ਹੋਣ ਨਾਲ ਵਾਹਵਾ ਸਤਿਸੰਗ ਬਣਿਆ। ਇਹ ਸਾਰੇ ਭਗਤ ਸਾਹਿਬਾਨ ਪਹਿਲਾ ਸਰਗੁਣ ਭਗਤੀ ਦੇ ਉਪਾਸ਼ਕ ਸਨ ਤੇ ਅਵਤਾਰਵਾਦ ਵਿਚ ਵਿਸ਼ਵਾਸ ਰੱਖਦੇ ਸਨ ਤੇ ਮੂਰਤੀ ਪੂਜਾ ਕਰਦੇ ਸਨ। ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਤੇ ਪ੍ਰਭਾਵ ਨਾਲ ਇਹ ਸਭ ਨਿਰਗੁਣਵਾਦੀ ਬਣ ਗਏ।

ਇਨ੍ਹਾਂ ਹੀ ਦਿਨਾਂ ਵਿਚ ਇਕ ਵਾਰ ਕਾਸ਼ੀ ਵਿਖੇ ਬਾਧਵਗੜ੍ਹ ਦੇ ਸ਼ਰਧਾਲੂ ਰਾਜਾ ਸਾਹਿਬ, ਸੈਣ ਜੀ ਦੇ ਦਰਸ਼ਨਾਂ ਨੂੰ ਆਏ। ਰਾਜੇ ਨੇ ਸੈਣ ਜੀ ਨੂੰ ਪੰਜ ਸੌ ਮੋਹਰਾਂ ਭੇਟ ਕੀਤੀਆਂ। ਸੈਣ ਜੀ ਨੇ ਮੋਹਰਾਂ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਰਾਜੇ ਨੂੰ ਕਿਹਾ, “ਅਗਲੇ ਜਨਮ ਵਿਚ ਲਵਾਂਗੇ, ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਬਣ ਕੇ ‘ਸਾਹਿਬ ਸਿੰਘ ਜੀ’ ਦੇ ਰੂਪ ਵਿਚ ਸੀਸ ਭੇਟ ਕਰਕੇ ਸਿੱਖ ਪੰਥ ਚਲਾਵਾਂਗੇ।” ਸੈਣ ਜੀ, ਆਪਣੇ ਜੀਵਨ ਦੇ ਅੰਤਿਮ ਸਮੇਂ ਦੌਰਾਨ ਕੁਝ ਬਿਮਾਰ ਰਹਿਣ ਲੱਗੇ। ਉਹਨਾਂ ਦੇ ਸਾਥੀ ਭਗਤਾਂ ਨੇ ਉਹਨਾਂ ਦਾ ਕਾਸ਼ੀ ਵਿਚ ਰਹਿੰਦੇ ਸਮੇਂ ਵੈਦਾਂ-ਹਕੀਮਾਂ ਤੋਂ ਇਲਾਜ ਕਰਵਾਇਆ। ਇਸ ਤਰ੍ਹਾਂ ਸੈਣ ਜੀ ਨੇ ਮਹਿਸੂਸ ਕੀਤਾ ਕਿ ਸ਼ਾਇਦ ਉਹ ਜੀਵਨ ਦੇ ਅੰਤਿਮ ਸਮੇਂ ਦੇ ਨੇੜੇ ਪਹੁੰਚ ਗਏ ਹਨ ਤਾਂ ਉਹਨਾਂ ਨੇ ਸ੍ਰੀ ਨਾਮਦੇਵ ਜੀ ਪਾਸ ਆਪਣੀ ਇੱਛਾ ਜ਼ਾਹਿਰ ਕੀਤੀ ਕਿ ਮੇਰੇ ਪੁੱਤ ਨੂੰ, ਮੇਰੇ ਕੋਲ ਬੁਲਾਅ ਲਿਆ ਜਾਵੇ। ਭਗਤ ਸ੍ਰੀ ਨਾਮਦੇਵ ਜੀ ਨੇ ਪੰਜਾਬ ਤੋਂ ਕਿਸੇ ਆਪਣਾ ਸ਼ਰਧਾਲੂ ਨੂੰ ਭੇਜ ਕੇ ਉਹਨਾਂ ਦੇ ਪੁੱਤਰ 'ਨਈ' ਨੂੰ ਬੁਲਾਅ ਲਿਆ। ਕੁਝ ਸਮੇਂ ਬਾਅਦ ਉਹ ਕਾਸ਼ੀ ਵਿਖੇ ਹੀ ਚਲਾਣਾ ਕਰ ਗਏ।

ਨਾਮਦੇਵ, ਤ੍ਰਿਲੋਚਨ, ਰਵਿਦਾਸ, ਕਬੀਰ, ਧੰਨਾ ਜੀ ਤੇ ਉਹਨਾਂ ਦੇ ਪੁੱਤਰ ਨੇ ਸੈਣ ਜੀ ਦੀ ਅਰਥੀ ਨੂੰ ਮੋਢਾ ਦਿੱਤਾ। ਉਸ ਸਮੇਂ ਰੀਵਾ ਦਾ ਰਾਜਾ ਮਰ ਚੁੱਕਾ ਸੀ, ਉਸ ਦਾ ਭਰਾ ਸੈਣ ਜੀ ਦੇ ਚਲਾਣੇ ਸਮੇਂ ਕਾਸ਼ੀ ਵਿਖੇ ਪੂਜਾ ਭੇਟ ਲੈ ਕੇ ਪੁੱਜਿਆ ਸੀ। ਭਗਤ ਸੈਣ ਜੀ ਦੇ ਚਲਾਣੇ ਦਾ ਸੰਮਤ ਕਿਤੇ ਵੀ ਦਿੱਤਾ ਗਿਆ ਨਹੀਂ ਮਿਲਦਾ ਹੈ।

ਪਿੰਡ ਸੋਹਲ-ਠੱਠੀਆਂ ਵਿਖੇ ਭਗਤ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ 'ਨਈਆਣਾ' ਬਣਿਆ ਹੋਇਆ ਹੈ। ਇਸੇ ਹੀ ਗੁਰਦੁਆਰੇ ਵਿਚ ਭਗਤ ਜੀ ਦੀਆਂ ਖੜ੍ਹਾਵਾਂ ਵੀ ਪਈਆਂ ਹੋਈਆਂ ਦੱਸੀਆਂ ਜਾਂਦੀਆਂ ਹਨ। ਇਹ ਵੀ ਲਿਖਿਆ ਹੋਇਆ ਹੈ ਕਿ ਉਨ੍ਹਾਂ ਦੇ ਪੁੱਤਰਾਂ ਨੂੰ ਇਕ ਹਜ਼ਾਰ ਦੀ ਹੁੰਡੀ ਕਰਾਰ ਕੇ, ਜੋ ‘ਰੀਵਾ’ ਦੇ ਰਾਜੇ ਨੇ ਭੇਟ ਕੀਤੀਆਂ ਸਨ। ਇਉਂ ਮੋਹਰਾਂ ਉਨ੍ਹਾਂ ਦੇ ਪੁੱਤਰਾਂ ਦੇ ਨਾਮ ਸੇਠ ਸੁੰਦਰ ਦਾਸ, ਗੁਰੂ ਬਾਜ਼ਾਰ ਚੱਕ ਰਾਮ ਦਾਸ ਦੇ ਨਾਂ ਭੇਜੀਆਂ ਸੀ। ਇਸੇ ਹੀ ਪੈਸੇ ਨਾਲ ਗੁਰਦੁਆਰੇ ਦੀ ਉਸਾਰੀ ਸ਼ੁਰੂ ਕਰਾਈ ਗਈ ਸੀ। ਸੈਣ ਜੀ ਦੀ ਯਾਦ ਵਿਚ ਕਈ ਹੋਰ ਥਾਂਵਾਂ ਤੇ ਵੀ ਗੁਰਦੁਆਰੇ ਅਤੇ ਮੰਦਰ ਬਣੇ ਹੋਏ ਹਨ। ਜਿਵੇਂ:- ਲਾਹੌਰ, ਅੰਮ੍ਰਿਤਸਰ, ਭਵਾਨੀ, ਬੜਵਾ, ਨੂਰਪੁਰ ਬੇਦੀ, ਹੁਸ਼ਿਆਰਪੁਰ ਤੇ ਜਲੰਧਰ ਆਦਿ। ਜਲੰਧਰ ਜ਼ਿਲ੍ਹੇ ਦੇ ਪਿੰਡ ਪ੍ਰਤਾਪਪੁਰੇ (ਤਸੀਲ ਫਿਲੌਰ) ਵਿਖੇ ਹਰ ਸਾਲ ਸੈਣ ਜੀ ਦੀ ਯਾਦ ਵਿਚ ਸਾਲਾਨਾ ਜੋੜ ਮੇਲਾ ਦੀਵਾਲੀ ਤੋਂ ਟਿੱਕਾ ਭਾਈ ਦੂਜ ਵਾਲੇ ਦਿਨ ਤੱਕ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਮਹਾਂਰਾਸ਼ਟਰ ਤੇ ਰਾਜਸਥਾਨ ਵਿਚ ਵੀ ਉਹਨਾਂ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ। ਭਗਤੀ ਮੱਤ ਦੇ ਗ੍ਰੰਥਾਂ ਵਿਚ ਕਈ ਕਥਾਵਾਂ ਪ੍ਰਸਿੱਧ ਹਨ ਕਿ ਸੈਣ ਜੀ ਬਾਧਓਗੜ੍ਹ ਜੰਮੇ ਪਲੇ ਤੇ ਉਥੇ ਹੀ ਰਾਜੇ ਦੀ ਨੌਕਰੀ ਕੀਤੀ ਸੀ। ਮਹਾਨ ਕੋਸ਼ ਅਨੁਸਾਰ ਸੈਣ ਜੀ ਦਾ ਵੰਸ਼ ਵਾਧਵਗੜ੍ਹ ਰਹਿੰਦਾ ਹੈ।

ਇਹ ਸਭ ਕਿਆਸ-ਅਰਾਈਆਂ ਹੀ ਹਨ। ਪਰ ਵਿਦਵਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਸੈਣ ਜੀ ਪੰਜਾਬ ਦੇ ਹੀ ਜੰਮਪਲ ਸਨ ਤੇ ਅੱਜ ਵੀ ਉਹਨਾਂ ਦਾ ਵੰਸ਼ ਪਿੰਡ ਸੋਹਲ-ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਚੱਲ ਰਿਹਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦੇਸ਼ ਰਟਨ ਕਰਦੇ ਹੋਏ ਕਾਸ਼ੀ ਗਏ ਸਨ, ਅਯੁੱਧਿਆ ਅਤੇ ਬਨਾਰਸ ਵਿਚ, ਸੈਣ ਜੀ ਦਾ ਹੋਰਨਾਂ ਭਗਤਾਂ ਨਾਲ, ਗੁਰੂ ਨਾਨਕ ਦੇਵ ਜੀ ਨਾਲ, ਮੇਲ ਹੋਣ ਦਾ ਪ੍ਰਸੰਗ ਸਾਖੀਆਂ ਵਿਚ ਮਿਲਦਾ ਹੈ। ਭਗਤ ਮੰਡਲੀ ਵੱਲੋਂ ਅਯੁੱਧਿਆ ਵਿਚ, ਗੁਰੂ ਨਾਨਕ ਦੇਵ ਜੀ ਨਾਲ ਮਿਲਣ ਦੀ ਆਗਿਆ ਲੈਣ ਲਈ ਸਣ ਜੀ ਹੀ ਭੇਜੇ ਗਏ ਸਨ।

**ਗ੍ਰੰਥ ਸੈਣ ਸਾਗਰ:**

ਇਹ ਗ੍ਰੰਥ ਸੈਣ ਜੀ ਦੀ ਆਪਣੀ ਰਚਨਾ ਨਹੀਂ ਹੈ, ਸਗੋਂ ਉਹਨਾਂ ਦੇ ਕਿਸੇ ਸ਼ਰਧਾਲੂ ਭਗਤ ਕਵੀ ਦੀ ਰਚਨਾ ਹੈ। ਇਸ ਗ੍ਰੰਥ ਵਿਚ ਸੈਣ ਜੀ ਦੀ ਬਾਣੀ ਦਾ ਸੰਗ੍ਰਹਿ ਹੈ। ‘ਗ੍ਰੰਥ ਸੈਣ ਸਾਗਰ’ ‘ਗੁਰੂ ਗ੍ਰੰਥ ਸਾਹਿਬ’ ਜੀ ਦੀ ਮੰਗ ਵਿਚ ਰਚਿਆ ਗਿਆ ਗ੍ਰੰਥ ਹੈ। 'ਗੁਰੂ ਗ੍ਰੰਥ ਸਾਹਿਬ' ਵਰਗੀਆਂ ਬਾਣੀਆਂ, ਰਾਗ ਅਤੇ ਸ਼ਬਦਾਂ ਦੀ ਬਣਤਰ ਅਤੇ ਪ੍ਰਭਾਵ ਰੱਖਣ ਦਾ ਯਤਨ ਕੀਤਾ ਗਿਆ ਹੈ। ‘ਗੁਰੂ ਗ੍ਰੰਥ ਸਾਹਿਬ’ ਵਰਗੇ ਗ੍ਰੰਥਾਂ ਦੀ ਰਚਨਾ ਕਰਨ ਦੇ ਮੋਢੀ, ਸੋਢੀ ਮਿਹਰਬਾਨ ਜੀ ਸਨ। ‘ਸੈਣ ਸਾਗਰ ਗ੍ਰੰਥ’ ਵੀ ਇਸੇ ਲੜੀ ਦਾ ਇਕ ਗ੍ਰੰਥ ਹੈ। ਚੰਗੀ ਤਰ੍ਹਾਂ ਪੜਤਾਲਿਆਂ ਪਤਾ ਲੱਗਦਾ ਹੈ ਕਿ ਇਸ ਗ੍ਰੰਥ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੋਂ ਪਿੱਛੋਂ ਲਿਖੇ ਹੋਣ ਦੇ ਕਈ ਸਬੂਤ ਇਸ ਗ੍ਰੰਥ ਵਿਚ ਮਿਲਦੇ ਹਨ। ਇਸ ਦਾ ਆਰੰਭ ‘ਜਪੁਜੀ’ ਤੋਂ ਹੁੰਦਾ ਹੈ। ਇਸ ਪਿੱਛੋਂ ਆਰਤੀ ਹੈ। ਉਸ ਪਿੱਛੋਂ ਜਨਮ ਸਾਖੀ ਸ੍ਰੀ ਸੈਣ ਜੀ ਆਉਂਦੀ ਹੈ। ਜਨਮ ਸਾਖੀ ਲਿਖਾਉਣ ਵਾਲੇ ਸੈਣ ਜੀ ਦੇ ਪਿਤਾ ਮਕੰਦ ਰਾਇ, ਲਿਖਣ ਵਾਲੇ ਦਾ ਨਾਮ ਕੋਲੂ ਬ੍ਰਾਹਮਣ ਦੱਸਿਆ ਗਿਆ ਹੈ। ਇਸ ਪਿੱਛੋਂ ਪਰਚੀਆਂ ਸ੍ਰੀ ਸੈਣ ਭਗਤ ਕੀਆਂ ਹਨ। ਇਨ੍ਹਾਂ ਪਰਚੀਆਂ ਵਿਚ ਸੈਣ ਜੀ ਦੇ ਜੀਵਨ ਤੇ ਚਮਤਕਾਰਾਂ ਨੂੰ ਕਈ ਵਾਰ ਦੁਹਰਾਇਆ ਗਿਆ ਹੈ। ਪਰਚੀਆਂ ਵਿਚ ਧੰਨਾ, ਰਵਿਦਾਸ, ਤ੍ਰਿਲੋਚਨ, ਸਧਨਾ, ਨਾਮਦੇਵ, ਸੂਰਦਾਸ ਦੇ ਨਾਮ ਆਉਂਦੇ ਹਨ:-

ਧੰਨਾ ਤੇ ਰਵਿਦਾਸ ਜੀ ਤ੍ਰਿਲੋਚਨ ਸਧਨਾ ਜਾਣ।।
ਸੂਰਦਾਸ ਅਰ ਨਾਮਦੇਵ ਕੀਰਤਨ ਕੀਤਾ ਜਾਮ।।

ਆਰਤੀ ਪਿੱਛੋਂ ਸਿਰੀ ਰਾਗ, ਮਾਝ, ਗਾਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਧਨਾਸਿਰੀ, ਟੋਡੀ, ਰਾਗ ਕਲਿਆਣ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਹਿੰਡੋਲ, ਜੈਜਾਵੰਤੀ, ਨਟ, ਮਾਲੀ ਗਉੜਾ, ਕੇਦਾਰਾ, ਮਲ੍ਹਾਰ, ਕਾਨੜਾ, ਪ੍ਰਭਾਤੀ, ਵਡਹੰਸ, ਭੈਰਉ, ਤੁਖਾਰੀ, ਭੈਰਵੀ ਮਾਝ, ਗੋਂਡ, ਸੂਹੀ ਰਾਗਾਂ ਦੇ ਸਿਰਲੇਖ ਦੇ ਕੇ ਸੈਣ ਜੀ ਵੱਲੋਂ ਅਧਿਆਤਮਕ ਭਾਵ ਦੀ ਬਾਣੀ ਰਚੀ ਦੱਸ ਕੇ ਲਿਖੀ ਹੈ। ਪਦੇ, ਸ਼ਲੋਕਾਂ ਤੇ ਪਾਉੜੀ ਦੇ ਅੰਤ ਵਿਚ ‘ਸੈਣ’ ਛਾਪ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਗ੍ਰੰਥ ਦੇ 786 ਸਫ਼ੇ ਹਨ। ‘ਸ੍ਰੀ ਸੈਣ ਸਾਗਰ ਗ੍ਰੰਥ’ ਇਕ ਹੱਥ ਲਿਖਤ ਗ੍ਰੰਥ ਹੈ। ਇਹ ਪਿੰਡ ਅਕਾਲਗੜ੍ਹ ਨਜ਼ਦੀਕ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਵਰਗੀ ਡਰਾਈਵਰ ਸ. ਹਰਜਿੰਦਰ ਸਿੰਘ ਗੋਲ੍ਹ ਦੇ ਘਰ ਸ਼ੁਸ਼ੋਭਿਤ ਹੈ। ਸ੍ਰੀ ਸੈਣ ਜੀ ਦੀ 'ਸੈਣ ਸਾਗਰ ਗ੍ਰੰਥ' ਵਿਚ ਦਰਜ ਬਾਣੀ ਅਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਪਲਬਧ ਹੋ ਜਾਂਦੀ ਤਾਂ ਉਨ੍ਹਾਂ ਦੀ ਕਾਫੀ ਬਾਣੀ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਜਾਣੀ ਸੀ। ਸੈਣ ਜੀ ਦੇ ਰਚਿਤ ਸਵੱਈਏ ਵੀ ਹਨ। ਉਹਨਾਂ ਦੀ ਰਚਨਾ ਦੀ ਇਕ ਟੂਕ ਨਿਮਨ-ਲਿਖਤ ਇਸ ਤਰ੍ਹਾਂ ਹੈ:

ਸੈਣ ਦਾਸ ਮੈਂ ਬਲ ਬਲ ਜਾਵਾਂ, ਗੁਰੂ ਪੂਰੇ ਮਨਮਾਨੀ।।

(ਬਾਕੀ ਅਗਲੇ ਸਫੇ ਤੇ)

# ਸਤਿਗੁਰੂ ਸੈਣ ਜੀ

ਉਨ੍ਹਾਂ ਦੇ ਰਚੇ ਹੋਏ ਪਦਿਆਂ ਦਾ ਇਕ ਨਮੂਨਾ ਇਸ ਪ੍ਰਕਾਰ ਹੈ:
ਪਾਉਣ ਪਾਣੀ ਜੁ ਸਿਮਰ ਕੇ ਪ੍ਰਿਥੀ ਤੇ ਅਕਾਸ਼॥
ਚੰਦ ਸੂਰਜ ਜੋ ਸਿਮਰਦੇ ਫਿਰਦੇ ਦਿਨ ਤੇ ਰਾਤ॥

ਸੈਣ ਜੀ ਨੇ ਰਾਗ ਕੇਦਾਰਾ ਵਿਚ 'ਕਿਆ ਮੇਰਾ ਕਿਆ ਤੇਰਾ' ਸ਼ਬਦ ਗਾਇਆ। ਮਾਝ ਰਾਗ ਵਿਚ ਵੀ ਇਸੇ ਤਰ੍ਹਾਂ:
ਰਾਮ ਨਾਮ ਭਜ ਪਰਾਨੀ ਗੁਰ ਪੇਖਣ ਕੈਤਾਈ॥
ਰਤਨ ਨਾਮ ਪ੍ਰਭ ਜੀ ਮੋਹਨ ਪ੍ਰਭ ਗੁਸਾਈ॥

ਕਈ ਥਾਵਾਂ ਤੇ ਮੀਰਾ ਬਾਈ ਦੇ ਭਜਨਾਂ ਵਾਲਾ ਰੰਗ ਵੀ ਦੇਖਣ ਨੂੰ ਮਿਲਦਾ ਹੈ:
ਬਲਿ ਬਲਿ ਮੈਂ ਇਸ ਸਤਿਗੁਰ ਕੋ ਜਾਉ।
ਸਤਿਗੁਰੁ ਮੇਲ ਮਿਲਾਵੈ।
ਪ੍ਰੇਮ ਪਿਆਲਾ ਪ੍ਰਭ ਦੀਆ ਘਰ ਹੀ ਮਾਹਿ ਸਮਾਨੇ।
ਜੋਗੀ ਜਤੀ ਤਪੀ ਪਚ ਹਾਰੇ ਘਰ ਕਾ ਭੇਦ ਨਾ ਜਾਨੈ।
ਸਤਿਗੁਰੁ ਸਤ ਸਰੂਪ ਹੈ ਭੇਦ ਨਾ ਕਾਹੂ ਪਾਏ।
ਪੂਰਨ ਹਰਿ ਹਰਿ ਜਾਣ ਲੈ ਸੁਚ ਪ੍ਰਭ ਕਰਣ ਕਾਰਣ ਗੁਜਾਏ।

ਸੈਣ ਜੀ ਨੇ ਆਪਣੇ ਕਿੱਤੇ ਬਾਰੇ ਇਕ ਕਬਿੱਤ ਲਿਖਿਆ ਹੈ-
ਕੈਚੀ ਕਮਾਨ ਨਹੇਰਨ ਕੇ ਤੀਖੇ ਬਾਣ, ਉਸਤਰਾ ਤਲਵਾਰ ਸਾਰ ਹਾਥ ਕੀ ਸਫਾਈ ਹੈ।
ਪਟਾਰੀ ਪਟਾਸ ਕਟੋਰੀ ਭਰੀ ਪਾਸ, ਅਮੋਲਕ ਚਮਕਾਇ ਧਰੀ ਮਾਣ ਕੀ ਚਤਰਾਈ ਹੈ।
ਅਹਿ ਅਨੂਪ ਚਾਲ ਹਾਥ ਸੇ ਬਣਾਇ ਧਰੀ, ਜੈਸਾ ਮੁਖ ਹੋਤਾ ਬੀਚ ਤੈਸਾ ਹੀ ਦਿਖਾਈ।
ਪਾਂਚੋਂ ਹਥਿਆਰ ਹੋ ਬਜ਼ਾਰ ਮੇ ਲਗਾਈ ਫੇਰੀ, ਬੰਦਾ ਜਿਹਾ ਸਿਪਾਹੀ ਸੈਣ ਕਹੈ ਉਹ ਨਾਈ ਹੈ।

ਸੈਣ ਜੀ ਨੇ ਆਪਣੇ ਕਿੱਤੇ ਨੂੰ ਇਕ 'ਮਰਾਠੀ ਅਭੰਗ' ਵਿਚ ਅਜਿਹਾ ਅਧਿਆਤਮਕ ਰੰਗ ਦਿੱਤਾ ਹੈ, ਜਿਸ ਵਿਚੋਂ ਉਹਨਾਂ ਦੀ ਵਿਦਵਤਾ ਤੇ ਉੱਚੀ ਸੂਝ-ਬੂਝ ਝਲਕਾਰੇ ਮਾਰਦੀ ਹੈ। ਆਪਣੇ ਕਿੱਤੇ ਦੀ ਅਜਿਹੀ ਅਧਿਆਤਮਕ ਵਿਆਖਿਆ ਕੋਈ ਵਿਦਵਾਨ ਮਹਾਂਪੁਰਸ਼ ਹੀ ਕਰ ਸਕਦਾ ਹੈ:
ਹਮ ਪਤਲੀ ਹਜਾਮਤ ਬਣਾਏਂਗੇ, ਬਿਬੇਕ ਕਾ ਦਰਪਣ ਦਿਖਾਏਂਗੇ।
ਅਭਿਮਾਨ ਕੀ ਚੋਟੀ ਦਬਾਏਂਗੇ, ਭਾਵ ਰਸ ਕੀ ਬਗਲ ਸਾਫ ਕਰੇਂਗੇ।
ਸ਼ਾਂਤੀ ਕੇ- ਜਲ ਸੇ ਸਿਰ ਭਿਗੋਏਂਗੇ, ਕਾਮ ਕ੍ਰੋਧ ਕੇ ਨਾਖਨ ਕਾਟੇਂਗੇ।
ਔਰ ਚਾਰੋਂ ਵਰਣੋਂ ਕੀ ਸੇਵਾ ਕਰੇਂਗੇ।

ਸੈਣ ਜੀ ਦੀ ਰਚਨਾ- 'ਕਬੀਰ ਰਵਿਦਾਸ ਸੰਵਾਦ'

ਸੈਣ ਜੀ ਰਚਿਤ- 'ਕਬੀਰ ਰਵਿਦਾਸ ਸੰਵਾਦ' ਦੀਆਂ ਕਈ ਪੁਰਾਤਨ ਲਿਖਤਾਂ ਹਿੰਦੀ ਅਤੇ ਗੁਰਮੁਖੀ ਵਿਚ ਵੀ ਕਈ ਵਿਦਵਾਨਾਂ ਦੀਆਂ ਸਾਂਭੀਆਂ ਹੋਈਆਂ ਮਿਲਦੀਆਂ ਹਨ। ਇਸ ਰਚਨਾ ਵਿਚ ਕਬੀਰ ਜੀ ਅਤੇ ਰਵਿਦਾਸ ਜੀ ਦੀ ਨਿਰਗੁਣ ਅਤੇ ਸਰਗੁਣ ਭਗਤੀ ਪ੍ਰਤੀ ਚਰਚਾ ਬੜੀ ਉੱਚ ਪਾਏ ਦੀ ਹੈ। ਦੋਹਾਂ ਭਗਤਾਂ ਦੇ ਇਕ ਦੂਸਰੇ ਉਪਰ ਨਿਰਗੁਣ ਅਤੇ ਸਰਗੁਣ ਬਾਰੇ ਵਿਚਾਰਾਂ ਦੇ ਇਕ ਦੂਸਰੇ ਉਪਰ ਪ੍ਰਸ਼ਨ ਤੇ ਉਤਰ ਹਨ। ਰਵਿਦਾਸ ਜੀ ਅਵਤਾਰਵਾਦ ਦੇ ਹੱਕ ਵਿਚ ਆਪਣੇ ਵਿਚਾਰ ਉਭਾਰਦੇ ਹਨ ਅਤੇ ਕਬੀਰ ਜੀ ਅਵਤਾਰਵਾਦ ਦਾ ਵਿਰੋਧ ਕਰਦੇ ਹਨ। ਦੋਹਾਂ ਦਾ ਸੰਵਾਦ ਸੁਣਨ ਅਤੇ ਰਚਣ ਵਾਲੇ ਹਨ ਭਗਤ ਸ੍ਰੀ ਸੈਣ ਜੀ, ਸ੍ਰੀ ਰਾਮ ਚੰਦਰ ਜੀ ਬਾਰੇ ਨਿਮਨ ਕੁਝ ਪੰਕਤੀਆਂ ਹਨ। ਕਬੀਰ ਜੀ ਕਹਿੰਦੇ ਹਨ:
ਸੁਨ ਰਵਿਦਾਸ ਉਹ ਰਾਜਾ ਕਹੀਐ,
ਕਰਣ ਕਾਰਣ ਉਹ ਨਾਹੀਂ।
ਅਦ੍ਰਿਸ਼ਟ ਅਗੋਚਰ ਦ੍ਰਿਸ਼ਟਿ ਨਾ ਆਵੈ,
ਗੁਪਤ ਰਹੇ ਮਨ ਮਾਹੀਂ।

ਰਵਿਦਾਸ ਜੀ ਨੂੰ ਕਬੀਰ ਜੀ ਹੋਰ ਵਿਸਥਾਰ ਵਿਚ ਦੱਸਦੇ ਹਨ:
ਕਾਚੇ ਗੁਰ ਤੇ ਭਰਮ ਨ ਟੂਟੇ, ਮਿਟੈ ਨ ਆਵਣ ਜਾਣੀ॥
ਮ੍ਰਿਤਕ ਪੱਥਰ ਲੈ ਲੈ ਪੂਜਹਿ, ਤੈਂ ਤਤ ਬਸਤ ਨਹੀਂ ਜਾਣੀ॥
ਸੁਨ ਰਵਿਦਾਸ! ਬ੍ਰਹਮ ਨ ਗੋਪੀ ਬ੍ਰਹਮ ਨਾ ਗੋਕਲ, ਬ੍ਰਹਮ ਰੂਪ ਕੋ ਅਵਤਰੀ ਮਾਇਆ॥
ਪੂਰਨ ਬ੍ਰਹਮ ਕਹੀਐ ਅਬਿਨਾਸੀ, ਸੋ ਕਿਨਹੂ ਬਿਰਲੈ ਪਾਇਆ॥
ਸਤਿਗੁਰ ਮਿਲੈ ਤਾਂ ਬੁਧਿ ਬਤਾਵੈ, ਬਿਨ ਗੁਰ ਭਰਮ ਨਾ ਕੋਈ॥
ਜੋ ਕੁਛ ਹੋਇ ਤਾਂ ਦ੍ਰਿਸ਼ਟੀ ਆਵੇ, ਤੇ ਜਗਤ ਨਹੀਂ ਜਾਨੀ ਕਾਈ॥

ਰਵਿਦਾਸ ਜੀ, ਕਬੀਰ ਜੀ ਨੂੰ ਪ੍ਰਸ਼ਨ ਕਰਦੇ ਹਨ:
ਸੁਨ ਕਬੀਰ ਰਵਿਦਾਸ ਕਰਹੁ ਹੈ ਤੁਮ ਕਹੀਅਹੁ ਬ੍ਰਹਮ ਗਿਆਨੀ।
ਬ੍ਰਹਮ ਬ੍ਰਹਮ ਕਰ ਭਰਮ ਭੁਲਾਨੇ ਤਤ ਬਸਤ ਨਹੀਂ ਜਾਨੀ।
ਤਤੁ ਹਮਾਰੋ ਨੰਦ ਕੇ ਨੰਦਨ, ਪ੍ਰਗਟ ਭਏ ਜਗ ਮਾਹੀ।
ਤੁਮਰਾ ਬ੍ਰਹਮ ਕਿਨੈ ਨਹੀਂ ਦੇਖਿਆ? ਤੁਮ ਲਾਜ ਮਰਤ ਕਿਉ ਨਹੀਂ?

ਕਬੀਰ ਜੀ ਜਵਾਬ ਦਿੰਦੇ ਹਨ:
ਰਵਿਦਾਸ, ਬ੍ਰਹਮ ਗਿਆਨ ਬਿਨ, ਬ੍ਰਹਮ ਧਿਆਨ ਬਿਨ ਹਿਰਦਾ ਸ਼ੁਧ ਨਾ ਹੋਈ॥
ਏਕੋ ਬ੍ਰਹਮ ਸਗਲ ਮਹਿ ਵਰਤੈ, ਦੂਜਾ ਅਵਰ ਨਾ ਕੋਈ॥
ਜੋ ਠਾਕਰ ਤੁਮ ਹੀ ਕਰ ਜਾਨਿਆ, ਤਿਨ ਭੀ ਬ੍ਰਹਮ ਨਾ ਚਾਖਿਆ॥
ਸ਼ਬਦ ਅਤੀਤ ਏਕੋ ਹੈ, ਬਿਨ ਗੁਰ ਕਿਤੇ ਨਾ ਲਖਿਆ॥

ਸੰਬਾਦ ਦਾ ਅੰਤਿਮ ਪਦਾ:
ਪਥਰ ਪੋਟ ਬਿਮਲ ਜਲ ਤਾਰਹੁ ਗੁਰ ਖੋਜਹੁ ਦੋ ਸੂਰਾ॥
ਜੋ ਗੁਰ ਮਿਲੈ ਤਾਂ ਸਹਸਾ ਬਿਨਸੈ ਅਨਹਦ ਵਾਜੇ ਤੂਰਾ॥
ਅਨਹਦ ਵਾਜੇ ਤਾਂ ਮਨੂਆ ਲਾਗੈ ਸੋਗ ਬਿਓਰਾ ਬਿਨਸੇ॥
ਕਹੈ ਕਬੀਰ ਸੁਨਹੁ ਰਵਿਦਾਸਾ ਸਭਿ ਕਾਰਜ ਅਹਿਰਾਸੇ॥

ਸੰਵਾਦ ਸੰਪੂਰਨ ਹੁੰਦਾ ਹੈ:
ਦੇਵੀ, ਸੈਨ, ਰਵਿਦਾਸ, ਕਬੀਰੈ ਚਹੁੰ ਮਿਲ ਅੰਮ੍ਰਿਤ ਮਥਿਆ॥
ਕਹਿਤ ਪੁਨੀਤ ਸੁਨਤੇ ਪਵਿਤ੍ਰ ਜਪੰਦਿਆਂ ਕੁਲ ਤਾਰਿਆ॥
ਤਿਨ ਜੀਤਾ ਸਭ ਸੰਸਾਰ, ਜਿਨ ਮਨੂਆ ਮਾਰਿਆ॥
ਬੋਲੋ ਜੀ ਵਾਹਿਗੁਰੂ॥

'ਕਬੀਰ ਰਵਿਦਾਸ ਸੰਵਾਦ' ਬਾਰੇ ਪ੍ਰਸਿੱਧ ਵਿਦਵਾਨ ਸ੍ਰੀ ਰਾਮ ਕੁਮਾਰ ਵਰਮਾ ਆਪਣੀ ਪ੍ਰਸਿੱਧ ਰਚਨਾ 'ਕਬੀਰ' ਵਿਚ ਸੰਵਾਦ ਬਾਰੇ ਚਰਚਾ ਕਰਦਿਆਂ ਨਿਰਣਾ ਕੱਢਦੇ ਹਨ: 'ਕਬੀਰ ਔਰ ਰੈਦਾਸ ਸੰਵਾਦ' ਯਹ 69 (ਉਨੱਤਰ) ਛੰਦੋਂ ਮੇਂ ਲਿਖਾ ਗਿਆ ਹੈ, ਔਰ ਇਸ ਮੇਂ ਕਬੀਰ ਰੈਦਾਸ ਕਾ ਸੰਵਾਦ ਵਰਣਨ ਹੈ। ਯਹ ਸੈਣ ਨਹੀਂ ਹੈ। ਜਿਸਕਾ ਜ਼ਿਕਰ ਸ੍ਰੀ ਨਾਭਾ ਦਾਸ ਜੀ ਨੇ ਅਪਨੀ 'ਭਗਤ ਮਾਲਾ' ਮੇਂ ਸ੍ਰੀ ਰਾਮਾਨੰਦ ਕੇ ਸ਼ਿਸ਼ੇ ਮੇਂ ਕੀਆ ਹੈ। ਇਸ ਅਵਤਰਣ ਸੇ ਗਯਾਤ ਹੋਤਾ ਹੈ ਕਿ ਕਬੀਰ ਔਰ ਰਵਿਦਾਸ ਏਕ ਹੀ ਗੁਰੂ ਕੇ ਸ਼ਿਸ਼ ਥੇ। ਇਨ ਸ਼ਿਸ਼ੋ ਕੇ ਸਾਥ ਸੈਣ ਜੀਕਾ ਨਾਮ ਭੀ ਹੈ। ਸੈਣ ਦੁਆਰਾ ਯਹ ਨਿਰਦੇਸ਼ ਪ੍ਰਮਾਣਿਤ ਹੈ।'

**ਸੈਣ ਜੀ ਦਾ ਸਮਾਂ:**

ਭਗਤ ਸੈਣ ਜੀ ਬਾਰੇ ਭਗਤਮਾਲਾ ਵਿਚ ਪ੍ਰਸੰਗ ਹੈ ਕਿ ਸੈਣ ਜੀ ਜਿਸ ਰਾਜੇ ਦੀ ਸੇਵਾ ਵਿਚ ਸਨ, ਉਹ ਰਾਜਾ ਵੀ ਸੈਣ ਜੀ ਦੀ ਮਹਾਨ ਅਧਿਆਤਮਕ ਸ਼ਖ਼ਸੀਅਤ ਤੇ ਸੰਗਤ ਦੇ ਪ੍ਰਭਾਵ ਕਾਰਨ ਉਹਨਾਂ ਦਾ ਭਗਤ ਬਣ ਗਿਆ। ਇਸ ਪ੍ਰਭਾਵ ਨੂੰ ਹੀ ਅਸੀਂ ਚਮਤਕਾਰ ਕਹਿ ਸਕਦੇ ਹਾਂ। ਹਰ ਸਾਧੂ-ਸੰਤ ਮਹਾਤਮਾ ਪਹਿਲਾਂ ਮਨੁੱਖ ਹਨ ਤੇ ਫਿਰ ਆਪਣੇ ਗੁਣਾਂ ਕਾਰਨ ਵਧੀਆ ਮਨੁੱਖ ਹਨ, ਜੋ ਆਪਣੇ ਵਧੀਆ ਗੁਣਾਂ ਨਾਲ ਤੇ ਪ੍ਰਭਾਵ ਨਾਲ ਹਰ ਜਨ-ਸਧਾਰਨ ਨੂੰ ਵਧੀਆ ਜੀਵਨ ਜਾਚ ਅਪਣਾਉਣ ਦੀ ਪ੍ਰੇਰਨਾ ਦਿੰਦੇ ਹਨ ਤੇ ਮਨੁੱਖ ਨੂੰ ਵਧੀਆ ਨੈਤਿਕ ਜੀਵਨ ਜਿਉਣ ਦੀ ਪ੍ਰੇਰਨਾ ਵੀ ਦਿੰਦੇ ਹਨ। ਮਨੁੱਖ ਨੂੰ ਰੱਬ ਕਹਿਣਾ ਗਲਤ ਹੈ, ਜੇ ਮਨੁੱਖ ਹੀ ਰੱਬ ਹੈ ਤਾਂ ਫਿਰ ਰੱਬ ਕੀ ਹੈ? ਬੱਸ ਇਸ ਤਰ੍ਹਾਂ ਦੇ ਵਧੀਆ ਗੁਣ ਹੋਣ ਕਾਰਨ ਹੀ ਸੈਣ ਜੀ ਨੂੰ ਰਾਜੇ ਨੇ ਨੌਕਰੀ ਤੇ ਨਾ ਆਉਣ ਕਾਰਨ ਕੁਝ ਵੀ ਨਹੀਂ ਕਿਹਾ ਹੋ ਸਕਦਾ ਹੈ? ਉਕਤ ਦੱਸੇ ਗਏ ਸੈਣ ਜੀ ਦੀ ਜੀਵਨੀ ਨਾਲ ਜੋੜੇ ਗਏ ਚਮਤਕਾਰ ਤੇ ਫਿਰ 'ਸਾਹਿਬ ਸਿੰਘ ਜੀ' ਦੇ ਰੂਪ ਵਿਚ ਅਵਤਾਰ ਧਾਰ ਕੇ ਆਉਣ ਦੀ ਭਵਿੱਖਬਾਣੀ ਨੂੰ ਯਥਾਰਥਕ ਤੇ ਵਿਗਿਆਨਕ ਨਜ਼ਰੀਏ ਤੋਂ ਸੱਚ ਨਹੀਂ ਮੰਨਿਆ ਜਾ ਸਕਦਾ। ਇਹ ਤਾਂ ਸੈਣ ਜੀ ਦੇ ਭਗਤਾਂ ਦੀਆਂ ਉਹਨਾਂ ਦੇ ਜੀਵਨ ਨਾਲ ਜੋੜੀਆਂ ਗਈਆਂ ਮਿੱਥਾਂ ਹੀ ਹਨ ਹੋਰ ਕੁਝ ਵੀ ਨਹੀਂ ਹੈ। ਭਗਤੀ ਲਹਿਰ ਦੇ ਤਕਰੀਬਨ ਸਭ ਭਗਤਾਂ ਨਾਲ ਇਸ ਤਰ੍ਹਾਂ ਦੇ ਚਮਤਕਾਰ ਤੇ ਕਰਾਮਾਤਾਂ ਉਹਨਾਂ ਦੇ ਭਗਤਾਂ ਦੀਆਂ ਹੀ ਜੋੜੀਆਂ ਗਈਆਂ ਮਿੱਥਾਂ ਹਨ। ਭਗਤਾਂ ਨੇ ਤਾਂ ਸਗੋਂ ਅਨੇਕਾਂ ਕਸ਼ਟਾਂ ਤੇ ਵਿਰੋਧਾਂ ਦਾ ਸਾਹਮਣਾ ਕੀਤਾ। ਉਸ ਸਮੇਂ ਦੇ ਬ੍ਰਾਹਮਣਵਾਦ ਤੇ ਸਾਮਰਾਜੀ ਤਾਕਤਾਂ ਨੇ ਇਨ੍ਹਾਂ ਭਗਤਾਂ ਦੀ ਲੋਕ-ਲਹਿਰ ਨੂੰ ਦਬਾਉਣ ਦਾ ਸਿਰਤੋੜ ਯਤਨ ਕੀਤਾ, ਪਰ ਉਹ ਕਾਮਯਾਬ ਨਹੀਂ ਹੋਏ, ਸਗੋਂ ਭਗਤਾਂ ਨੇ ਸੰਗਠਿਤ ਹੋ ਕੇ ਸਮਾਜਿਕ ਬਰਾਬਰੀ ਦਾ ਹੱਕ ਪ੍ਰਾਪਤ ਕਰਨ ਲਈ, ਛੂਤ-ਛਾਤ ਨੂੰ ਖ਼ਤਮ ਕਰਨ ਲਈ, ਸਮਾਜਿਕ ਕੁਰੀਤੀਆਂ ਦੂਰ ਕਰਨ ਲਈ ਬ੍ਰਾਹਮਣਵਾਦ ਤੇ ਸਾਮਰਾਜੀ ਤਾਕਤਾਂ ਦਾ ਡੱਟ ਕੇ ਵਿਰੋਧ ਕੀਤਾ ਤੇ ਆਮ ਜਨ-ਸਧਾਰਨ ਨੂੰ ਆਪਣੇ ਨਾਲ ਜੋੜ ਲਿਆ ਤੇ ਇਸ ਨੂੰ ਇਕ ਲੋਕ-ਲਹਿਰ ਦੇ ਰੂਪ ਵਿਚ ਪ੍ਰੀਵਰਤਿਤ ਕਰ ਦਿੱਤਾ। ਇਹ ਗੱਲ ਨਾਭਾ ਜੀ ਦੀ ਭਗਤ ਮਾਲਾ ਅਤੇ ਉਸ ਦੇ ਟੀਕਾਕਾਰ ਪ੍ਰਿਯਦਾਸ ਨੇ ਪ੍ਰਮਾਣਿਤ ਕੀਤੀ ਹੈ:
ਬਾਧੋਗੜ੍ਹ ਬਾਸ ਹਰਿ ਸਾਧੂ ਆਸ ਲਾਗੀ,
ਪਰਹੀ ਮਤਿ ਸੁਰਤਿ ਪ੍ਰਭੂ ਪਰਚੇ ਦਿਖਾਯੋ ਹੈ।
ਕਰ ਨਿਤਨੇਮ ਚਲਾਯੇ ਭੂਪ ਕੋ ਲਗਾਊ ਤੇਲ,
ਪਯੋ ਮਗ ਮੇਲ ਸੰਤ, ਫਿਰ ਘਰ ਆਯੋ ਹੈ।
ਟਹਿਲ ਬਨਾਯੋ ਕਰੀ ਨ੍ਰਿਪ ਕੀ ਨਾ ਸੇਕ ਧਰੀ,
ਧਰ ਉਰ ਸਾਂਸਮ ਜਾਯ ਭੂਪਤ ਰਿਝਾਯੋ ਹੈ।
ਪਾਛੋ ਸੈਣ ਰਾਯੋ ਪੰਧ ਪੂਛੇ, ਹਿਯ ਰੰਗ ਛਯੋ,
ਭਯੋ ਅਚਰਜ ਰਾਜਾ ਬਚਨ ਸੁਨਾਯੋ ਹੈ।

ਬਾਧਵਗੜ੍ਹ (ਰੀਵਾ) ਦੇ ਰਾਜੇ ਦਾ ਦੂਜਾ ਨਾਮ ਰਾਮ ਚੰਦਰ ਸੀ। ਇਸ ਰਾਜੇ ਦਾ ਰਾਜ ਕਾਲ 1554 ਤੋਂ 1591 ਈਸਵੀ (ਬਿਕ੍ਰਮੀ 1649) ਹੈ। ਇਸ ਤਰ੍ਹਾਂ ਸੈਣ ਜੀ ਦਾ ਸਮਾਂ ਵੀ ਬਿਕ੍ਰਮੀ ਦੀ ਸੋਲਵੀਂ ਸਦੀ ਦੇ ਮੱਧਕਾਲ ਤੋਂ ਪਿੱਛੋਂ ਤੱਕ ਬਣਦਾ ਹੈ। ਇਹ ਗੱਲ ਵੀ ਯਾਦ ਰੱਖਣ ਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਚਲਾਣੇ ਦਾ ਬਿਕ੍ਰਮੀ ਸੰਮਤ ਅੱਸੂ 1596 ਹੈ। ਜਿਸ ਲਈ ਇਨ੍ਹਾਂ ਸੰਮਤਾਂ ਤੋਂ ਗੱਲ ਸਾਫ ਹੋ ਜਾਂਦੀ ਹੈ ਕਿ ਸ੍ਰੀ ਰਾਮਾਨੰਦ ਜੀ ਤੇ ਉਹਨਾਂ ਦੇ ਚੇਲੇ ਭਗਤਾਂ ਦਾ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਹੋਣਾ ਨਿਸ਼ਚਿਤ ਹੈ।

ਗੁਰੂ ਨਾਨਕ ਦੇਵ ਜੀ ਨੇ ਰਾਮਾਨੰਦ ਜੀ ਨੂੰ ਅਵਤਾਰਵਾਦ ਦੇ ਚੱਕਰ ਵਿਚੋਂ ਕੱਢ ਕੇ ਨਿਰਾਕਾਰ, ਬ੍ਰਹਮ ਦਾ ਰਹੱਸ ਸਮਝਾਇਆ ਤੇ ਇਹੋ ਪ੍ਰਭਾਵ ਉਹਨਾਂ ਦੇ ਚੇਲਿਆਂ ਤੇ ਪਿਆ ਤੇ ਸਭ ਤੋਂ ਪਹਿਲਾਂ ਕਬੀਰ ਜੀ ਨੇ ਇਹ ਪ੍ਰਭਾਵ ਗ੍ਰਹਿਣ ਕੀਤਾ। ਇਸ ਪ੍ਰਾਪਤੀ ਦਾ ਵਰਣਨ ਰਾਮਾਨੰਦ ਜੀ ਨੇ ਆਪਣੇ ਪਦਿਆਂ ਵਿਚ ਕੀਤਾ ਹੈ, ਜਿਹੜੇ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਨਹੀਂ ਹਨ। ਨਿਮਨ-ਲਿਖਤ ਪਦੇ ਦੀਆਂ ਸਤਰਾਂ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਦਰਜ ਹਨ:
ਸਤਿਗੁਰੂ ਮੈਂ ਬਲਿਹਾਰੀ ਤੋਰ। ਜਿਨ ਸਕਲ ਵਿਕਲ ਭਰਮ ਜਾਰੇ ਮੋਰ।
ਰਾਮਾਨੰਦ ਰਮੈ ਏਕ ਬ੍ਰਹਮ। ਗੁਰ ਕੌ ਏਕ ਸ਼ਬਦ ਕਾਟੇ ਕੋਟ ਕਰਮ।

ਉਕਤ ਭਗਤਾਂ ਦੇ ਸਮਕਾਲੀ ਹੋਣ ਦਾ ਪ੍ਰਮਾਣ ਸੈਣ ਜੀ ਦੀਆਂ ਨਿਮਨ ਲਿਖਤ ਸਤਰਾਂ ਤੋਂ ਜ਼ਾਹਿਰ ਹੁੰਦਾ ਹੈ:
ਰਾਮ ਭਗਤ ਰਾਮਾ ਨੰਦ ਜਾਨੈ,
ਪੂਰਨ ਪਰਮਾਨੰਦ ਬਖਾਨੈ॥

ਕਬੀਰ ਜੀ ਦਾ ਕਥਨ ਵੀ ਇਹ ਪ੍ਰਗਟ ਕਰਦਾ ਹੈ ਕਿ ਰਾਮਾਨੰਦ ਜੀ ਉਹਨਾਂ ਦੇ ਗੁਰੂ ਹਨ:
ਭਗਤ ਦ੍ਰਾਵਡ ਊਪਜੀ, ਲਾਏ ਰਾਮਾਨੰਦ॥
ਪ੍ਰਗਟ ਕਰੀ ਕਬੀਰ ਨੇ, ਸਾਤਦੀਪ ਨਵ ਖੰਡ॥
ਰਾਮਾਨੰਦ ਰਾਮ ਰਸ ਮਾਤੇ। ਕਹਿ ਕਬੀਰ ਹਮ ਕਹਿ ਕਹਿ ਥਾਕੇ॥
ਕਾਂਸ਼ੀ ਮੇਂ ਹਮ ਪ੍ਰਗਟ ਭਏ ਹੈਂ। ਰਾਮਾਨੰਦ ਚੇਤਾਏ॥
ਗੁਰੂ ਰਾਮਾਨੰਦ ਚਰਨ ਕਮਲ ਪਰ, ਦੀਨੀ ਵਾਰ॥

ਪ੍ਰਸਿੱਧ ਇਤਿਹਾਸਕ ਰਾਮ ਚੰਦਰ ਸ਼ੁਕਲ ਜੀ ਨੇ ਸ੍ਰੀ ਸੈਣ ਜੀ ਬਾਰੇ ਇਸ ਤਰ੍ਹਾਂ ਲਿਖਿਆ ਹੈ:-
ਸੈਣ ਭਗਤ ਰਾਮਾਨੰਦ ਕੇ ਸ਼ਿਸ਼ੇ ਮੇਂ ਪ੍ਰਸਿੱਧ ਹੈਂ। ਯੇ ਸੈਣ ਭਗਤ ਬਾਧਵਗੜ੍ਹ ਨਰੇਸ਼ ਕੇ ਨਾਈ ਥੇ। ਰਾਮਾਨੰਦ ਜੀ ਸੇ ਦੀਕਸ਼ਾ ਲੇਨੇ ਕੇ ਉਪਰਾਂਤ ਹੀ ਸੈਣ ਜੀ ਪੱਕੇ ਭਗਤ ਹੁਏ ਹੋਂਗੇ ਔਰ ਉਨ ਕੇ ਬਾਰੇ ਮੇਂ ਕਥਾ ਪ੍ਰਸਿੱਧ ਹੁਈ ਹੋਗੀ। ਤੋਂ ਸੰਬਤ 1575 ਜਾਂ 1580 ਤੱਕ ਰਾਮਾਨੰਦ ਜੀ ਕਾ ਰਹਿਨਾ ਠਹਿਰਤਾ ਹੈ। ਉਨ ਕਾ ਸਮਯ ਬਿਕ੍ਰਮੀ ਕੀ 15ਵੀਂ ਸ਼ਤੀ ਕੇ ਚਤ੍ਰਥ ਔਰ 16ਵੀਂ ਸ਼ਤੀ ਕੇ ਤ੍ਰਿਤੀਯ ਚਰਨ ਕੇ ਭੀਤਰ ਮਾਨਾ ਜਾ ਸਕਤਾ ਹੈ।''

ਸੈਣ ਜੀ, ਰਵਿਦਾਸ ਜੀ ਤੇ ਕਬੀਰ ਜੀ ਵਿਚ ਆਪਸੀ ਸਾਂਝ ਦੇ ਸੰਕੇਤ ਵੀ ਮਿਲਦੇ ਹਨ। ਇਹ ਤਿੰਨੋਂ ਭਗਤ ਸਮਕਾਲੀ ਸਨ ਤੇ ਇਨ੍ਹਾਂ ਵਿਚ ਵਿਚਾਰਧਾਰਕ ਪੱਖ ਤੋਂ ਸਾਂਝ ਹੋਣ ਦੇ ਵੀ ਸਬੂਤ ਮਿਲਦੇ ਹਨ। ਅਨੰਤ ਦਾਸ ਜੀ ਦੀਆਂ 'ਪਰਚੀਆਂ' ਭਗਤਾਂ ਬਾਰੇ ਇਕ 'ਪੁਰਾਤਨ ਗ੍ਰੰਥ' ਹੈ। ਉਸ ਦੀ ਰਚਨਾ ਦਾ ਸੰਮਤ 1645 ਹੈ। ਇਸ ਗ੍ਰੰਥ ਵਿਚ ਇਨ੍ਹਾਂ ਤਿੰਨਾਂ ਭਗਤਾਂ ਦੇ ਮੇਲ ਦੇ ਢੁਕਵੇਂ ਜ਼ਿਕਰ ਹਨ। ਇਹਨਾਂ ਭਗਤਾਂ ਦੀ ਏਕਤਾ ਦੇ ਉਸ ਸਮੇਂ ਦੇ ਬ੍ਰਾਹਮਣ ਘੋਰ ਵਿਰੋਧੀ ਸਨ ਕਿਉਂਕਿ ਇਨ੍ਹਾਂ ਨੇ ਬ੍ਰਾਹਮਣਵਾਦ ਤੇ ਸਮਾਜਿਕ ਬਰਾਬਰੀ ਦੇ ਹੱਕ ਲਈ ਆਪਣਾ ਸੰਯੁਕਤ ਮੋਰਚਾ ਖੋਲ੍ਹ ਰੱਖਿਆ ਸੀ। ਇਨ੍ਹਾਂ ਨੇ ਕਈ ਵਾਰ ਇਕ ਸਾਂਝੇ ਮੰਚ ਤੋਂ ਆਪਣੇ ਵਿਚਾਰਾਂ ਦਾ ਪ੍ਰਗਟਾ ਵੀ ਕੀਤਾ।

ਇਤਿਹਾਸਕਾਰਾਂ ਅਨੁਸਾਰ ਉਸ ਸਮੇਂ ਚਿਤੌੜ ਦੀ ਰਾਣੀ ਝਾਲਾਵਾਈ, ਜੋ ਮੀਰਾਬਾਈ ਦੀ ਸੱਸ ਦੱਸੀ ਜਾਂਦੀ ਹੈ, ਰਵਿਦਾਸ ਜੀ ਤੋਂ ਬਹੁਤ ਪ੍ਰਭਾਵਿਤ ਸੀ। ਝਾਲਾਵਾਈ ਰਵਿਦਾਸ ਜੀ ਦੇ ਦਰਸ਼ਨਾਂ ਲਈ ਪਹੁੰਚੀ। ਉੱਚੀ ਕੁੱਲ ਦੇ ਅਹੰਕਾਰੀਆਂ ਵਿਚ, ਖਾਸ ਕਰ ਬ੍ਰਾਹਮਣਾਂ ਵਿਚ ਖਲਬਲੀ ਮੱਚ ਗਈ। ਜਾਤ ਅਭਿਮਾਨੀਆਂ ਵਿਚ ਕਬੀਰ ਤੇ ਸੈਣ ਜੀ ਬਾਰੇ ਪਹਿਲਾਂ ਹੀ ਕਾਫੀ ਤਿੱਖਾ ਵਿਰੋਧ ਚੱਲ ਰਿਹਾ ਸੀ। ਇਸ ਤਰ੍ਹਾਂ ਰਵਿਦਾਸ ਜੀ ਦੀ ਵੱਧ ਰਹੀ ਮਾਨਤਾ ਤੋਂ ਉਹ ਹੋਰ ਔਖੇ ਹੋ ਗਏ। ਉਕਤ ਦੱਸੇ ਗ੍ਰੰਥਾਂ ਦੀਆਂ ਪਰਚੀਆਂ ਵਿਚ ਲਿਖਿਆ ਹੈ ਕਿ ਰਵਿਦਾਸ ਜੀ, ਸੈਣ ਜੀ ਨੂੰ ਨਾਲ ਲੈ ਕੇ ਕਬੀਰ ਜੀ ਪਾਸ ਸਲਾਹ ਕਰਨ ਗਏ, ਨੇ ਝਾਲਾਵਾਈ ਨੂੰ ਦੀਖਿਆ ਦਿੱਤੀ ਜਾਵੇ ਜਾਂ ਨਾ? ਕਿਉਂਕਿ ਬ੍ਰਾਹਮਣ ਇਸ ਦੇ ਘੋਰ ਵਿਰੋਧੀ ਹਨ। ਰਵਿਦਾਸ ਜੀ ਨੇ ਕਬੀਰ ਜੀ ਨਾਲ ਸਲਾਹ ਕਰਨੀ ਠੀਕ ਸਮਝੀ। ਇਸ ਗੱਲ ਦਾ ਸੰਕੇਤ ਨਿਮਨ-ਲਿਖਤ ਸਤਰਾਂ ਤੋਂ ਸਾਫ ਝਲਕਦਾ ਹੈ:
ਏਹ ਬਤਾਈ ਕਬੀਰ ਭਾਈ। ਝਾਲੀ ਸਿੱਖ ਹੋਣ ਹੈ ਆਈ?
ਤਬ ਕਬੀਰ ਮਨ ਉਪਜੀ ਲੱਜਾ। ਮੇਰੇ ਕਾਮ ਨਾ ਰਾਣੀ ਰਾਜਾ॥
ਨਿਜ ਹਰਿ ਭਗਤ ਸੈਣ ਹੈ ਨਾਉ॥ ਬਾਧੋਘੋ ਗਾਵਿ ਸੋਂ ਮੋ ਚਲ ਆਉ॥
ਬਾਮਨ ਹਠਿ ਕਰੇ ਆਪ ਘਾਤਾਂ, ਰਾਯਾਨ ਧਯਾਨ ਕੀ ਸੁਨੇ ਨਾ ਬਾਤਾਂ॥
ਬ੍ਰਹਮ ਸੀਖ ਦੈ ਤਊ ਮਾਨੈ। ਹਮਹਿ ਤੁਮਹਿ ਕਮੀਨ ਕਰ ਜਾਨੈ॥
ਭਗਤ ਹੇਤਿ ਹੈ ਦਾਸ ਪਠਾਯੋ। ਸੋ ਕਬੀਰ ਕੋ ਬੁਝਨ ਆਯੋ॥
ਬਾਮਣ ਪੋਲ ਹਮਾਰੀ ਮਰੇਹੀ। ਦੇਹ ਮਤੋਂ ਹਮ ਕੈਸੀ ਕਰਹੀ।
ਕਹੈ ਕਬੀਰ ਨਾਮਾਨੇ ਸਾਖਾ। ਜਿਨ ਖਾਈ ਰਾਜਨ ਕੀ ਭੀਖਾ॥
ਮੈ ਰੈਦਾਸ ਬਹੁਤ ਮਨ ਭਾਈ। ਐਸੀ ਸੀਖ ਕਬੀਰ ਪੜ੍ਹਾਈ॥
ਤਬ ਰੈਦਾਸ ਕਹੈ ਸਮਝਾਈ। ਕੈਸੇ ਕਹੇ ਸੋ ਮਾਨੇ ਭਾਈ॥
ਇਤ ਹਰਿ ਭਗਤ ਸੈਨ ਰੈਦਾਸ। ਹਰਿ ਗੁਣ ਗਾਵੈ ਧਾਰੇ ਆਸ॥
ਸਾਂਝੀ ਬੇਰ ਸੈਨ ਰੈਦਾਸਾ। ਚਲ ਆਯੋ ਕਬੀਰ ਕੇ ਪਾਸਾ॥
ਆਦਰ ਕਰ ਕਬੀਰ ਬੈਠਾਰੇ। ਸਮਾਚਾਰ ਸਭ ਸੁਨੇ ਤੁਮਾਰੇ॥
ਤਬ ਕਬੀਰ ਕੋ ਬਚਨ ਸੁਨਾਵਾ। ਚਤੌਰ ਤੇ ਹਮ ਕੋ ਚਲ ਆਵਾ॥
ਆਗਿਆ ਦੇਹ ਤੇਰੀ ਆਸ ਹਰੀ। ਕਹੋ ਚਲੇ ਕਹੋ ਉਤਰ ਕਰ ਹੀ॥
ਤਬ ਰਵਿਦਾਸ ਬਿਦਾਰੀ ਬਾਤਾ। ਗੁਰ ਸਮਾਨ ਕਬੀਰ ਵਡ ਭਗਤਾ॥
ਤਾਕੋ ਬੁਝਣ ਪ੍ਰਾਤ ਉਧਾਰੇ। ਆਦਰ ਕਰ ਕਬੀਰ ਬੈਠਾਰੇ॥

ਕਬੀਰ ਜੀ ਨੂੰ ਰਵਿਦਾਸ ਜੀ ਵੱਡੇ ਭਰਾ ਸਮਾਨ ਸਮਝਦੇ ਹਨ ਆਪਣਾ ਗੁਰੂ ਨਹੀਂ। ਕਬੀਰ ਜੀ ਇਸ ਵੇਲੇ ਨਿਰਗੁਣਵਾਦ ਦੇ ਕੱਟੜ ਧਾਰਨੀ ਬਣ ਚੁੱਕੇ ਸਨ ਅਤੇ ਰਵਿਦਾਸ ਜੀ ਅਜੇ ਸਰਗੁਣ ਪ੍ਰਭਾਵੀ ਹੀ ਸਨ। ਪਰਚੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਜਦੋਂ ਤਿੰਨ ਭਗਤ ਕਬੀਰ, ਸੈਣ ਅਤੇ ਰਵੀਦਾਸ ਜੀ ਮਿਲ ਕੇ ਸੰਗਤ ਕਰਨ ਲੱਗੇ ਤਾਂ ਚਤ੍ਰਭੁਜ ਦੇ ਦਰਸ਼ਨ ਹੋਏ। ਕਬੀਰ ਜੀ ਉਨ੍ਹਾਂ ਦਰਸ਼ਨਾਂ ਉਤੇ ਨਾ ਪਤੀਜੇ, ਕਬੀਰ ਜੀ ਦੇ ਮਨ ਵਿਚ ਨਿਰਗੁਣ ਰਚ ਚੁੱਕਿਆ ਸੀ:
ਕਬੀਰ ਕੇ ਮਨ ਨਿਰਗੁਣ ਰਾਜੈ,
ਔਰ ਸਭੈ ਮਤ ਕਹੀਯੇ ਕਾਚੈ॥

ਮਹਾਂਰਾਸ਼ਟਰ ਅਤੇ ਸੈਣ ਜੀ ਦਾ ਸਬੰਧ ਵੀ ਕਾਫੀ ਸਮਾਂ ਰਿਹਾ ਹੈ, ਸੈਣ ਜੀ ਬਾਰੇ ਮਰਾਠੀ ਵਿਚ 'ਸਾਰਥੀ ਪ੍ਰਕਾਸ਼ਨ' ਵੱਲੋਂ ਛਾਪੀ ਗਈ ਪੁਸਤਕ ਮਿਲਦੀ ਹੈ। ਇਸ ਦੇ ਲੇਖਕ 'ਗੋਸਾਂਬੀ ਜੀ' ਹਨ। ਇਸ ਵਿਚ ਸੈਣ ਜੀ ਦੀ ਜੀਵਨੀ ਬਾਰੇ ਅਤੇ ਸੈਣ ਜੀ ਦੇ ਗੀਤਾਂ ਬਾਰੇ ਵਿਆਖਿਆ ਹੈ।

ਵਿਦਵਾਨ ਪਰਸ਼ੂ ਰਾਮ ਚਤ੍ਰਵੇਦੀ ਸੈਣ ਜੀ ਬਾਰੇ ਤਿੰਨ ਮੱਤ ਸਾਹਮਣੇ ਲਿਆਉਂਦੇ ਹਨ। ਪਹਿਲਾ ਇਹ ਹੈ ਕਿ ਸੈਣ ਜੀ ਬਿਦਰ ਦੇ ਰਾਜੇ ਪਾਸ ਨੌਕਰੀ ਕਰਦੇ ਹਨ। ਦੂਸਰਾ ਮੱਤ ਸੈਣ ਜੀ ਵਾਧਵਗੜ੍ਹ ਦੇ ਨਰੇਸ਼ ਪਾਸ ਨੌਕਰੀ ਕਰਦੇ ਸਨ। ਤੀਸਰਾ ਮੱਤ ਹੈ ਕਿ ਸੈਣ ਜੀ ਸਰਗੁਣ ਭਗਤੀ ਤੋਂ ਨਿਰਗੁਣ ਵੱਲ ਪ੍ਰਵਰਤਿਤ ਹੋਏ। ਪਹਿਲਾ ਉਹ ਸਰਗੁਣੀ ਵੀ ਸਨ ਤੇ ਬਾਅਦ ਵਿਚ ਨਿਰਗੁਣੀ ਹੋ ਗਏ। ਇੱਥੇ ਇਹ ਗੱਲ ਵੀ ਖਾਸ ਤੌਰ ਤੇ ਯਾਦ ਰੱਖਣੀ ਚਾਹੀਦੀ ਹੈ ਕਿ 'ਕਬੀਰ ਰਵਿਦਾਸ ਸੰਵਾਦ' ਦੇ ਰਚਾਇਤਾ ਸੈਣ ਜੀ ਆਪ ਹਨ। ਇਸ ਸੰਵਾਦ ਦਾ ਸੈਣ ਜੀ ਤੇ ਨਿਰਗੁਣਵਾਦ ਦਾ ਅਸਰ ਨਾ ਹੋਇਆ ਹੋਵੇ, ਇਹ ਕਦੇ ਵੀ ਮੰਨਿਆ ਨਹੀਂ ਜਾ ਸਕਦਾ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਉਨ੍ਹਾਂ ਦਾ ਸਤਿਕਾਰ ਚਮਤਕਾਰਾਂ ਕਰਕੇ ਨਹੀਂ ਹੈ, ਸਗੋਂ ਉਨ੍ਹਾਂ ਦੇ ਹਿਰਦੇ ਵਿਚ ਪਾਰਬ੍ਰਹਮ ਦੇ ਵਾਸ ਹੋ ਜਾਣ ਕਾਰਨ ਗਿਣਿਆ ਗਿਆ ਹੈ। ਇਸੇ ਕਰਕੇ ਹੀ ਉਨ੍ਹਾਂ ਦਾ ਨਾਮ ਭਗਤੀ ਮੱਤ ਦੇ ਮਹਾਨ ਭਗਤਾਂ ਵਿਚ ਗਿਣਿਆ ਜਾਂਦਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਗੁਰਬਾਣੀ ਦੀਆਂ ਆਸਾ ਰਾਗ ਵਿਚ ਆਈਆਂ ਨਿਮਨ-ਲਿਖਤ ਸਤਰਾਂ ਇਸ ਗੱਲ ਦੀ ਸਾਹਦੀ ਭਰਦੀਆਂ ਹਨ:-
ਸੈਨ ਨਾਈ ਬੁਤਕਾਰੀਆ ਉਹੁ ਘਰ ਘਰ ਸੁਨਿਆ॥
ਹਿਰਦੇ ਵਸਿਆ ਪਾਰ ਬ੍ਰਹਿਮੁ ਭਗਤਾਂ ਮਹਿ ਗਨਿਆ॥

ਸਿੱਖ ਧਰਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਲਿਤਾਂ ਤੇ ਨੀਵੇਂ ਵਰਗਾਂ ਨਾਲ ਖਲੋ ਕੇ ਜਾਤ ਪਾਤ ਦੇ ਭੇਦ ਭਾਵ ਨੂੰ ਮਿਟਾਇਆ 'ਸਰਬੱਤ ਦੇ ਭਲੇ' ਦੀ ਗੱਲ ਕੀਤੀ। ਲੰਗਰ ਤੇ ਸੰਗਤ ਸ਼ੁਰੂ ਕਰਕੇ 'ਸਮਾਜਿਕ-ਬਰਾਬਰੀ' ਦੀ ਨੀਂਹ ਰੱਖੀ ਤੇ ਮਾਨਵਵਾਦ ਦੀ ਗੱਲ ਕੀਤੀ। ਉਨ੍ਹਾਂ ਤੋਂ ਬਾਅਦ ਆਉਣ ਵਾਲੇ ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਸਿਧਾਂਤ ਤੇ ਪਹਿਰਾ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ 'ਸਮਾਜਿਕ-ਬਰਾਬਰੀ' ਦਾ ਇਹ ਸਿਧਾਂਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਸੰਪਾਦਨਾ ਨਾਲ, ਉਸ ਸਮੇਂ ਆਪਣੀ ਚਰਨ-ਸੀਮਾ ਤੇ ਪਹੁੰਚ ਜਾਂਦਾ ਹੈ, ਜਦੋਂ ਉਹ ਵੱਖ ਵੱਖ ਵਰਗਾਂ/ਜਾਤਾਂ ਤੇ ਇਲਾਕਿਆਂ ਦੇ ਰਹਿਬਰਾਂ ਤੇ ਮਹਾਨ ਅਧਿਆਤਮਕ ਸ਼ਖ਼ਸੀਅਤਾਂ ਦੀਆਂ ਬਾਣੀਆਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਪਾਦਿਤ ਕਰ ਦਿੰਦੇ ਹਨ। ਇਸ ਤੋਂ ਵੱਡੀ 'ਸਮਾਜਿਕ-ਬਰਾਬਰੀ' ਦੀ ਉਦਾਹਰਣ ਸੰਸਾਰ ਦੇ ਮਾਨਵਵਾਦ ਦੇ ਇਤਿਹਾਸ ਵਿਚ ਕਿਤੇ ਹੋਰ ਨਹੀਂ ਮਿਲਦੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਪੰਜ ਪਿਆਰੇ' ਭਾਵ 'ਪੰਥ-ਖਾਲਸਾ' ਦੀ ਸਿਰਜਣਾ ਕਰਕੇ ਸਿੱਖ ਧਰਮ ਦੇ ਇਸ ਸਿਧਾਂਤ ਨੂੰ ਉਚਾਈਆਂ ਦੀਆਂ ਬੁਲੰਦੀਆਂ ਤੱਕ ਲੈ ਜਾਂਦੇ ਹਨ।

ਉਕਤ ਚਰਚਾ ਕਰਨ ਉਪਰੰਤ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸਤਿਗੁਰੂ ਸੈਣ ਜੀ ਭਗਤੀ ਲਹਿਰ ਦੇ ਸਿਰਮੌਰ ਭਗਤਾਂ ਵਿਚ ਗਿਣੇ ਜਾਂਦੇ ਹਨ। ਉਹ ਪਹਿਲਾਂ ਸਰਗੁਣਵਾਦੀ ਸਨ ਤੇ ਬਾਅਦ ਵਿਚ ਉਹਨਾਂ ਨੇ ਗੁਰੂ ਰਾਮਾਨੰਦ ਜੀ ਤੇ ਉਹਨਾਂ ਦੀ ਤਕਰੀਬਨ ਸਾਰੀ ਭਗਤ ਮੰਡਲੀ ਤੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਤੇ ਉਹਨਾਂ ਦੀ ਨਿਰਗੁਣਵਾਦੀ ਵਿਚਾਰਧਾਰਾ ਉਤੇ ਖੁੱਲ੍ਹ ਕੇ ਹੋਈ ਚਰਚਾ ਦਾ ਬਹੁਤ ਪ੍ਰਭਾਵ ਪਿਆ ਤੇ ਇਹ ਸਾਰੇ ਭਗਤ ਨਿਰਗੁਣਵਾਦੀ ਬਣ ਗਏ। ਸੈਣ ਜੀ ਨੇ ਉਸ ਅਕਾਲ ਪੁਰਖ-ਪਾਰਬ੍ਰਹਮ ਦੀ ਪ੍ਰਾਪਤੀ ਵੀ ਕੀਤੀ ਤੇ ਇਸ ਦਾ ਆਨੰਦ ਵੀ ਮਾਣਿਆ। ਪਹਿਲਾਂ ਇਹ ਆਪਣੇ ਇਸ਼ਟ-ਦੇਵ ਲਈ ਤੜਫਦੇ ਵੀ ਹਨ ਤੇ ਉਸ ਲਈ ਆਪਣੀ ਆਦਰਸ਼ ਪ੍ਰੀਤ ਵੀ ਰੱਖਦੇ ਹਨ। ਉਹਨਾਂ ਵਿਚ ਉਸ ਲਈ ਸ਼ਰਧਾ ਤੇ ਜਗਿਆਸਾ ਵੀ ਹੈ ਅਤੇ ਆਪਣੇ ਇਸ਼ਟ ਦੇਵ ਦੀ ਪ੍ਰਾਪਤੀ ਲਈ ਉਹ ਵਲਵਲੇ ਦੇ ਦੇਸ਼ ਯਾਰੀਆਂ ਤੇ ਉਡਾਰੀਆਂ ਵੀ ਲਾਉਂਦੇ ਹਨ। ਉਹਨਾਂ ਨੇ ਪਰਮ ਆਨੰਦ ਦੇ ਭੇਦ ਵੀ ਲੁਕੋਏ ਨਹੀਂ ਰੱਖੇ। ਅਵਤਾਰਵਾਦ ਦੀ ਬਿੱਖੜੀ ਘਾਟੀ ਵਿਚੋਂ ਵੀ ਲੰਘੇ। ਉਹਨਾਂ ਨੇ ਠਾਕਰ ਪੂਜਾ ਤੋਂ ਲੈ ਕੇ, ਜੋ ਇਕ ਪੱਥਰ ਪੂਜਣ ਦੀ ਭਗਤੀ ਦੀ ਆਰੰਭਕ ਪ੍ਰਕਿਰਿਆ ਸੀ ਤੇ ਬਾਅਦ ਵਿਚ ਅਵਤਾਰਾਂ ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮ ਚੰਦਰ ਜੀ ਦੇ ਗੁਣ ਗਾਉਣ ਦੀ ਭਾਵਨਾ ਨਾਲ ਆਪਣੀ ਆਤਮਾ ਦੀ ਤ੍ਰਿਪਤੀ ਕੀਤੀ। ਉਹਨਾਂ ਨੇ ਆਪਣੀ ਕਿਰਤ ਨੂੰ ਵੀ ਨਹੀਂ ਲੁਕੋਇਆ, ਸਗੋਂ ਉਸ ਦੀ ਬੜੀ ਵਿਦਵਤਾ ਨਾਲ ਇਕ ਮਰਾਠੀ 'ਅਭਿੰਗ' ਵਿਚ ਅਧਿਆਤਮਕ ਰੰਗਣ ਦੀ ਵਿਆਖਿਆ ਕਰਕੇ ਆਪਣੀ ਉੱਚੀ ਸੂਝ-ਬੂਝ ਦਾ ਦਾਰਸ਼ਨਿਕ ਸਬੂਤ ਵੀ ਦਿੱਤਾ। ਛੂਤ-ਛਾਤ ਨੂੰ ਮਿਟਾਉਣ ਲਈ, ਜਾਤ ਪਾਤ ਨੂੰ ਖਤਮ ਕਰਨ ਲਈ ਤੇ ਸਮਾਜਿਕ ਬਰਾਬਰੀ ਨੂੰ ਪ੍ਰਾਪਤ ਕਰਨ ਲਈ ਜਾਤੀ ਅਭਿਮਾਨੀ ਤੇ ਗਿਆਨ ਅਭਿਮਾਨੀ ਬ੍ਰਾਹਮਣਵਾਦ ਦਾ ਰੱਜ ਕੇ ਵਿਰੋਧ ਕੀਤਾ ਤੇ ਉਹਨਾਂ ਦੇ ਫੈਲਾਏ ਗਏ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਦੇ ਜਾਲ ਦੀਆਂ ਤੰਦਾਂ ਨੂੰ ਨੇਸਤਾ ਨਾਬੂਤ ਕੀਤਾ। ਇਨ੍ਹਾਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਭਗਤੀ ਲਹਿਰ ਨੇ ਇਕ ਲੋਕ-ਲਹਿਰ ਨੂੰ ਜਨਮ ਦਿੱਤਾ, ਜਿਸ ਨਾਲ ਆਮ ਦਲਿਤ ਵਰਗ ਤੇ ਹੋਰ ਕਈ ਵਰਗਾਂ ਨੇ ਜੁੜ ਕੇ ਇਹਨਾਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਹਮਲਾ ਮਾਰਨਾ ਆਰੰਭਿਆ। ਇਸ ਲਹਿਰ ਨੇ ਅਕਾਲ ਪੁਰਖ ਪਾਰਬ੍ਰਹਮ ਦੀ ਪ੍ਰਾਪਤੀ ਲਈ ਮਨੁੱਖ ਦੇ ਸੁਤੰਤਰ ਚਿੰਤਨ ਨੂੰ ਜਨਮ ਦਿੱਤਾ। ਸ੍ਰੀ ਸੈਣ ਜੀ ਦੀ ਸਮੁੱਚੀ ਬਾਣੀ ਤੇ ਖਾਸ ਤੌਰ ਤੇ 'ਕਬੀਰ ਰਵੀਦਾਸ ਸੰਵਾਦ' ਉਨ੍ਹਾਂ ਦੀ ਦਾਰਸ਼ਨਿਕਤਾ ਤੇ ਉਚੀ ਸੂਝ ਬੂਝ ਦੀ ਲਿਖਾਇਕ ਹੈ, ਜੋ ਸਾਨੂੰ ਨਿਰਗੁਣਵਾਦ ਦੀ ਪ੍ਰੇਰਨਾ ਦਿੰਦੀ ਹੈ, ਇਹ ਕਲਾ-ਕ੍ਰਿਤਾ ਤੇ ਉਹਨਾਂ ਦਾ ਉੱਚਾ ਤੇ ਸੁੱਚਾ ਅਧਿਆਤਮਕ ਜੀਵਨ ਮਾਨਵਤਾ ਲਈ ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

## ਰਾਸ਼ਟਰੀ ਪ੍ਰੈਸ ਦਿਵਸ ਸਬੰਧੀ ਵਿਸ਼ੇਸ਼

# ਲੋਕਤੰਤਰ ਦਾ ਚੋਥਾ ਥੰਮ ਹੋ ਰਿਹਾ ਹੈ ਭ੍ਰਿਸ਼ਟਾਚਾਰ ਅਤੇ ਘਟੀਆ ਰਾਜਨੀਤੀ ਦਾ ਸ਼ਿਕਾਰ



ਕੁਲਦੀਪ ਚੰਦ
9417563054

16 ਨਵੰਬਰ ਦਾ ਦਿਨ ਭਾਰਤ ਵਿੱਚ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲੇ ਪ੍ਰੈਸ ਆਯੋਗ ਨੇ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਅਤੇ ਪੱਤਰਕਾਰਿਤਾ ਵਿੱਚ ਉੱਚ ਆਦਰਸ਼ ਕਾਇਮ ਕਰਨ ਦੇ ਉਦੇਸ਼ ਨਾਲ ਇੱਕ ਪ੍ਰੈਸ ਪਰਿਸ਼ਦ ਦੀ ਕਲਪਨਾ ਕੀਤੀ ਸੀ। ਉਸਤੋਂ ਬਾਦ 4 ਜੁਲਾਈ 1966 ਨੂੰ ਭਾਰਤ ਵਿੱਚ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸ ਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਉਦੋਂ ਤੋਂ ਲੈ ਕੇ ਅੱਜ ਤੱਕ ਹਰ ਸਾਲ 16 ਨਵੰਬਰ ਨੂੰ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਦੁਨੀਆਂ ਵਿੱਚ ਅੱਜ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਭਾਰਤ ਵਿੱਚ ਪ੍ਰੈਸ ਨੂੰ ਵਾਚਡਾੱਗ ਅਤੇ ਪ੍ਰੈਸ ਪਰਿਸ਼ਦ ਇੰਡੀਆ ਨੂੰ ਮੋਰਲ ਵਾਚਡਾੱਗ ਕਿਹਾ ਗਿਆ ਹੈ। ਰਾਸ਼ਟਰੀ ਪ੍ਰੈਸ ਦਿਵਸ, ਪ੍ਰੈਸ ਦੀ ਆਜ਼ਾਦੀ ਅਤੇ ਜਿੰਮੇਵਾਰੀਆਂ ਵੱਲ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ। ਪੱਤਰਕਾਰਿਤਾ ਜਨ-ਜਨ ਤੱਕ ਸੂਚਨਾਤਮਕ, ਸਿੱਖਿਆਦਾਇਕ ਅਤੇ ਮਨੋਰੰਜਨਾਤਮਕ ਸੰਦੇਸ਼ ਪਹੁੰਚਾਣ ਦੀ ਕਲਾ ਅਤੇ ਵਿੱਦਿਆ ਹੈ। ਸਮਾਚਾਰ ਪੱਤਰ ਇੱਕ ਐਸੀ ਉੱਤਰ ਪੁਸਤਿਕਾ ਦੇ ਬਰਾਬਰ ਹੈ ਜਿਸਦੇ ਲੱਖਾਂ ਪੜ੍ਹਨ ਵਾਲੇ ਅਤੇ ਅਣਗਿਣਤ ਸਮੀਖਿਆ ਕਰਨ ਵਾਲੇ ਹੁੰਦੇ ਹਨ ਪਰੰਤੂ ਇਸਦੀਆਂ ਕਮੀਆਂ ਅੱਜ ਪੱਤਰਕਾਰਿਤਾ ਦੇ ਖੇਤਰ ਵਿੱਚ ਬਹੁਤ ਵੱਡੀ ਤ੍ਰਾਸਦੀ ਸਾਬਿਤ ਹੋਣ ਲੱਗੀ ਹੈ। ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾ ਕੇ ਜਾਂ ਘਟਾ ਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਅੱਜ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਖ਼ਬਰਾਂ ਵਿੱਚ ਪੱਖਪਾਤ ਅਤੇ ਅਸੰਤੁਲਨ ਵੀ ਆਮ ਦੇਖਣ ਨੂੰ ਮਿਲਦਾ ਹੈ। ਇਸ ਤਰ੍ਹਾਂ ਖ਼ਬਰਾਂ ਵਿੱਚ ਨਿੱਜੀ ਸਵਾਰਥ ਸਾਫ ਝਲਕਣ ਲੱਗ ਜਾਂਦਾ ਹੈ। ਅੱਜ ਖ਼ਬਰਾਂ ਵਿੱਚ ਵਿਚਾਰਾਂ ਨੂੰ ਮਿਸ਼ਰਿਤ ਕੀਤਾ ਜਾ ਰਿਹਾ ਹੈ। ਵਿਚਾਰਾਂ ਤੇ ਆਧਾਰਿਤ ਖ਼ਬਰਾਂ ਦੀ ਸੰਖਿਆ ਵੱਧਣ ਲੱਗੀ ਹੈ। ਖ਼ਬਰਾਂ ਤੇ ਆਧਾਰਿਤ ਵਿਚਾਰ ਤਾਂ ਸਵਾਗਤਯੋਗ ਹੋ ਸਕਦੇ ਹਨ ਪਰੰਤੂ ਵਿਚਾਰਾਂ ਤੇ ਆਧਾਰਿਤ ਖਬਰਾਂ ਸਮਾਜ ਲਈ ਖਤਰਨਾਕ ਹਨ। ਮੀਡੀਆ ਨੂੰ ਸਮਾਜ ਦਾ ਦਰਪਣ ਅਤੇ ਦੀਪਕ ਦੋਨੋਂ ਮੰਨਿਆ ਜਾਂਦਾ ਹੈ। ਇਹਨਾਂ ਵਿੱਚ ਜੋ ਸਮਾਚਾਰ ਮੀਡੀਆ ਹੈ, ਭਾਵੇਂ ਉਹ ਸਮਾਚਾਰ ਪੱਤਰ ਹੋਣ ਜਾਂ ਸਮਾਚਾਰ ਚੈਨਲ, ਉਨ੍ਹਾਂ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ। ਦਰਪਣ ਦਾ ਕੰਮ ਹੈ ਸਮਤਲ ਦਰਪਣ ਦੀ ਤਰ੍ਹਾਂ ਕੰਮ ਕਰਨਾ ਤਾਂ ਕਿ ਸਮਾਜ ਦੀ ਹੂ-ਬ-ਹੂ ਤਸਵੀਰ ਸਮਾਜ ਦੇ ਸਾਹਮਣੇ ਪੇਸ਼ ਕਰ ਸਕੇ। ਪਰੰਤੂ ਕਦੀ-ਕਦੀ ਨਿੱਜੀ ਸਵਾਰਥਾਂ ਦੇ ਕਾਰਨ ਇਹ ਸਮਾਚਾਰ ਮੀਡੀਆ ਸਮਤਲ ਦਰਪਣ ਵਾਂਗ ਕੰਮ ਨਹੀਂ ਕਰਦਾ ਹੈ ਜਿਸ ਕਾਰਨ ਸਮਾਜ ਦੀ ਉਲਟੀ, ਝੂਠੀ, ਕਾਲਪਨਿਕ ਅਤੇ ਘਿਣੋਨੀ ਤਸਵੀਰ ਵੀ ਸਾਹਮਣੇ ਆ ਜਾਂਦੀ ਹੈ। ਮਤਲਬ ਇਹ ਹੈ ਕਿ ਖੋਜੀ ਪੱਤਰਕਾਰਿਤਾ ਦੇ ਨਾਮ ਤੇ ਅੱਜ ਪੀਲੀ ਅਤੇ ਨੀਲੀ ਪੱਤਰਕਾਰਿਤਾ ਸਾਡੇ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਭਾਰਤੀ ਪ੍ਰੈਸ ਪਰਿਸ਼ਦ ਨੇ ਆਪਣੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਹੈ ਕਿ ਭਾਰਤ ਵਿੱਚ ਪ੍ਰੈਸ ਨੇ ਜ਼ਿਆਦਾ ਗਲਤੀਆ ਕੀਤੀਆਂ ਹਨ ਅਤੇ ਅਧਿਕਾਰੀਆਂ ਦੀ ਤੁਲਨਾ ਵਿੱਚ ਪ੍ਰੈਸ ਦੇ ਖਿਲਾਫ ਜ਼ਿਆਦਾ ਸ਼ਕਾਇਤਾਂ ਦਰਜ ਹਨ। ਪੱਤਰਕਾਰਿਤਾ ਆਜ਼ਾਦੀ ਤੋਂ ਪਹਿਲਾਂ ਇੱਕ ਮਿਸ਼ਨ ਸੀ। ਆਜ਼ਾਦੀ ਤੋਂ ਬਾਅਦ ਇਹ ਇੱਕ ਪ੍ਰੋਡਕਸ਼ਨ ਬਣ ਗਈ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ। ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਪਰ ਇਹਨਾਂ ਸਾਰੀਆਂ ਸਮਾਜਿਕ ਬੁਰਾਈਆਂ ਦੇ ਲਈ ਸਿਰਫ ਮੀਡੀਆ ਨੂੰ ਦੋਸ਼ੀ ਠਹਿਰਾਉਣਾ ਉਚਿਤ ਨਹੀਂ ਹੈ। ਜਦੋਂ ਗੱਡੀ ਦਾ ਇੱਕ ਪੁਰਜ਼ਾ ਟੁੱਟਦਾ ਹੈ ਤਾਂ ਦੂਸਰਾ ਪੁਰਜ਼ਾ ਵੀ ਟੁੱਟ ਜਾਂਦਾ ਹੈ ਅਤੇ ਹੌਲੀ-ਹੌਲੀ ਪੂਰੀ ਗੱਡੀ ਬੇਕਾਰ ਹੋ ਜਾਂਦੀ ਹੈ। ਸਮਾਜ ਵਿੱਚ ਕੁਝ ਅਜਿਹੀ ਹੀ ਸਥਿਤੀ ਲਾਗੂ ਹੋ ਰਹੀ ਹੈ। ਸਮਾਜ ਵਿੱਚ ਹਮੇਸ਼ਾਂ ਬਦਲਾਅ ਆਉਂਦਾ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਸਮਾਜ ਭੰਬਲਭੂਸੇ ਦੀ ਸਥਿਤੀ ਵਿੱਚ ਆ ਜਾਂਦਾ ਹੈ। ਇਸ ਸਥਿਤੀ ਵਿੱਚ ਮੀਡੀਆ ਸਮਾਜ ਨੂੰ ਨਵੀਂ ਦਿਸ਼ਾ ਦਿੰਦਾ ਹੈ। ਮੀਡੀਆ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ, ਪਰ ਕਦੀ-ਕਦੀ ਮੀਡੀਆ ਸਮਾਜ ਤੋਂ ਪ੍ਰਭਾਵਿਤ ਹੋਣ ਲੱਗਦਾ ਹੈ। ਰਾਸ਼ਟਰੀ ਪ੍ਰੈਸ ਦਿਵਸ ਦੇ ਮੌਕੇ ਤੇ ਦੇਸ਼ ਦੀ ਬਦਲਦੀ ਪੱਤਰਕਾਰਿਤਾ ਦਾ ਸਵਾਗਤ ਹੈ ਜੇਕਰ ਉਹ ਆਪਣੀਆਂ ਕਦਰ ਕੀਮਤਾਂ ਅਤੇ ਆਦਰਸ਼ਾਂ ਦੀ ਸੀਮਾ-ਰੇਖਾ ਕਾਇਮ ਰੱਖੇ। ਪ੍ਰੈਸ ਸਮਾਜ ਦਾ ਦਰਪਣ ਹੈ ਜਿਸਦਾ ਫਰਜ਼ ਸਮਾਜ ਦੀ ਸਹੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕਰਦਾ ਹੈ। ਪ੍ਰੈਸ ਦੀ ਅਜ਼ਾਦੀ ਸਮਾਜ ਅਤੇ ਦੇਸ਼ ਦੀ ਅਜ਼ਾਦੀ ਹੈ। ਜੇਕਰ ਪ੍ਰੈਸ ਹੀ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ। ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਅਨੁਸਾਰ ਦੁਨੀਆਂ ਦੇ ਕੁੱਲ 197 ਦੇਸ਼ਾਂ ਵਿੱਚੋਂ 63 ਦੇਸ਼ਾਂ ਵਿੱਚ ਪ੍ਰੈਸ ਨੂੰ ਸੰਪੂਰਨ ਆਜ਼ਾਦੀ ਪ੍ਰਾਪਤ ਹੈ, ਜਦਕਿ 70 ਦੇਸ਼ਾਂ ਵਿੱਚ ਪ੍ਰੈਸ ਨੂੰ ਅਧੂਰੀ ਅਜ਼ਾਦੀ ਪ੍ਰਾਪਤ ਹੈ ਅਤੇ 64 ਦੇਸ਼ਾਂ ਵਿੱਚ ਪ੍ਰੈਸ ਨੂੰ ਕੋਈ ਵੀ ਆਜ਼ਾਦੀ ਪ੍ਰਾਪਤ ਨਹੀਂ ਹੈ। ਮੀਡੀਆ ਵਿੱਚ ਵਪਾਰਕ ਪੱਖ ਭਾਰੂ ਹੋਣ ਕਾਰਨ ਬਹੁਤ ਸਾਰੇ ਅਦਾਰੇ ਸਮਾਜਿਕ ਸਰੋਕਾਰਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਮੀਡੀਆ ਨੂੰ ਸਮਾਜ ਨਾਲ ਜੁੜਕੇ ਆਮ ਲੋਕਾਂ ਦੀ ਆਵਾਜ਼ ਬਣਨਾ ਹੈ। ਕੁੱਝ ਸਾਲ ਪਹਿਲਾਂ ਤੱਕ ਪੱਤਰਕਾਰਤਾ ਇੱਕ ਮਿਸ਼ਨ ਸੀ ਤੇ ਸਮਾਜ ਪ੍ਰਤੀ ਮੀਡੀਆ ਨਾਲ ਜੁੜ੍ਹੇ ਲੋਕਾਂ ਦੀ ਜਿੰਮੇਵਾਰੀ ਹੁੰਦੀ ਸੀ। ਪਰ ਅੱਜ ਵਪਾਰਕ ਪੱਖ ਭਾਰੂ ਹੋਣ ਕਾਰਨ ਸਮਾਜਿਕ ਸਰੋਕਾਰ ਹੋਲੀ ਹੋਲੀ ਗਾਇਬ ਹੋ ਰਹੇ ਹਨ। ਪੱਤਰਕਾਰਾਂ ਦੀ ਲੜਾਈ ਸਮਾਜ ਦੇ ਲੋਕਾਂ ਲਈ ਸਰਕਾਰ ਨਾਲ ਹੁੰਦੀ ਸੀ ਤੇ ਅਖ਼ਬਾਰਾਂ ਵਿੱਚ ਖ਼ਬਰਾਂ ਦੀ ਬਹੁਤਾਤ ਹੁੰਦੀ ਸੀ ਪਰ ਅੱਜ ਉਨ੍ਹਾਂ ਤੇ ਵਪਾਰਕ ਖੇਤਰ ਭਾਰੂ ਹੋ ਰਿਹਾ ਹੈ। ਕਈ ਅਖ਼ਬਾਰਾਂ ਤੇ ਹੋਰਨਾਂ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਜਿੱਥੇ ਆਪਣੀ ਸਾਖ ਬਣਾ ਕੇ ਰੱਖੀ ਹੋਈ ਹੈ ਉੱਥੇ ਸਮਾਜ ਪ੍ਰਤੀ ਆਪਣੇ ਫਰਜ਼ ਨਿਭਾਉਣ ਵਿੱਚ ਵੀ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ ਪਰੰਤੂ ਕੁੱਝ ਅਖਬਾਰਾਂ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਸਾਡੇ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 79ਵਾਂ ਰੈਂਕ ਪ੍ਰਾਪਤ ਹੈ। ਸਾਡੇ ਦੇਸ਼ ਵਿੱਚ ਮੀਡੀਆ ਨੇ ਆਜ਼ਾਦੀ ਦੀ ਲੜਾਈ ਵਿੱਚ ਅੱਗੇ ਹੋ ਕੇ ਭੂਮਿਕਾ ਨਿਭਾਈ ਹੈ। ਮੀਡੀਆ ਨੇ ਹੀ ਜੋ ਕਿ ਉਦੋਂ ਸਿਰਫ ਪ੍ਰਿੰਟ ਮੀਡੀਆ ਹੀ ਸੀ ਨੇ ਦੇਸ਼ ਵਿੱਚ ਲੋਕਾਂ ਦੀ ਬਦਤਰ ਹਾਲਤ ਦੀਆਂ ਤਸਵੀਰਾਂ ਬਿਆਨ ਕਰਕੇ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲੜਨ ਲਈ ਪ੍ਰੇਰਣਾ ਦਿੱਤੀ। ਸਾਡੇ ਦੇਸ਼ ਵਿੱਚ ਅਜ਼ਾਦੀ ਤੋਂ ਬਾਦ ਅਜ਼ਾਦ ਭਾਰਤ ਦੇ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ ਪਰ ਬਦ ਕਿਸਮਤੀ ਨਾਲ ਲੋਕਤੰਤਰ ਦੇ ਇਸ ਚੌਥੇ ਥੰਮ ਨੂੰ ਹੌਲੀ-ਹੌਲੀ ਗ੍ਰਹਿਣ ਲੱਗਦਾ ਨਜ਼ਰ ਆ ਰਿਹਾ ਹੈ। ਕੁਝ ਦਹਾਕੇ ਪਹਿਲਾਂ ਤੱਕ ਮੀਡੀਆ ਅਤੇ ਮੀਡੀਆ ਕਰਮੀਆਂ ਦੀ ਵਿਸ਼ੇਸ਼ ਪਹਿਚਾਣ ਹੁੰਦੀ ਸੀ। ਮੀਡੀਆ ਵਿੱਚ ਆਈ ਘਟਨਾ ਦੇ ਆਧਾਰ ਤੇ ਪ੍ਰਸ਼ਾਸ਼ਨ ਅਤੇ ਸਰਕਾਰ ਵੱਲੋਂ ਸਖਤ ਕਾਰਵਾਈ ਕੀਤੀ ਜਾਂਦੀ ਸੀ ਪਰ ਪਿਛਲੇ ਕੁਝ ਸਾਲਾਂ ਦੌਰਾਨ ਹਾਲਾਤ ਬਦਤਰ ਤੋਂ ਬਦਤਰ ਹੋ ਰਹੇ ਹਨ। ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਅੱਜ ਸਾਡੇ ਸਮਾਜ ਅਤੇ ਦੇਸ਼ ਵਿੱਚ ਆਏ ਦਿਨ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਏਡਜ਼, ਸਮਾਜ ਵਿੱਚ ਲੜਕੀਆਂ ਦੀ ਘੱਟ ਰਹੀ ਗਿਣਤੀ, ਕੈਂਸਰ, ਮਹਿਲਾਵਾਂ ਤੇ ਹੋ ਰਹੇ ਅੱਤਿਆਚਾਰ, ਬਾਲ ਵਿਆਹ, ਦਾਜ ਪ੍ਰਥਾ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ, ਦਲਿਤਾਂ ਤੇ ਹੋ ਰਹੇ ਅੱਤਿਆਚਾਰਾਂ ਆਦਿ ਬਾਰੇ ਅਕਸਰ ਮੀਡੀਆ ਰਿ-ਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ ਪਰ ਇਹ ਅਜੇ ਵੀ ਆਟੇ ਵਿੱਚ ਲੂਣ ਬਰਾਬਰ ਹੀ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਦੇਸ਼ ਦੀ ਪ੍ਰੈਸ ਤੇ ਸਭ ਤੋਂ ਮਾੜਾ ਸਮਾਂ ਦੇਸ਼ ਵਿੱਚ ਲਗਾਈ ਗਈ ਐਮਰਜੇਂਸੀ ਦੇ ਸਮੇਂ ਆਇਆ ਸੀ। ਉਸ ਸਮੇਂ ਸਮੁੱਚੀ ਪ੍ਰੈਸ ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਸੀ। ਹੁਣ ਵੀ ਭਾਰਤ ਵਿੱਚ ਪ੍ਰੈਸ ਨੂੰ ਅੱਧੀ ਆਜ਼ਾਦੀ ਹੀ ਪ੍ਰਾਪਤ ਹੈ। ਭਾਰਤ ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਵਿੱਚ ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ।

ਪਿਛਲੇ ਸਮੇਂ ਦੌਰਾਨ ਮੀਡੀਆ ਵਿਸ਼ੇਸ ਤੋਰ ਤੇ ਅਖਬਾਰਾਂ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਦੂਜੇ ਪਾਸੇ ਕਈ ਵਾਰ ਕਈ ਪੱਤਰਕਾਰ ਬਣੇ ਸਰਕਾਰੀ ਕਰਮਚਾਰੀ ਅਪਣੇ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਨਹੀਂ ਕਰਦੇ ਹਨ। ਪੰਜਾਬ ਸਰਕਾਰ ਨੇ ਅਜਿਹੇ ਪੱਤਰਕਾਰ ਬਣੇ ਸਰਕਾਰੀ ਕਰਮਚਾਰੀਆਂ ਖਿਲਾਫ ਕਾਰਵਾਈ ਵੀ ਸ਼ੁਰੂ ਕੀਤੀ ਸੀ। ਇਸ ਸਬੰਧੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ ਨੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ, ਐਲੀਮੈਂਟਰੀ ਸਿਖਿਆ) ਪੰਜਾਬ ਨੂੰ ਪੱਤਰ ਨੰਬਰ ਐਸ.ਐਸ. ਏ./2012/ਐਡਮਨ/83234 ਮਿਤੀ 7.8.2012 ਰਾਹੀਂ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵੱਲੋਂ ਪੱਤਰਕਾਰੀ ਕਰਨ ਬਾਰੇ ਲਿਖਿਆ ਸੀ। ਇਸ ਸਬੰਧੀ ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਇਸ ਤਰ੍ਹਾਂ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ। ਕਿਸੇ ਵੀ ਮੁਲਾਜ਼ਮ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ।

ਕਈ ਮੀਡੀਆ ਗਰੁੱਪ ਸਿੱਧੇ ਤੋਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿਯੰਤਰਣ ਅਧੀਨ ਚੱਲ ਰਹੇ ਹਨ। ਸਮਾਜ ਵਿੱਚ ਮੀਡੀਆ ਕਰਮੀਆਂ ਦੀ ਬਦਲ ਰਹੀ ਭੂਮਿਕਾ ਵਿਸ਼ੇਸ਼ ਤੋਰ ਤੇ ਆਮ ਲੋਕਾਂ ਨਾਲ ਜੁੜ੍ਹੇ ਇਲੈਕਟ੍ਰਾਨਿਕ ਮੀਡੀਆਂ ਅਤੇ ਪ੍ਰਿੰਟ ਮੀਡੀਆ ਨਾਲ ਜੁੜ੍ਹੇ ਬਹੁਤੇ ਮੀਡੀਆ ਕਰਮੀ ਲੋਕਾਂ ਤੋਂ ਦੂਰ ਹੋ ਚੁੱਕੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਲੋਕਾਂ ਤੱਕ ਪਹੁੰਚਾਣ ਦੀ ਬਜਾਏ ਅਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ।

ਸਥਾਨਕ ਮੀਡੀਆ ਵਿੱਚ ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਪੰਜਾਬੀ ਦੇ ਇੱਕ ਉਘੇ ਲੇਖਕ ਵਲੋਂ ਪਿਛਲੇ ਸਮੇਂ ਦੌਰਾਨ ਲਿਖੀ ਗਈ ਕਿਤਾਬ ਵਿੱਚ ਪੱਤਰਕਾਰਤਾ ਵਿੱਚ ਆ ਰਹੇ ਨਿਘਾਰ ਬਾਰੇ ਗੰਭੀਰ ਚਿੰਤਨ ਕੀਤਾ ਗਿਆ ਹੈ। ਪ੍ਰੈਸ ਕੌਂਸਲ ਆਫ ਇੰਡੀਆ ਦੇ ਸਾਬਕਾ ਚੇਅਰਮੈਨ ਮਾਣਯੋਗ ਮਾਰਕੰਡੇ ਕਟਾਜੂ ਰਿਟਾਇਰਡ ਜੱਜ ਸੁਪਰੀਮ ਕੌਰਟ ਆਫ ਇੰਡੀਆ ਨੇ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਇੱਕ ਸੈਮੀਨਾਰ ਦੌਰਾਨ ਮੀਡੀਆ ਨੂੰ ਅਪਣੀ ਭੂਮਿਕਾ ਸਹੀ ਤਰੀਕੇ ਨਾਲ ਨਿਭਾਉਣ ਲਈ ਕਿਹਾ ਸੀ ਤਾਂ ਜੋ ਸਮਾਜ ਦੇ ਪੱਛੜੇ ਅਤੇ ਲਿਤਾੜੇ ਵਰਗਾਂ ਦੀਆਂ ਮੁਸ਼ਕਿਲਾਂ ਬਾਰੇ ਦੇਸ਼ ਅਤੇ ਆਮ ਲੋਕਾਂ ਨੂੰ ਪਤਾ ਚੱਲ ਸਕੇ। ਪ੍ਰੈਸ ਕੌਂਸਲ ਆਫ ਇੰਡੀਆ ਦੀ 35ਵੀਂ (01 ਅਪ੍ਰੈਲ 2013 ਤੋਂ 31 ਮਾਰਚ 2014 ਤੱਕ) ਰਿਪੋਰਟ ਅਨੁਸਾਰ ਵਿਸ਼ਵ ਦੀ ਅੱਧੀ ਆਬਾਦੀ 2.5 ਬਿਲੀਅਨ ਅਖ਼ਬਾਰਾਂ ਰੋਜ਼ ਪੜ੍ਹਦੀ ਹੈ ਅਤੇ 600 ਮਿਲੀਅਨ ਅਬਾਦੀ ਰੋਜ਼ ਇੰਟਰਨੈੱਟ ਤੇ ਅਖ਼ਬਾਰਾਂ ਪੜ੍ਹਦੀ ਹੈ।

ਅਖ਼ਬਾਰਾਂ ਦੇ ਉਦਯੋਗ ਰਾਹੀਂ 200 ਬਿਲੀਅਨ ਡਾਲਰ ਹਰ ਸਾਲ ਵਿਗਿਆਪਨਾਂ ਰਾਹੀਂ ਅੰਤਰਰਾਸ਼ਟਰੀ ਪੱਧਰ ਤੇ ਕਮਾਏ ਜਾਂਦੇ ਹਨ। ਇਸ ਸਮੇਂ ਦੌਰਾਨ ਪ੍ਰੈਸ ਕੌਂਸਲ ਕੋਲ 199 ਸ਼ਕਾਇਤਾਂ ਸਰਕਾਰੀ ਅਧਿਕਾਰੀਆਂ ਜਾਂ ਹੋਰ ਅਧਿਕਾਰੀਆਂ ਖਿਲਾਫ ਪ੍ਰੈਸ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਲਈ ਪ੍ਰਾਪਤ ਹੋਈਆਂ ਹਨ ਅਤੇ ਪਿਛਲੇ ਸਾਲ ਦੀਆਂ 160 ਸ਼ਕਾਇਤਾਂ ਦਾ ਨਿਪਟਾਰਾ ਬਕਾਇਆ ਪਿਆ ਸੀ। ਇਸ ਤਰ੍ਹਾਂ ਕੁੱਲ ਮਿਲਾ ਕੇ 359 ਸ਼ਕਾਇਤਾਂ ਵਿੱਚੋਂ 52 ਸ਼ਕਾਇਤਾਂ ਨੂੰ ਆਪਸੀ ਗੱਲਬਾਤ ਰਾਹੀਂ ਖਤਮ ਕਰ ਦਿੱਤਾ ਗਿਆ ਹੈ ਜਦਕਿ 186 ਸ਼ਕਾਇਤਾਂ ਨੂੰ ਸ਼ੁਰੂਆਤੀ ਤੌਰ ਤੇ ਹੀ ਜਾਂਚ ਪੜਤਾਲ ਕਰਕੇ ਖਤਮ ਕਰ ਦਿੱਤਾ ਗਿਆ ਹੈ ਜਦਕਿ 121 ਸ਼ਿਕਾਇਤਾਂ ਤੇ ਸੁਣਵਾਈ ਅਤੇ ਕਾਰਵਾਈ ਦੀ ਪ੍ਰਕਿ-ਰਆ ਜਾਰੀ ਹੈ। ਪ੍ਰੈਸ ਕੌਂਸਲ ਨੂੰ ਇਸ ਸਮੇਂ ਦੌਰਾਨ 1215 ਸ਼ਕਾਇਤਾਂ ਪ੍ਰੈਸ ਦੇ ਖਿਲਾਫ ਪ੍ਰਾਪਤ ਹੋਈਆਂ ਹਨ ਅਤੇ 710 ਸ਼ਕਾਇਤਾਂ ਪਿਛਲੇ ਸਮੇਂ ਦੀਆਂ ਬਕਾਇਆ ਪਈਆਂ ਹਨ। ਇਸ ਤਰ੍ਹਾਂ ਕੁੱਲ ਮਿਲਾ ਕੇ 1925 ਸ਼ਿਕਾਇਤਾਂ ਹਨ ਜਿਹਨਾਂ ਵਿੱਚੋਂ 188 ਸ਼ਕਾਇਤਾਂ ਨੂੰ ਆਪਸੀ ਗੱਲਬਾਤ ਰਾਹੀਂ ਨਿਪਟਾ ਲਿਆ ਗਿਆ ਹੈ ਜਦਕਿ 916 ਸ਼ਕਾਇਤਾਂ ਨੂੰ ਸ਼ੁਰੂਆਤੀ ਜਾਂਚ ਵਿੱਚ ਹੀ ਖਤਮ ਕਰ ਦਿੱਤਾ ਗਿਆ ਅਤੇ 821 ਸ਼ਕਾਇਤਾਂ ਤੇ ਸੁਣਵਾਈ ਅਤੇ ਕਾਰਵਾਈ ਦੀ ਪ੍ਰਕਿਰਿਆ ਚੱਲ ਰਹੀ ਹੈ। ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜਾਦੀ ਖਤਮ ਕਰਨ ਲਈ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਪ੍ਰੈਸ ਕੌਂਸਲ ਆਫ ਇੰਡੀਆ ਦੀ ਮੀਟਿੰਗ 19 ਸਤੰਬਰ 2011 ਨੂੰ ਹੋਈ ਜਿਸ ਵਿੱਚ ਪੱਤਰਕਾਰਾਂ ਦੀ ਸੁਰੱਖਿਆ ਲਈ ਸਬ-ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ। ਕੌਂਸਲ ਆਫ ਇੰਡੀਆ ਦੇ ਨਿਰਦੇਸ਼ਾਂ ਅਨੁਸਾਰ 17 ਅਕਤੂਬਰ 2011 ਨੂੰ 6 ਮੈਂਬਰੀ ਸਬ-ਕਮੇਟੀ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਸ਼੍ਰੀ ਕੇ ਅਮਰਨਾਥ ਨੂੰ ਕਨਵੀਨਰ ਬਣਾਇਆ ਗਿਆ ਅਤੇ ਸੰਜੇ ਦੀਨਾ ਪਾਟਿਲ ਐਮ ਪੀ, ਅਨਿਲ ਜੁਗਲ ਕਿਸ਼ੋਰ ਅਗਰਵਾਲ, ਅਰਵਿੰਦ ਐਸ ਟੈਂਗਸੇ, ਸੰਜੇ ਗੁਪਤਾ ਅਤੇ ਡਾਕਟਰ ਰਾਮਸੂਬਾ ਅਈਅਰ ਲਕਸ਼ਮੀਪਾਥੀ ਨੂੰ ਮੈਂਬਰ ਬਣਾਇਆ ਗਿਆ। ਬਾਦ ਵਿੱਚ ਇਸ ਵਿੱਚ ਚਾਰ ਹੋਰ ਮੈਂਬਰਾਂ ਕਲਿਆਣ ਬਰੂਹ, ਰਾਜੀਵ ਰਜਨ ਨਾਗ, ਅਰੁਣ ਕੁਮਾਰ, ਊਪਾਲਾ ਲਕਸ਼ਮਣ ਨੂੰ ਸ਼ਾਮਿਲ ਕੀਤਾ ਗਿਆ। ਇਹ ਸਬ-ਕਮੇਟੀ ਦੇਸ਼ ਦੇ ਉਹਨਾਂ 11 ਸੂਬਿਆਂ ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਜੰਮੂ-ਕਸ਼ਮੀਰ, ਪੱਛਮੀ ਬੰਗਾਲ, ਕੇਰਲਾ, ਝਾਰਖੰਡ, ਤ੍ਰਿਪੁਰਾ, ਛਤੀਸਗੜ੍ਹ, ਅਸਾਮ, ਮੇਘਾਲਿਆ ਅਤੇ ਮਨੀਪੁਰ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਪੱਤਰਕਾਰੀ ਕਰਨਾ ਮੁਸ਼ਕਿਲ ਹੋ ਗਿਆ। ਇਸ ਸਬ-ਕਮੇਟੀ ਨੇ ਇਹਨਾਂ 11 ਸੂਬਿਆਂ ਦੇ 1200 ਦੇ ਕਰੀਬ ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ। ਇਸ ਸਬ ਕਮੇਟੀ ਨੇ ਇਹਨਾਂ ਸੂਬਿਆਂ ਦੇ ਵੱਡੇ ਸਿਵਲ ਅਧਿਕਾਰੀਆਂ ਅਤੇ ਉਚ ਪੁਲਿਸ ਅਫਸਰਾਂ ਨਾਲ ਵੀ ਮੁਲਕਾਤ ਕੀਤੀ।




ਇਹ ਕਮੇਟੀ ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਵੀ ਮਿਲੀ। ਇਸ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਪ੍ਰੈਸ ਕੌਂਸਲ ਆਫ ਇੰਡੀਆ ਨੇ ਲੋਕਤੰਤਰ ਦੇ ਚੋਥੇ ਥੰਮ ਦੀ ਰੱਖਿਆ ਲਈ ਸਰਕਾਰ ਨੂੰ ਸੁਝਾਅ ਦਿਤੇ ਹਨ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਇੱਕ ਕਨੂੰਨ ਬਣਾਇਆ ਜਾਵੇ ਜਿਸ ਵਿੱਚ ਇਹ ਸ਼ਾਮਿਲ ਕੀਤਾ ਜਾਵੇ ਕਿ ਜੋ ਵੀ ਵਿਅਕਤੀ ਕਿਸੇ ਕੰਮ ਕਰਦੇ ਪੱਤਰਕਾਰ ਜਾਂ ਸੰਪਾਦਕ ਤੇ ਕੋਈ ਹਮਲਾ ਕਰਦਾ ਹੈ ਤਾਂ ਉਸਨੂੰ ਸੱਖਤ ਸਜ਼ਾ ਦਿਤੀ ਜਾਵੇ, ਪੱਤਰਕਾਰਾਂ ਤੇ ਹਮਲਿਆਂ ਸਬੰਧੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਵਿੱਚ ਕੀਤੀ ਜਾਵੇ ਜਿੱਥੇ ਚਾਰਜ਼ਸ਼ੀਟ ਦਾਇਰ ਹੋਣ ਤੋਂ ਬਾਦ ਇੱਕ ਸਾਲ ਦੇ ਅੰਦਰ ਸੁਣਵਾਈ ਮੁਕੰਮਲ ਕੀਤੀ ਜਾਵੇ। ਜਦੋਂ ਵੀ ਕਿਸੇ ਪੱਤਰਕਾਰ ਦਾ ਕਤਲ ਹੋਵੇ ਤਾਂ ਸਾਰੀ ਜਾਂਚ ਸੀ ਵੀ ਆਈ ਤੋਂ ਕਰਵਾਈ ਜਾਵੇ ਜੋਕਿ ਤਿੰਨ ਮਹੀਨੇ ਦੇ ਵਿੱਚ ਮੁਕੰਮਲ ਕੀਤੀ ਜਾਵੇ, ਪੱਤਰਕਾਰ ਖਿਲਾਫ ਕਿਸੇ ਵੀ ਤਰਾਂ ਦੇ ਮਾਮਲੇ ਵਿੱਚ ਕਾਰਵਾਈ ਡੀ ਜੀ ਲੀ ਦੀ ਜਾਂਚ ਰਿਪੋਰਟ ਤੋਂ ਬਾਦ ਹੀ ਕੀਤੀ ਜਾਵੇ, ਜੇਕਰ ਕੋਈ ਪੱਤਰਕਾਰ ਜਾਂ ਸੰਪਾਦਕ ਮਾਰਿਆ ਜਾਦਾ ਹੈ ਤਾਂ ਰਾਜ ਸਰਕਾਰ ਉਸਦੇ ਵਾਰਿਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇ।

ਪ੍ਰੈਸ ਕੌਂਸਲ ਆਫ ਇੰਡੀਆ ਨੇ ਹਰ ਰਾਜ ਵਿੱਚ ਰਾਜ ਪੱਧਰ ਦੀਆਂ ਕਮੇਟੀਆਂ ਬਣਾਉਣ ਦਾ ਵੀ ਸੁਝਾਅ ਦਿਤਾ ਜਿਸ ਵਿੱਚ ਪੱਤਰਕਾਰਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਨੁੰਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਸਾਰੀ ਦੁਨੀਆਂ ਵਿੱਚ ਜਨਵਰੀ 1992 ਤੋਂ ਲੈ ਕੇ ਅਪ੍ਰੈਲ 2015 ਤੱਕ 1124 ਪੱਤਰਕਾਰਾਂ ਦਾ ਕਤਲ ਕੀਤਾ ਗਿਆ। ਭਾਰਤ ਵਿੱਚ ਪਿਛਲੇ 2 ਦਹਾਕਿਆਂ ਦੌਰਾਨ 80 ਪੱਤਰਕਾਰਾਂ ਦਾ ਕਤਲ ਕੀਤਾ ਗਿਆ। ਅੱਜ ਲੋੜ ਹੈ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਤਾਂ ਜੋ ਹੱਕ ਅਤੇ ਸੋਚ ਦੀ ਆਵਾਜ਼ ਬੁਲੰਦ ਰਹਿ ਸਕੇ। ਜੇਕਰ ਹੁਣ ਵੀ ਇਸ ਪ੍ਰਤੀ ਗੰਭੀਰਤਾ ਨਾਲ ਨਾ ਸੋਚਿਆ ਤਾਂ 16 ਨਵੰਬਰ ਦਾ ਦਿਹਾੜਾ ਜੋ ਕਿ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ ਅਤੇ ਮੀਡੀਆ ਸੱਚਮੁੱਚ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਹੀ ਕੰਮ ਕਰੇਗਾ ਜੋ ਕਿ ਸਮਾਜ ਅਤੇ ਦੇਸ਼ ਲਈ ਖਤਰਨਾਕ ਸਾਬਿਤ ਹੋਵੇਗਾ।

# ਸਾਡਾ ਸੰਤ ਸਮਾਜ ਵੀ ਸਿਆਸਤ ਦਾ ਸ਼ਿਕਾਰ ਹੋ ਗਿਆ ਹੈ- ਸੱਤਪਾਲ ਸਾਹਲੋਂ

**ਸੱਤਪਾਲ ਸਾਹਲੋਂ** ਪੰਜਾਬ ਦੇ ਉਹਨਾਂ ਮਿਸ਼ਨਰੀ ਲੇਖਕਾਂ 'ਚੋਂ ਹੈ, ਜਿਹਨਾਂ ਨੂੰ ਸੱਚ ਤੋਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਤੇ ਬਾਬਾ ਸਾਹਿਬ ਦੇ ਮਿਸ਼ਨ ਤੇ ਲਿਖਣਾ ਸ਼ੁਰੂ ਕੀਤਾ। ਉਹਨੂੰ ਗੈਰਾਂ ਨੇ ਤਾਂ ਕੀ, ਉਹਦੇ ਆਪਣਿਆਂ ਨੇ ਵੀ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ, ਪਰ ਸਿਰੜੀ ਸੱਤਪਾਲ ਸਾਹਲੋਂ ਨਹੀਂ ਡਰਿਆ। ਉਹਨੂੰ ਵਿਕਣ ਲਈ ਲੱਖਾਂ ਰੁਪਏ ਦੀਆਂ ਆਫਰਾਂ ਆਈਆਂ, ਪਰ ਉਹ ਫਿਰ ਵੀ ਨਾ ਵਿਕਿਆ ਤੇ ਨਾ ਹੀ ਆਪਦੇ ਸੁਭਾਅ ਤੋਂ ਥਿੜਕਿਆ। ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ: ਨਵਾਂ ਸ਼ਹਿਰ ਦਾ ਉਹ ਵਰ੍ਹਿਆਂ ਤੋਂ ਪ੍ਰਧਾਨ ਚਲਿਆ ਆ ਰਿਹਾ ਹੈ। ਅੱਜਕਲ੍ਹ ਉਹ ਪਿੰਡ ਮਜਾਰਾ ਨੌ ਆਬਾਦ ਪ੍ਰਾਇਮਰੀ ਸਕੂਲ 'ਚ ਹੈਡ ਟੀਚਰ ਦੇ ਅਹੁਦੇ 'ਤੇ ਤਾਇਨਾਤ ਹੈ। ਮਾਤਾ ਸਵ: ਸ੍ਰੀਮਰੀ ਰੱਖੀ ਤੇ ਪਿਤਾ ਸਵ: ਨੰਦ ਸਿੰਘ ਦਾ ਸਪੁੱਤਰ ਦਲਿਤ ਸਮਾਜ ਦੀ ਬੇਹਤਰੀ ਲਈ ਹਮੇਸ਼ਾ ਹੀ ਦਰਦ ਨਾਲ ਕਰਾਹੁੰਦਾ ਰਹਿੰਦਾ ਹੈ। ਸ਼ਹੀਦ ਸੰਤ ਸ੍ਰੀ ਰਾਮਾਨੰਦ ਜੀ ਦਾ ਉਹਦੇ ਤੇ ਹਮੇਸ਼ਾ ਹੀ ਮਿਹਰ ਭਰਿਆ ਹੱਥ ਰਿਹਾ। ਕ੍ਰਾਂਤੀਕਾਰੀ ਡਾ. ਅੰਬੇਡਕਰ (ਗੀਤ ਸੰਗ੍ਰਹਿ) ਤੇ ਫੁੱਲਬਾੜੀ (ਬਾਲ ਗੀਤ) ਵਰਗੀਆਂ ਪੁਸਤਕਾਂ ਦਾ ਰਚੇਤਾ ਸੱਤਪਾਲ "ਅਬਦੀ ਮਹਿਕ" ਮੈਗਜ਼ੀਨ ਨੂੰ ਕਈ ਵਰ੍ਹਿਆਂ ਤੋਂ ਆਪਣੀ ਜੇਬ 'ਚੋਂ ਖੂਨ ਪਸੀਨੇ ਦੀ ਕਮਾਈ ਖਰਚ ਕੇ ਬਿਨਾਂ ਕਿਸੇ ਮੁਨਾਫੇ ਦੇ ਆਪਣੇ ਪਾਠਕਾਂ ਤੱਕ ਨਿਰੰਤਰ ਵੱਗਦੇ ਪਾਣੀਆਂ ਵਾਂਗ ਪਹੁੰਚਦਾ ਕਰ ਰਿਹੈ। ਸੁੱਘੜ ਸਿਆਣੀ ਸ੍ਰੀਮਰੀ ਕਮਲਾ ਸੱਲ੍ਹਣ ਦਾ ਪਤੀ ਤੇ ਅਮਨਦੀਪ ਤੇ ਚਰਨਜੀਤ ਯੂ. ਕੇ. ਦਾ ਸ਼ਾਇਰ ਪਿਤਾ ਸੱਤਪਾਲ ਹੁਣ ਤੱਕ ਹਜ਼ਾਰਾਂ ਹੀ ਮਿਸ਼ਨਰੀ ਗੀਤ ਲਿਖ ਚੁੱਕਾ ਹੈ। ਤੇ ਪੰਜਾਬ ਦਾ ਹਰ ਮਿਸ਼ਨਰੀ ਗਾਇਕ, ਉਹਦੇ ਗੀਤਾਂ ਨੂੰ ਆਵਾਜ਼ ਬਖਸ਼ਣੀ ਆਪਣੀ ਵਡਿਆਈ ਸਮਝਦਾ ਹੈ। ਵਿਸ਼ਵ ਪ੍ਰਸਿੱਧ ਮਿਸ਼ਨਰੀ ਗੀਤਕਾਰ, ਫਿਲਮਕਾਰ, ਸੱਤਪਾਲ ਭਾਵੇਂ ਅੱਜਕਲ੍ਹ ਆਰਥਿਕ ਮੰਦਹਾਲੀ ਤੇ ਸਰੀਰਕ ਕਸ਼ਟਾਂ ਨਾਲ ਜੂਝ ਰਿਹੈ, ਪਰ ਮਿਸ਼ਨ ਪ੍ਰਤੀ ਉਸਦੇ ਹੌਸਲੇ ਅੱਜ ਵੀ 1974 ਵਰਗੇ ਹੀ ਹਨ, ਜਦੋਂ ਤੋਂ ਉਹਨੇ ਲਿਖਣਾ ਸ਼ੁਰੂ ਕੀਤਾ ਸੀ। ਇੰਨਾ ਹੋਣ ਦੇ ਬਾਵਜੂਦ ਉਹ ਇਕੋ ਲਗਨ, ਇਕੋ ਧੁੰਨ, ਮਸਤ ਹਾਥੀ ਚਾਲ, ਬੇਖੌਫ ਹੋ ਕੇ ਆਪਣੇ ਰਹਿਬਰਾਂ ਦੇ ਮਿਸ਼ਨ ਲਈ ਲਿੱਖਣ ਲਈ ਬਜਿੱਦ ਹੈ। ਪਿਛਲੇ ਦਿਨੀਂ ਮੈਂ ਕੁਝ ਤਿੱਖੇ ਸਵਾਲ, ਉਹਨੂੰ ਉਹਦੀ ਰਿਹਾਇਸ਼ ਤੇ ਜਾ ਕੇ ਕੀਤੇ, ਤੇ ਉਹਨਾਂ ਦੇ ਜਵਾਬ ਵੀ ਮੈਨੂੰ ਕੁਝ ਤਿੱਖੇ ਹੀ ਮਿਲੇ। ਉਹਨਾਂ ਸਵਾਲਾਂ-ਜਵਾਬਾਂ ਨੂੰ ਅਸੀਂ ਹੇਠਾਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ-

**ਸਵਾਲ- ਪਿੱਛੇ ਜਿਹੇ ਗੋਲਡ ਮੈਡਲ ਦੇਣ ਦੀ ਇਕ ਪ੍ਰਥਾ ਚੱਲੀ ਸੀ, ਉਹਦੇ 'ਚ ਤੁਹਾਡਾ ਨਾਂ ਕਿਉਂ ਨਹੀਂ ਵਿਚਾਰਿਆ ਗਿਐ, ਜਦਕਿ ਨਵਾਂ ਸ਼ਹਿਰ ਜ਼ਿਲ੍ਹੇ 'ਚ ਤੁਸੀਂ ਸਭ ਤੋਂ ਪੁਰਾਣੇ ਮਿਸ਼ਨਰੀ ਲੇਖਕ ਹੋ?**

ਉੱਤਰ- ਮੂੰਹ ਮੁਲਾਹਜੇ ਤੇ ਮੁੱਲ ਵਿਕਦੇ ਸਨਮਾਨਾਂ ਦਾ ਮੈਂ ਝਾਲੂ ਨਹੀਂ ਹਾਂ। ਬਹੁਤੇ ਡੇਰੇ ਵੀ ਇਸ ਵਿਵਾਦ ਤੋਂ ਪਿੱਛੇ ਨਹੀਂ ਹਨ। ਇਕ ਡੇਰੇ ਨੂੰ ਮੇਰੇ ਬਾਰੇ ਕਿਸੇ ਨੇ ਗੋਲਡ ਮੈਡਲ ਦੇਣ ਦੀ ਸਿਫਾਰਸ਼ ਕੀਤੀ ਤਾਂ ਡੇਰੇ ਦੇ ਸੰਤ ਨੇ ਡਾਹਢਾ ਔਖਾ ਸਾਹ ਭਰ ਕੇ ਕਿਹਾ ਕਿ ਪਹਿਲਾਂ ਤੂੰ ਇਹ ਦੱਸ ਕਿ ਸੱਤਪਾਲ ਸਾਹਲੋਂ ਨੇ ਸਾਡੇ ਡੇਰੇ ਬਾਰੇ ਕੀ ਲਿਖਿਆ ਹੈ। ਹਰ ਪੱਖ 'ਚ ਕਿਤੇ ਨਾ ਕਿਤੇ ਨਿੱਜ ਨੂੰ ਪਹਿਲ ਦਿੱਤੀ ਜਾਂਦੀ ਹੈ, ਜੋ ਕਿ ਮਿਸ਼ਨ ਲਈ ਬੜੀ ਘਾਤਕ ਹੈ।

**ਸਵਾਲ- ਕੀ ਅੰਮ੍ਰਿਤਬਾਣੀ ਬਣਾਉਣ ਦਾ ਸੁਪਨਾ ਸ਼ਹੀਦ ਰਾਮਾਨੰਦ ਦਾ ਸੀ?**

ਉੱਤਰ- ਸਤਿਗੁਰੂ ਰਵਿਦਾਸ ਜੀ ਦੀ ਬਾਣੀ ਉਪਰ ਤਾਂ ਕਿਤਾਬ ਉਹਨਾਂ ਨੇ ਪਹਿਲਾਂ ਹੀ ਤਿਆਰ ਕਰ ਲਈ ਸੀ। ਡੇਰਾ ਸੱਚਖੰਡ ਬੱਲਾਂ ਵੱਲੋਂ ਅੰਮ੍ਰਿਤਬਾਣੀ ਤਿਆਰ ਕਰਨਾ ਤੇ ਬਾਣੀ ਦਾ ਪ੍ਰਚਾਰ ਪ੍ਰਸਾਰ ਕਰਨਾ ਹੀ ਹੈ। ਹਾਂ ਅਮ੍ਰਿਤਬਾਣੀ ਦੇ ਪਰੂਫ ਪੜ੍ਹਨ ਲਈ ਮੈਨੂੰ ਜ਼ਰੂਰ ਸੱਚਖੰਡ ਬੱਲਾਂ ਵਿਖੇ ਬੁਲਾਇਆ ਗਿਆ ਸੀ। ਅੰਮ੍ਰਿਤਬਾਣੀ ਨੂੰ ਲੈ ਕੇ ਵੱਖਰਾ ਗ੍ਰੰਥ ਬਣਾਉਣ ਦੀ ਗੱਲ ਚੱਲ ਰਹੀ ਹੈ, ਇਹ ਤਾਂ ਸਭ ਨੂੰ ਹੀ ਪਤਾ ਸੀ ਪਰ ਬਨਾਰਸ ਵਿਚ ਤੇ ਇਟਲੀ ਵਿਚ ਇਕੋ ਸਮੇਂ ਅੰਮ੍ਰਿਤਬਾਣੀ ਰਿਲੀਜ਼ ਹੋ ਜਾਵੇਗੀ, ਇਹ ਗੱਲ ਕਿਸੇ ਨੂੰ ਵੀ ਨਹੀਂ ਸੀ ਪਤਾ। ਇਹ ਕਾਫੀ ਖੁਫੀਆ ਮੈਟਰ ਸੀ। ਬਨਾਰਸ 'ਚ ਰਿਲੀਜ਼ ਹੋਣ ਤੋਂ ਪਹਿਲਾਂ ਵੀ ਮੈਂ ਮੀਟਿੰਗ ਵਿਚ ਸ਼ਾਮਲ ਹੋਇਆ ਸੀ। ਰਹੀ ਗੱਲ ਅੰਮ੍ਰਿਤਬਾਣੀ ਗ੍ਰੰਥ ਦੀ। ਇਹ ਸਾਡੇ ਸਤਿਗੁਰ ਮਹਾਰਾਜ ਦੀ ਬਾਣੀ ਹੈ, ਇਹਦਾ ਸਤਿਕਾਰ ਕਰਨਾ ਸਾਡਾ ਸਭ ਦਾ ਹੀ ਫਰਜ਼ ਬਣਦਾ ਹੈ।

**ਸਵਾਲ- ਸਾਰਾ ਸੰਤ ਸਮਾਜ ਇਕ ਪਲੇਟਫਾਰਮ 'ਤੇ ਕੱਠਾ ਕਿਉਂ ਨਹੀਂ ਹੁੰਦਾ?**

ਉੱਤਰ ਸਾਰੇ ਸੰਤ ਇਕ ਵਿਚਾਰਧਾਰਾ ਤੇ ਇੱਕਮਤ ਨਹੀਂ ਹਨ। ਬਹੁਤਿਆਂ ਦਾ ਆਪਣਾ ਨਿੱਜੀ ਹਿੱਤ ਵੀ ਹੋ ਸਕਦਾ ਹੈ ਤੇ ਬਹੁਤਿਆਂ ਦੀ ਆਪਣੀ ਹਉਮੈ ਵੀ। ਜੇਕਰ ਸੰਤ ਆਪਣੇ ਮਨ 'ਚੋਂ ਨਿੱਜਤਾ ਨੂੰ ਕੱਢ ਦੇਣ ਤਾਂ ਇਕ ਪਲ ਵਿਚ ਏਕਤਾ ਹੋ ਸਕਦੀ ਹੈ। ਏਕਤਾ ਹੋਣੀ ਵੀ ਚਾਹੀਦੀ ਹੈ, ਕਿਉਂਕਿ ਆਪਾਂ ਸਾਰੇ ਹੀ ਤਾਂ ਇਕ ਵਿਚਾਰਧਾਰਾ ਤੇ ਕੰਮ ਕਰ ਰਹੇ ਹਾਂ।



ਸੱਤਪਾਲ ਸਾਹਲੋਂ
91-99145-17071

**ਸਵਾਲ- ਏਕਤਾ ਲਈ ਕੋਈ ਹੰਭਲਾ ਕਿਉਂ ਨਹੀਂ ਮਾਰਦਾ?**

ਉੱਤਰ- ਜਿਹੜਾ ਵੀ ਇੱਧਰ ਨੂੰ ਤੁਰਦਾ ਹੈ, ਉਹਦੇ ਤੇ ਹੀ ਵਿਕਣ ਦਾ ਇਲਜ਼ਾਮ ਮੜ੍ਹ ਦਿੱਤਾ ਜਾਂਦਾ ਹੈ। ਸ਼ਾਇਦ ਬਦਨਾਮੀ ਦੇ ਡਰੋਂ ਕੋਈ ਇਸ ਪਾਸੇ ਨੂੰ ਤੁਰ ਕੇ ਤਿਆਰ ਨਹੀਂ ਹੈ। ਪਰ ਫਿਰ ਵੀ ਏਕਤਾ ਪ੍ਰਤੀ ਆਸ ਕਰਨੀ ਤਾਂ ਬਣਦੀ ਹੀ ਹੈ।

**ਸਵਾਲ- ਸੱਚਖੰਡ ਬੱਲਾਂ ਨਾਲੋਂ ਇਕ-ਇਕ ਕਰਕੇ ਸੰਤ ਕਿਉਂ ਟੁੱਟਦੇ ਜਾ ਰਹੇ ਹਨ?**

ਉੱਤਰ- ਹੋ ਸਕਦਾ ਕੋਈ ਜਾਣ ਕੇ ਨਾ ਵੀ ਟੁੱਟਦਾ ਹੋਵੇ। ਇਹ ਵੀ ਹੋ ਸਕਦਾ ਕਿ ਕਿਸੇ ਨੂੰ ਤੋੜਨ ਲਈ ਕੋਈ ਕੋਸ਼ਿਸ਼ ਕੀਤੀ ਜਾ ਰਹੀ ਹੋਵੇ। ਹੋ ਸਕਦਾ ਕਿ ਸ਼ਾਇਦ ਸਾਡਾ ਸੰਤ ਸਮਾਜ ਸਿਆਸਤ ਦਾ ਸ਼ਿਕਾਰ ਹੋ ਗਿਆ ਹੋਵੇ, ਇਸ ਕਰਕੇ। ਕਿਸੇ ਦੀ ਟੁੱਟਣਾ ਮਜਬੂਰੀ ਵੀ ਹੋ ਸਕਦੀ ਹੈ। ਬਾਕੀ ਇਹਨਾਂ ਗੱਲਾਂ ਦਾ ਬਿਹਤਰ ਜਵਾਬ ਤਾਂ ਸਾਡਾ ਸੰਤ ਸਮਾਜ ਹੀ ਦੇ ਸਕਦਾ ਹੈ। ਜਿਹੜਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਤੇ ਪਹਿਰਾ ਦੇ ਰਿਹਾ ਹੈ।

**ਸਵਾਲ- ''ਹਰਿ'' ਦੇ ਨਿਸ਼ਾਨ ਤੇ ਵਿਵਾਦ ਕਿਉਂ?**

ਉੱਤਰ- 1987 ਵਿਚ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਨੇ ਆਪ ਹੀ ਰਵਿਦਾਸੀਆ ਕੌਮ ਨੂੰ 'ਹਰਿ' ਦੇ ਨਿਸ਼ਾਨ ਬਾਰੇ ਮਤਾ ਪਾਸ ਕੀਤਾ ਸੀ। ਪਰ ਹੁਣ ਸੰਤ ਆਪ ਹੀ ਆਪਣੇ ਕੀਤੇ ਫੈਸਲੇ ਤੋਂ ਪਾਸੇ ਹੋ ਰਹੇ ਹਨ। ਜਦਕਿ ਸਾਰਾ ਰਵਿਦਾਸੀਆ ਭਾਈਚਾਰਾ 'ਹਰਿ' ਦੇ ਨਿਸ਼ਾਨ ਦੇ ਨਾਲ ਖੜ੍ਹਾ ਹੈ। ਬਹੁਤਿਆਂ ਸੰਤਾਂ ਦੇ ਡੇਰਿਆਂ 'ਚ 'ਹਰਿ' ਦਾ ਨਿਸ਼ਾਨ ਤਾਂ ਹੈ, ਪਰ ਉਹ ਹਰਿ ਦੇ ਨਿਸ਼ਾਨ ਨੂੰ ਪ੍ਰਮੋਟ ਨਹੀਂ ਕਰ ਰਹੇ।

ਸਵਾਲ- ਸੁਣਿਐ ਸੰਤ ਰਾਮਾਨੰਦ ਜੀ ਨਾਲ ਤੁਹਾਡਾ ਬੜਾ ਪਿਆਰ ਸੀ?

ਉੱਤਰ- ਜਦੋਂ ਜਪੁ ਗੁਰੂ ਰਵਿਦਾਸ ਫਿਲਮ ਬਣਾਈ ਤਾਂ ਉਹਨਾਂ ਦਾ ਪੂਰਾ ਸਹਿਯੋਗ ਸੀ। ਫਿਰ 'ਸਤਿ ਭਾਖੈ ਰਵਿਦਾਸ' ਫਿਲਮ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਉਹਨਾਂ ਦਾ ਪੂਰਨ ਸਹਿਯੋਗ ਰਿਹੈ। ਬਾਅਦ ਵਿਚ 'ਮੈਂ ਜਨ ਤੇਰਾ, ਇਹ ਜਨਮ ਤੁਮਾਰੇ ਲੇਖੇ ਤੇ ਭਮਿ ਮਹਾਨ' ਵਿਚ ਸਭ ਫਿਲਮਾਂ 'ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਪ੍ਰੇਰਨਾ ਸਦਕਾ ਹੀ ਨੇਪਰੇ ਚੜ੍ਹ ਸਕੀਆਂ।

**ਸਵਾਲ- ਸ਼ਹੀਦ ਰਾਮਾਨੰਦ ਜੀ ਨਾਲ ਕੋਈ ਐਸੀ ਯਾਦ, ਜਿਹੜੀ ਨਾ-ਭੁੱਲਣਯੋਗ ਹੋਵੇ?**

ਉੱਤਰ- 1997 ਵਿਚ ਜਦੋਂ ਪਹਿਲੀ ਵਾਰ ਮੈਂ ਆਪਣੇ ਕੁਝ ਸਾਥੀਆਂ ਨਾਲ ਸੱਚਖੰਡ ਬੱਲਾਂ ਗਿਆ ਤਾਂ ਡੇਰੇ 'ਚ ਵੜਦਿਆਂ ਹੀ ਅਸੀਂ ਪੁੱਛਿਆ ਕਿ ਸੰਤ ਕਿੱਥੇ ਹਨ। ਸੇਵਾਦਾਰਾਂ ਨੇ ਪੁੱਛਿਆ ਛੋਟੇ ਕਿ ਵੱਡੇ। ਅਸੀਂ ਕਿਹਾ ਕਿ ਦੋਵੇਂ ਦੱਸ ਦਿਓ ਕਿੱਥੇ ਹਨ। ਸੇਵਾਦਾਰਾਂ ਨ ਕਿਹਾ ਕਿ ਭੱਜ ਕੇ ਮੂਹਰੇ ਹੋ ਜਾਓ, ਦੋਵੇਂ ਸੰਤ ਕਿਤੇ ਚੱਲੇ ਹਨ। ਅਸੀਂ ਭੱਜ ਕੇ ਪਹਿਲਾਂ ਵੱਡੇ ਸੰਤਾਂ ਨੂੰ ਮੱਥਾ ਟੇਕਿਆ ਹੈ ਤੇ ਫਿਰ ਰਾਮਾਨੰਦ ਜੀ ਨੂੰ। ਤੇ ਨਾਲ ਹੀ ਮੈਂ ਕਿਹਾ ਕਿ ਮੈਂ ਸੱਤਪਾਲ ਸਾਹਲੋਂ ਹਾਂ। ਐਨਾ ਸੁਣ ਕੇ ਰਾਮਾਨੰਦ ਜੀ ਨੇ ਮੇਰਾ ਕਲ੍ਹਾਵਾ ਭਰਿਆ ਤੇ ਚੁੱਕ ਕੇ ਆਪਣੇ ਕਮਰੇ ਤੱਕ ਲੈ ਗਏ। ਤੇ ਸੇਵਾਦਾਰਾਂ ਨੂੰ ਕਹਿਣ ਲੱਗੇ ਕਿ ਬਾਕੀਆਂ ਨੂੰ ਚਾਹ ਪਾਣੀ ਤੁਸੀਂ ਪਿਲਾਓ ਤੇ ਇਹਨੂੰ ਮੈਂ ਪਿਲਾਉਂਦਾ ਹਾਂ। ਪਹਿਲਾਂ ਤਾਂ ਮੈਂ ਘਬਰਾ ਗਿਆ ਸੀ। ਰਾਮਾਨੰਦ ਜੀ ਕਹਿਣ ਲੱਗੇ ਕਿ ਅਸੀਂ ਤਾਂ ਤੈਨੂੰ ਕਾਕਾ ਕਦੋਂ ਹੀ ਲੱਭਦੇ ਹਾਂ। ਉਸ ਦਿਨ ਤੋਂ ਲੈ ਕੇ ਉਹਨਾਂ ਦੇ ਸ਼ਹੀਦ ਹੋਣ ਤੱਕ ਉਹਨਾਂ ਦਾ ਆਸ਼ੀਰਵਾਦ ਮੇਰੇ ਤੇ ਬਾ-ਕਮਾਲ ਰਿਹੈ।

**ਸਵਾਲ- ਲਿਖਣ ਦੇ ਖੇਤਰ 'ਚ ਕੋਈ ਮਾੜਾ ਤਜਰਬਾ?**

ਉੱਤਰ- ਜਦੋਂ ਸੰਨ 2000 ਵਿਚ ਸਤਿ ਭਾਖੈ ਰਵਿਦਾਸ ਫਿਲਮ ਬਣਾਈ ਤਾਂ ਉਸ ਵਕਤ ਸਾਡਾ 7 ਲੱਖ ਰੁਪਈਆ ਖਰਚ ਆਇਆ ਸੀ। ਸਭ ਕੁਝ ਵੇਚ ਵੱਟ ਕੇ ਲਾ ਦਿੱਤਾ ਤੇ ਘਰ ਵੀ ਗਿਰਵੀ ਰੱਖ ਦਿੱਤਾ ਸੀ। ਜਦੋਂ ਫਿਲਮ ਬਣ ਕੇ ਤਿਆਰ ਹੋਈ ਤਾਂ ਦੋ ਤਿੰਨਾਂ ਨੂੰ ਛੱਡ ਕੇ ਪੂਰੇ ਸੰਤ ਸਮਾਜ ਨੇ ਫਿਲਮ ਦਾ ਬਾਈਕਾਟ ਕਰ ਦਿੱਤਾ। ਜਦਕਿ ਫਿਲਮ ਦੀ ਕਹਾਣੀ ਸੁਸਾਇਟੀ ਦੀਆਂ ਮੀਟਿੰਗਾਂ ਵਿਚ ਸੰਤਾਂ ਤੋਂ ਪਾਸ ਕਰਵਾਈ ਸੀ। ਜਿਹਨਾਂ ਨੂੰ ਫਿਲਮ ਲਈ ਆਰਡਰ ਦਿੱਤੇ ਸੀ, ਉਹ ਵੀ ਸਭ ਮੁੱਕਰ ਗਏ। ਬਹੁਤੇ ਮੇਰੇ ਮਿਸ਼ਨਰੀ ਵਿਰੋਧੀ ਲੋਕਾਂ ਨੇ ਕਿਹਾ ਕਿ ਆਪਾਂ ਸੱਤਪਾਲ ਸਾਹਲੋਂ ਦਾ ਲੱਕ ਤੋੜਨਾ ਹੈ। ਬਹੁਤਿਆਂ ਨੇ ਕਿਹਾ ਕਿ ਅਸਲੀ ਸੀ. ਡੀ. ਨਾ ਖਰੀਦਿਓ, ਨਕਲੀ ਸੀ. ਡੀ. ਖਰੀਦ ਲਿਓ। ਇਕ ਸੰਤ ਸਮਾਜ ਦੇ ਅਹਿਮ ਅਹੁਦੇਦਾਰ ਸੰਤ ਨੇ ਤਾਂ ਮੇਰੇ ਮੂੰਹ ਤੇ ਹੀ ਕਹਿ ਦਿੱਤਾ ਸੀ ਕਿ ਮੈਂ ਆਪਣੇ ਚੇਲਿਆਂ ਤੋਂ ਤੈਨੂੰ ਪੱਥਰ ਮਰਵਾ-ਮਰਵਾ ਕੇ ਮਰਵਾ ਦੇਵਾਂਗਾ। ਪਰ ਮੈਂ ਗੁਰੂ ਦੀ ਓਟ ਆਸਰਾ ਲੈ ਕੇ ਅਡੋਲ ਖੜ੍ਹਾ ਰਿਹਾ। ਪਰ ਮੈਨੂੰ ਉਦੋਂ ਹਰ ਤਰ੍ਹਾਂ ਦਾ ਹੀ ਨੁਕਸਾਨ ਉਠਾਉਣਾ ਪਿਆ।



ਪੰਮੀ ਲਾਲੋ ਮਾਜ਼ਰਾ
91-95011-43755

**ਸਵਾਲ- 2001 ਵਿਚ ਜਦੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਪੰਜਾਬ ਦੌਰੇ 'ਤੇ ਸਨ ਤਾਂ ਉਹਨਾਂ ਨੇ ਹਰ ਡੇਰੇ ਤੇ ਜਾ ਕੇ ਬਸਪਾ ਨੂੰ ਵੋਟ ਪਾਉਣ ਲਈ ਆਖਿਆ। ਪਰ ਕਿਸੇ ਵੀ ਸੰਤ ਨੇ ਉਹਨਾ ਦਾ ਕਹਿਣਾ ਨਹੀਂ ਮੰਨਿਆ। ਕਿਉਂ?**

ਉੱਤਰ- ਬਾਕੀ ਡੇਰਿਆਂ ਦਾ ਤਾਂ ਪਤਾ ਨਹੀਂ, ਪਰ ਸੱਚਖੰਡ ਬੱਲਾਂ 'ਚ ਅੱਜ ਤੱਕ ਇਕੋ ਇਕ ਸਿਆਸਤਦਾਨ ਸਾਹਿਬ ਸ੍ਰੀ ਕਾਂਸ਼ੀ ਰਾਮ ਹੋਇਅ, ਜਿਹੜਾ ਸਟੇਜ ਤੋਂ ਪੂਰੇ 45 ਮਿੰਟ ਤੱਕ ਬੋਲਿਆ। ਉਹਨਾਂ ਦੀ ਬਰਸੀ 'ਤੇ ਅੰਮ੍ਰਿਤਬਾਣੀ ਦੇ ਭੋਗ ਵੀ ਪਾਏ ਗਏ। ਸੰਤ ਰਾਮਾਨੰਦ ਤਾਂ ਆਪ ਕਾਂਸ਼ੀ ਰਾਮ ਜੀ ਨੂੰ ਮਹਾਂਪੁਰਸ਼ ਆਖਦੇ ਹੁੰਦੇ ਸੀ। ਬਾਕੀ ਜ਼ਰੂਰੀ ਨਹੀਂ ਸਿੱਧੇ ਤੌਰ ਤੇ ਹੀ ਅਸਿੱਧੇ ਤੌਰ 'ਤੇ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ।

**ਸਵਾਲ: ਕੀ ਰਾਮਾਨੰਦ ਜੀ ਦੀ ਘਾਟ ਰੜਕ ਰਹੀ ਹੈ?**

ਉੱਤਰ- ਸੱਚਖੰਡ ਬੱਲਾਂ ਦੇ ਪੈਰੋਕਾਰਾਂ ਨੂੰ ਤੇ ਦੇਸ਼ਾਂ ਵਿਦੇਸ਼ਾਂ 'ਚ ਬੈਠੇ ਰਵਿਦਾਸੀਆ ਕੌਮ ਦੇ ਭਾਈਚਾਰੇ ਨੂੰ ਤਾਂ ਉਹਨਾਂ ਦੀ ਕਮੀ ਬਹੁਤ ਮਹਿਸੂਸ ਹੋ ਰਹੀ ਹੈ, ਪਰ ਸ਼ਾਇਦ ਸੰਤ ਸਮਾਜ ਨੂੰ ਨਹੀਂ। ਕਿਉਂਕਿ ਸੰਤ ਰਾਮਾਨੰਦ ਇਕ ਮਹਾਨ ਧਾਰਮਿਕ ਪ੍ਰਚਾਰਕ ਤੇ ਸਮਾਜ ਸੁਧਾਰਕ ਸਨ। ਉਹਨਾਂ ਦੀ ਮਹਾਨ ਸੋਚ ਤੇ ਪਹਿਰਾ ਦੇਣਾ ਸਭਨਾਂ ਦਾ ਫਰਜ਼ ਹੈ।

**ਸਵਾਲ: ਹੁਣ ਤੱਕ ਕਿੰਨਾ ਕੁ ਮਾਣ ਸਨਮਾਨ ਮਿਲਿਐ?**

ਉੱਤਰ- ਸੰਨ 2000 'ਚ ਮੈਨੂੰ ਸੱਚਖੰਡ ਬੱਲਾਂ ਤੋਂ ਵਿਸਾਖੀ ਵਾਲੇ ਦਿਨ ਮੇਰਾ ਗੋਲਡ ਮੈਡਲ ਨਾਲ ਸਨਮਾਨ ਹੋ ਚੁੱਕਿਐ। ਮੇਰੀ ਉਸ ਦਿਨ 'ਸਤਿ ਭਾਖੈ ਰਵਿਦਾਸ' ਫਿਲਮ ਰਿਲੀਜ਼ ਹੋਈ ਸੀ। ਸੰਤ ਰਾਮਾਨੰਦ ਜੀ ਨੇ ਮੈਨੂੰ ਕਿਹਾ ਕਿ ਕਾਕਾ ਇੱਧਰ ਆ। ਸੰਤ ਨਿਰੰਜਣ ਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ ਮੈਨੂੰ ਗੋਲਡ ਮੈਡਲ ਦੇ ਕੇ ਸਨਮਾਨ ਦਿੱਤਾ।

ਅਦਬੀ ਮਹਿਕ ਪ੍ਰੋਡਕਸ਼ਨ ਵੱਲੋਂ ਅਸੀਂ ਖੁਦ ਸਵਿਤਾ ਮੱਲ, ਡਾਇਰੈਕਟਰ ਪੀ. ਕੇ. ਕਲੇਰ ਤੇ ਗਿਆਨੀ ਉਂਕਾਰ ਸਿੰਘ ਗੜ੍ਹਪਧਾਣਾ ਜੀ ਦਾ ਗੋਲਡ ਮੈਡਲ ਨਾਲ ਸਨਮਾਨ ਕਰ ਚੁੱਕੇ ਹਾਂ।

**ਸਵਾਲ- ਹੁਣ ਤੱਕ ਕਿੰਨੇ ਕੁ ਕਲਾਕਾਰਾਂ ਨੇ ਤੁਹਾਡੇ ਲਿਖੇ ਗੀਤਾਂ ਨੂੰ ਗਾਇਐ?**

ਉੱਤਰ- ਸਲੀਮ, ਮਿੰਟੂ ਧੂਰੀ, ਨਰਿੰਦਰ ਮਾਵੀ, ਐਸ. ਐਸ. ਆਜ਼ਾਦ, ਮੋਹਨ ਬੰਗੜ, ਕੁਲਵੰਤ ਕੱਜਲਾ, ਰਿੰਪੀ ਗਰੇਵਾਲ, ਰਵੀ ਪੜਵਾਗਾ, ਪ੍ਰਵੇਜ਼ ਪੰਜੀ, ਬਲਵੀਰ ਬੱਬੀ, ਪਾਲੀ ਦੇਤਵਾਲੀਆ, ਉਂਕਾਰ ਸਿੰਘ, ਗੁਰਲੇਜਾ ਅੱਖਤਰ, ਸੁਦੇਸ਼ ਕੁਮਾਰੀ, ਹਸ਼ਮਤ ਹਰਜੋਤ, ਰਾਜ ਮਹਿੰਦੀ, ਪੰਮਾ ਸੁੰਨੜ, ਡਾ. ਹਰਜੋਤ, ਬਲਵਿੰਦਰ ਬਿੱਟੂ, ਕੁਲਵਿੰਦਰ ਕੌਰ ਬੱਲ, ਅਮਰਜੋਤੀ, ਕੀਮਤੀ ਲਾਲ, ਅਮਰਸਰਦਿ, ਸੰਤ ਰਾਮਾਨੰਦ ਜੀ, ਮਨਜੀਤ ਰਾਏ ਖੰਨਾ, ਰੂਪ ਲਾਲ ਧੀਰ ਤੇ ਰਾਜ ਦਦਰਾਲ।

**ਸਵਾਲ: ਇਸ ਵਾਰ ਗੁਰਪੁਰਬ ਤੇ ਤੁਸੀਂ ਨਵਾਂ ਕੀ ਦੇ ਰਹੇ ਹੋ?**

ਉੱਤਰ- ਇਸ ਵਾਰ ਦਮਦਾਰ ਆਵਾਜ਼ ਦੀ ਮਲਿਕਾ ਕੁਲਵਿੰਦਰ ਕੌਰ ਬੱਲ ਪੰਜਾਬੀ ਮਿਸ਼ਨਰੀ ਗੀਤ ਅਤੇ ਡਾ. ਹਰਜੋਤ ਦੀ ਆਵਾਜ਼ ਵਿਚ ਸ਼ਹੀਦ ਸੰਤ ਰਾਮਾਨੰਦ ਜੀ ਨੂੰ ਸਮਰਪਿਤ ਹਿੰਦੀ ਗੀਤਾਂ ਦੀ ਵੀ. ਸੀ. ਡੀ. ਰਿਲੀਜ਼ ਕਰਨ ਜਾ ਰਹੇ ਹਾਂ। ਸਾਰਾ ਮੈਟਰ ਮੇਰਾ ਹੀ ਲਿਖਿਆ ਹੋਇਆ ਹੈ।

# ਹੱਡਬੀਤੀ / 'ਜ਼ਮੀਰ ਤੇ ਇਮਾਨ'

ਹੋਇਆ ਇਹ ਕਿ ਮੈਂ ਅੱਜ ਆਪਣੇ ਕੁੱਝ ਨਿੱਜੀ ਰੁਝੇਵਿਆਂ 'ਚ ਐਡੀਲੇਡ ਦੀ ਇਕ ਸੁੰਨੀ ਜਿਹੀ ਗਲੀ 'ਚ ਕਾਰ ਪਾਰਕ ਕਰਕੇ ਆਪਣੇ ਮਿੱਤਰ ਜੌਲੀ ਦੇ ਘਰ ਗੱਲੀਂ ਲੱਗ ਗਿਆ। ਜਦੋਂ ਦੋ ਕੁ ਘੰਟਿਆਂ ਬਾਅਦ ਕਾਰ 'ਚ ਆ ਕੇ ਬੈਠਿਆ ਤਾਂ ਸ਼ੀਸ਼ੇ ਤੇ ਵਾਈਪਰ ਹੇਠ ਇਕ ਲੰਡੀ ਜਿਹੀ ਪਰਚੀ ਪਈ ਦੇਖੀ। ਪਹਿਲੀ ਨਜ਼ਰੇ ਖ਼ਿਆਲ ਆਇਆ ਮਾਸਾ ਕੀਤੇ ਯੈਲੋ ਲਾਈਨ ਤੇ ਤਾਂ ਨਹੀਂ ਪਾਰਕ ਕਰ ਗਿਆ ਸੀ? ਕਿਉਂਕਿ ਇਹੋ ਜਿਹੇ ਵੇਲੇ ਕਈ ਬਾਰ ਕੌਂਸਲ ਵਾਲੇ ਪੰਜਾਹ ਕੁ ਡਾਲਰ ਦੀ ਪਰਚੀ ਲਾ ਜਾਂਦੇ ਹਨ। ਪਰ ਇਹ ਤਾਂ ਐਵੇਂ ਪਾਟੇ ਜਿਹੇ ਕਾਗ਼ਜ਼ ਤੇ ਪੈੱਨ ਨਾਲ ਲਿਖੀਆਂ ਚਾਰ ਲਾਈਨਾਂ ਸਨ। ਜਿਸ ਤੇ ਅੰਗਰੇਜ਼ੀ 'ਚ ਸੱਤ ਸ੍ਰੀ ਅਕਾਲ ਮਤਲਬ 'ਹਾਏ' ਲਿਖਣ ਤੋਂ ਬਾਅਦ ਲਿਖਿਆ ਸੀ ਕਿ "ਐਕਸੀਡੈਂਟਲੀ ਮੇਰੇ ਤੋਂ ਤੁਹਾਡੀ ਨੰਬਰ ਪਲੇਟ ਦੇ ਹੁੱਜ ਵੱਜ ਗਈ ਹੈ। ਜੇ ਤੁਹਾਨੂੰ ਇਸ ਨੂੰ ਬਦਲਣ ਤੇ ਕੋਈ ਖ਼ਰਚਾ ਆਉਂਦਾ ਹੈ ਤਾਂ ਬਿਨਾਂ ਝਿਜਕ ਮੈਨੂੰ ਹੇਠ ਦਿੱਤੇ ਨੰਬਰ ਤੇ ਕਾਲ ਕਰ ਲਿਉ।'' ਇਸ ਪਿੱਛੋਂ ਲਿਖਣ ਵਾਲੇ ਨੇ ਆਪਣਾ ਨਾਂ ਤੇ ਮੋਬਾਈਲ ਨੰਬਰ ਲਿਖਿਆ ਸੀ।

ਕਿੰਨੀ ਦੇਰ ਮਨ ਅੰਦਰ ਹੀ ਅਧੇੜ ਬੁਣ ਕਰਦਾ ਓਥੇ ਖੜ੍ਹਾ ਰਿਹਾ। ਫੇਰ ਚਿਹਰੇ ਤੇ ਮੁਸਕਾਨ ਤੇ ਦਿਲ 'ਚ ਉਸ ਇਨਸਾਨ ਨੂੰ ਦੁਆਵਾਂ ਦਿੰਦੇ ਹੋਏ ਪਰਚੀ ਤੇ ਲਿਖੇ ਨੰਬਰ ਤੇ ਸੁਨੇਹਾ ਭੇਜ ਦਿੱਤਾ ਕਿ ''ਥੈਂਕਸ ਮੇਟ ਆਲ ਗੁੱਡ।'' ਕਿਉਂਕਿ ਨੁਕਸਾਨ ਨਾ ਦੀ ਕੋਈ ਚੀਜ਼ ਨਹੀਂ ਸੀ ਦਿਖਾਈ ਦੇ ਰਹੀ। ਐਵੇਂ ਥੋੜ੍ਹੀ ਜਿਹੀ ਨੰਬਰ ਪਲੇਟ ਉੱਪਰ ਨੂੰ ਉਠੀ ਸੀ ਤੇ ਮੈਂ ਪੈਰ ਨਾਲ ਦੱਬ ਦਿੱਤੀ ਸੀ। ਜੋ ਕਿ ਉਹ ਇਨਸਾਨ ਵੀ ਬੜੀ ਆਰਾਮ ਨਾਲ ਕਰ ਸਕਦਾ ਸੀ। ਨਾ ਉਸ ਨੂੰ ਕੋਈ ਇਸ ਸੁੰਨੀ ਗਲੀ 'ਚ ਦੇਖਣ ਵਾਲਾ ਸੀ।

ਮੈਂ ਆਪਣੇ ਆਪ ਨੂੰ ਪੁਛਿਆ! ਉਸ ਨੇ ਇੰਜ ਕਿਉਂ ਨਹੀਂ ਕੀਤਾ? ਫੇਰ ਪਰਮਿੰਦਰ ਸੋਢੀ ਦੀ 'ਸੰਸਾਰ ਪ੍ਰਸਿੱਧ ਮੁਹਾਵਰੇ' ਕਿਤਾਬ ਵਿਚੋਂ 'ਸਲੋਵਾਕੀਆ' ਦੀ ਇਕ ਕਹਾਵਤ ਕਿ ''ਜ਼ਮੀਰ ਹਜਾਰ ਗਵਾਹਾਂ ਦੇ ਬਰਾਬਰ ਹੁੰਦੀ ਹੈ'' ਤੇ ਰੋਮਨ ਕਹਾਵਤ "ਇਕ ਇਮਾਨ ਹਜਾਰ ਗਵਾਹਾਂ ਦੇ ਬਰਾਬਰ ਹੁੰਦਾ ਹੈ'' ਚੇਤੇ ਆ ਗਈਆਂ।



ਸੋਚਿਆ! ਇਹ ਪਰਚੀ ਉਸ ਇਨਸਾਨ ਦੀ ਜ਼ਮੀਰ ਅਤੇ ਇਮਾਨ ਦੀ ਆਵਾਜ਼ ਹੈ। ਪਰ ਇਸ ਸੋਚ ਨੇ ਵੀ ਫੇਰ ਮੈਨੂੰ ਸੋਚਾਂ ਦੀ ਘੁੰਮਣ ਘੇਰੀ 'ਚ ਸੁੱਟ ਦਿਤਾ। ਅੰਦਰੋਂ ਆਵਾਜ਼ ਆਈ ਇਸ ਇਮਾਨ ਅਤੇ ਜ਼ਮੀਰ ਨੇ ਉਸ ਵਕਤ ਮੈਨੂੰ ਆਵਾਜ਼ ਕਿਉਂ ਨਹੀਂ ਮਾਰੀ, ਜਦੋਂ ਮੈਂ ਕਾਰ ਪਾਰਕ ਕਰ ਕੇ ਜਾਨ ਲੱਗੇ ਨੇ ਇਸ ਸੋਹਣੇ ਤੇ ਸਾਫ਼ ਮੁਲਕ 'ਚ ਆਸਾ ਪਾਸਾ ਜਿਹਾ ਦੇਖ ਕੇ ਮੂੰਹ ਵਿਚੋਂ ਅੱਧ ਚੱਬੀ ਜਿਹੀ ਚਿੰਗਮ ਸੜਕ ਤੇ ਸੁੱਟ ਦਿਤੀ ਸੀ? ਚਲੋ! ਇਸ ਘਟਨਾਕ੍ਰਮ ਨੇ ਮੇਰੇ ਗੂੜ੍ਹੀ ਨੀਂਦੇ ਸੁੱਤੇ ਪਏ ਜ਼ਮੀਰ ਤੇ ਇਮਾਨ ਨੂੰ ਹਲੂਣਿਆ ਤੇ ਮੈਂ ਕਾਰ 'ਚੋਂ ਉਤਰ ਆਇਆ। ਮੇਰੀ ਨਿਗ੍ਹਾ ਚਾਰ ਚੁਫੇਰੇ ਉਸ ਚਿੰਗਮ ਨੂੰ ਤਲਾਸ਼ਣ ਲੱਗ ਪਈ ਪਰ ਉਸ ਦਾ ਨਾਮੋ ਨਿਸ਼ਾਨ ਨਾ ਦਿਖਾਈ ਦਿੱਤਾ। ਇਹ ਸੋਚ ਕੇ ਘਰ ਨੂੰ ਚਾਲੇ ਪਾ ਲਏ ਕਿ ਲਗਦਾ ਮਿੰਟੂ ਬਰਾੜਾ ਤੇਰੀ ਜ਼ਮੀਰ ਤੇ ਇਮਾਨ ਨੂੰ ਤਾਂ ਕੋਈ ਕਾਰ ਆਪਣੇ ਟਾਇਰ ਨਾਲ ਚੰਬੇੜ ਕੇ ਲੈ ਗਈ।

**ਮਿੰਟੂ ਬਰਾੜ ਆਸਟ੍ਰੇਲੀਆ**
+61 434 289 905

# ਸਬਰ ਦਾ ਫਲ ਮਿੱਠਾ ਹੁੰਦਾ ਹੈ ਤੇ ਸਿਆਣਾ ਕਾਂ ਪ੍ਰੇਰਨਾ ਦਾਇਕ ਪੁਸਤਕਾਂ

## ਜਿਲ੍ਹੇ ਭਰ ਦੇ ਪ੍ਰਾਇਮਰੀ ਸਕੂਲਾਂ ਨੂੰ ਮੁਫਤ ਦਿਤਾ ਜਾਵੇਗਾ ਪੁਸਤਕਾਂ ਦਾ ਇੱਕ ਸੈੱਟ

ਬਟਾਲਾ (ਨਰਿੰਦਰ ਬਰਨਾਲ)-ਜਿਲ੍ਹਾ ਭਲਾਈ ਕੌਸਲ ਗੁਰਦਾਸਪੁਰ ਦੀ ਚੇਅਰਪਰਸਨ, ਡਾ ਭਾਵਨਾ ਸੋਬਤ ਤ੍ਰਿਖਾ ਪਤਨੀ ਸ੍ਰੀ ਅਭਿਨਵ ਤ੍ਰਿਖਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਬਾਲ ਭਲਾਈ ਕੌਸਲ ਦੇ ਸੈਕਟਰੀ ਸ੍ਰੀ ਰਮੇਸ ਮਹਾਜਨ, ਜਿਲ੍ਹਾ ਸਿਖਿਆ ਅਫਸਰ ਸੰਕੈਡਰੀ ਸ੍ਰੀ ਅਮਰਦੀਪ ਸਿੰਘ ਸੈਣੀ, ਐਲਮੈਂਟਰੀ ਡੀ ਈ ਓ ਸ੍ਰੀ ਸਲਵਿੰਦਰ ਸਿੰਘ ਸਮਰਾ,ਜਿਲ੍ਹਾਂ ਗਾਈਡੈਂਸ ਕੌਸਲਰ ਪਰਮਿੰਦਰ ਸਿੰਘ ਸੈਣੀ,ਦੀ ਸਰਪ੍ਰਸਤੀ ਹੇਠ ਜਿਲ੍ਹਾਂ ਪੱਧਰ ਤੇ ਬਾਲ ਦਿਵਸ ਨਿਊ ਜਿਮਨੇਜੀਅਮ ਹਾਲ ਗੁਰਦਾਸਪੁਰ ਵਿਖੇ ਮਨਾਇਆ ਗਿਆ। ਜਿਸ ਵਿਚ ਜਿਲੇ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆ ਦੇ ਗੀਤ, ਗਰੁੱਖ ਡਾਂਸ, ਕਵਿਤਾ ਤੇ ਗਰੁਪ ਸੌਗ ਦੇ ਮੁਕਾਬਲੇ ਕਰਵਾਏ ਗਏ।ਇਸ ਮੌਕੇ ਡਾ ਭਾਵਨਾ ਸੋਬਤ ਤ੍ਰਿਖਾ ਵੱਲੋਂ ਲੈਕਚਰਾਰ ਸਤਿੰਦਰ ਕੌਰ ਸਰਕਾਰੀ ਸੀਨੀਅਰ ਸੰਕੈਡਰੀ ਧੁਪਸੜੀ ਸਕੂਲ ਦੀਆਂ ਪ੍ਰੇਰਨਾ ਤੇ ਸਿਖਿਆ ਦਾਇਕ ਕਹਾਣੀਆਂ ਦੀਆਂ ਦੋ ਪੁਸਤਕਾਂ ਸਿਆਣਾ ਕਾਂ ਤੇ ਸਬਰ ਦਾ ਫਲ ਮਿੱਠਾ ਹੁੰਦਾ ਹੈ , ਬੱਚਿਆਂ ਨੂੰ ਅਰਪਿਤ ਕੀਤੀਆਂ ਗਈਆਂ। ਇਸ ਮੌਕੇ ਲੈਕਚਰਾਰ ਸਤਿੰਦਰ ਕੌਰ ਨੇ ਕਿਹਾ ਕਿ ਉਹ ਇਕ ਸੈਟ ਜਿਲੇ ਦੇ ਸਾਰੇ ਪ੍ਰਾਇਮਰੀ



ਸਕੂਲਾਂ ਨੂੰ ਮੁਫਤ ਦੇਣਗੇ। ਚੇਅਰਪਰਸਨ ਸ੍ਰੀ ਡਾ ਭਾਂਵਨਾ ਵੱਲੋ ਲੈਚਕਰਾਰ ਸਤਿੰਦਰ ਕੌਰ ਦੇ ਇਸ ਕਾਰਜ ਦੀ ਸਲਾਘਾ ਕੀਤੀ ਗਈ। ਇਸ ਮੌਕੇ ਕੋਅਰਡੀਨੇਟਰ ਸਰਬਜੀਤ ਸਿੰਘ ਚੱਠਾ,ਲੈਕਚਰਾਰ ਜੋਧ ਸਿੰਘ,ਗੁਰਮੀਤ ਸਿੰਘ ਭੋਮਾ,ਸਮਸੇਰ ਸਿੰਘ ਕਾਹਲੋ ਭੋਲੇ ਕੇ, ਪ੍ਰਸਿਧ ਭੰਗੜਾ ਕੋਚ ਤੇ ਗਾਇਕ ਰਜਿੰਦਰ ਪਾਲੀ,ਸ੍ਰੀ ਮਤੀ ਸੁਖਵਿੰਦਰ ਕੌਰ,ਚਾਇਲਡ ਪ੍ਰੋਟੈਕਸਨ ਵਿਭਾਗ ਦੇ ਨੁਮਾਇੰਦੇ ਚਿਲਡਰਨ ਹੋਮ ਗੁਰਦਾਸਪੁਰ ਦੇ ਸਮੂਹ ਮੈਬਰ ਹਾਜ਼ਰ ਸਨ।

# ਸਰਬਤ ਖਾਲਸਾ ਤੋਂ ਪੰਜਾਬੀਆਂ ਖ਼ਾਸ ਤੌਰ ਤੇ ਸਿੱਖਾਂ ਨੇ ਕੀ ਖੱਟਿਆ ਤੇ ਕੀ ਗੁਆਇਆ?

ਪੰਜਾਬੀਆਂ ਨੇ ਸਰਬਤ ਖਾਲਸਾ ਤੋਂ ਕੀ ਖੱਟਿਆ ਅਤੇ ਕੀ ਗੁਆਇਆ ਹੈ? ਇਸ ਗੱਲ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਜਦੋਂ ਵੀ ਪੰਜਾਬ ਵਿਚ ਸਿੱਖ ਧਰਮ ਵਿਚ ਕੋਈ ਸੰਕਟ ਆਉਂਦਾ ਹੈ ਤਾਂ ਸਰਬਤ ਖਾਲਸਾ ਬੁਲਾਉਣ ਸੰਬੰਧੀ ਚਰਚਾਵਾਂ ਸ਼ੁਰੂ ਹੋ ਜਾਂਦੀਆਂ ਹਨ। ਪੰਜਾਬ ਦੇਸ਼ ਦੀ ਖੜਗਭੁਜਾ ਹੈ। ਇਸਨੇ ਗੁਲਾਮੀ ਦੇ ਮੌਕੇ ਅਤੇ ਦੇਸ਼ ਦੇ ਅਜ਼ਾਦ ਹੋਣ ਤੋਂ ਬਾਅਦ ਅੰਦਰੂਨੀ ਅਤੇ ਬੈਰੂਨੀ ਤਾਕਤਾਂ ਨਾਲ ਜੰਗਾਂ ਲੜੀਆਂ ਹਨ। ਬਾਬਰ ਦੇ ਹਮਲੇ ਨੂੰ ਤਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਵੰਗਾਰਿਆ ਸੀ। ਚੀਨ ਅਤੇ ਪਾਕਿਸਤਾਨ ਵਰਗੇ ਗੁਆਂਢੀ ਦੇਸ਼ਾਂ ਦੇ ਹਮਲਿਆਂ ਨੂੰ ਪੰਜਾਬੀਆਂ ਨੇ ਆਪਣੀ ਧਰਤੀ ਤੇ ਲੜਿਆ ਅਤੇ ਜਿੱਤ ਪ੍ਰਾਪਤ ਕੀਤੀ। ਜਦੋਂ ਚੀਨ ਨੇ ਭਾਰਤ ਤੇ ਹਮਲਾ ਕਰਕੇ ਪੰਚਸ਼ੀਲ ਦੀ ਮੁਹਿੰਮ ਦਾ ਉਲੰਘਣ ਕੀਤਾ ਤਾਂ ਉਦਾਸ ਹੋਏ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਉਦੋਂ ਦੇ ਪੰਜਾਬ ਦੇ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਨੇ ਅੰਮ੍ਰਿਤਸਰ ਬੁਲਾ ਕੇ ਪੰਜਾਬੀਆਂ ਨੇ ਹੌਸਲਾ ਹੀ ਨਹੀਂ ਦਿੱਤਾ ਸਗੋਂ ਦੁਸ਼ਮਣਾਂ ਨਾਲ ਲੜਨ ਲਈ ਮਣਾ ਮੂੰਹੀ ਸੋਨਾ ਪੰਜਾਬਣਾਂ ਨੇ ਆਪਣੇ ਗਹਿਣੇ ਲਾਹ ਕੇ ਦਿੱਤਾ। ਕੀ ਅੱਜ ਪੰਜਾਬ ਨੂੰ ਆਪਣੇ ਵਿਰਸੇ ਤੇ ਝਾਤ ਨਹੀਂ ਮਾਰਨੀ ਚਾਹੀਦੀ? ਅੱਜ ਦੇ ਹਾਲਾਤ ਅਤੇ ਸਰਬਤ ਖਾਲਸਾ ਦੇ ਅਜਿਹੇ ਫ਼ੈਸਲਿਆਂ ਲਈ ਕੌਣ ਕੌਣ ਜ਼ਿੰਮੇਵਾਰ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ ਵਿਚ ਸ਼ਾਂਤਮਈ ਧਰਨੇ ਤੇ ਬੈਠੇ 2 ਨਿਰਦੋਸ਼ ਨੌਜਵਾਨ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਏ। ਸਰਬਤ ਖਾਲਸਾ ਵਿਚ ਇੱਕ ਸ਼ਬਦ ਵੀ ਉਨ੍ਹਾਂ ਸੰਬੰਧੀ ਨਹੀਂ ਕਿਹਾ ਗਿਆ। ਇਸ ਸਵਾਲ ਤੇ ਵਿਚਾਰ ਕਰਨਾ ਬਣਦਾ ਹੈ। ਸਰਬਤ ਖਾਲਸਾ ਸਿਆਸਤ ਦੀ ਭੇਟ ਚੜ੍ਹ ਗਿਆ। ਇਸ ਸਰਬਤ ਖਾਲਸਾ ਵਿਚ ਲੋਕ ਵਰਤਮਾਨ ਸਰਕਾਰ ਦੇ ਵਿਰੋਧ ਕਰਕੇ ਆਏ ਸਨ। ਅਜਿਹੇ ਵਿਸਫੋਟਕ ਹਾਲਾਤ ਲਈ ਅਸੀਂ ਕਿਸੇ ਇੱਕ ਧਿਰ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ। ਇਸ ਹਾਲਾਤ ਦੇ ਅਸੀਂ ਸਾਰੇ ਪੰਜਾਬੀ ਖਾਸ ਤੌਰ ਤੇ ਸਿੱਖ ਜ਼ਿੰਮੇਵਾਰ ਹਨ। ਸਭ ਤੋਂ ਵੱਧ ਸਿੱਖ ਵਿਦਵਾਨਾ ਦਾ ਕਸੂਰ ਹੈ। ਉਹ ਹਰ ਮੌਕੇ ਆਪਸ ਵਿਚ ਹੀ ਉਲਝਦੇ ਰਹਿੰਦੇ ਹਨ। ਕੌਣ ਵੱਡਾ ਤੇ ਕੌਣ ਛੋਟਾ ਹੈ? ਸਿੱਖ ਜਗਤ ਨੂੰ ਅਗਵਾਈ ਦੇਣ ਵਿਚ ਕੋਤਾਹੀ ਕਰਦੇ ਹਨ। ਪੰਜਾਬ ਨੇ ਕਿਹੜਾ ਸੰਤਾਪ ਨਹੀਂ ਭੋਗਿਆ। ਪੰਜਾਬ ਪੁਲਿਸ, ਕਥਿਤ ਅਤਵਾਦੀਆਂ, ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਭਾਵੇਂ ਕੇਂਦਰ ਵਿਚ ਕਿਸੇ ਪਾਰਟੀ ਦੀ ਸਰਕਾਰ ਹੋਵੇ।

ਸਿੱਖਾਂ ਵਿਚ ਖਾਨਾਜੰਗੀ ਚਲਦੀ ਰਹੀ। ਗਰਮ ਖਿਆਲੀ ਨੌਜਵਾਨਾ ਦੇ ਧੜੇ ਆਪਸ ਵਿਚ ਹੀ ਲੜਦੇ ਭਿੜਦੇ ਮਰਦੇ ਮਾਰਦੇ ਰਹੇ, ਪ੍ਰੰਤੂ ਨੁਕਸਾਨ ਕਿਸਦਾ ਹੋਇਆ। ਨਾ ਪੰਜਾਬ ਸਰਕਾਰ, ਨਾ ਕੇਂਦਰ ਸਰਕਾਰ ਦਾ, ਜੇਕਰ ਨੁਕਸਾਨ ਹੋਇਆ ਤਾਂ ਪੰਜਾਬੀਆਂ ਖਾਸ ਤੌਰ ਤੇ ਸਿੱਖਾਂ ਦਾ ਹੋਇਆ। ਸਭ ਤੋਂ ਵੱਧ ਨੁਕਸਾਨ ਪੰਜਾਬੀ ਭਾਈਚਾਰੇ ਦਾ ਹੋਇਆ ਜਿਹੜਾ ਭਾਈਚਾਰਾ ਸਦੀਆਂ ਤੋਂ ਇੱਕ ਦੂਜੇ ਪ੍ਰਤੀ ਜਾਨ ਵਾਰਨ ਲਈ ਤਿਆਰ ਹੁੰਦਾ ਸੀ, ਅੱਜ ਉਨ੍ਹਾਂ ਦੇ ਮਨਾਂ ਵਿਚ ਸ਼ੱਕ ਦੀ ਸੂਈ ਘੁੰਮਦੀ ਹੈ। ਭਾਈਚਾਰੇ ਵਿਚ ਅਵਿਸ਼ਵਾਸ਼ ਦੇ ਹਾਲਾਤ ਪੈਦਾ ਹੋ ਗਏ। ਕੀ ਕਦੀਂ ਅਸੀਂ ਆਪਣੀ ਅੰਤਹਕਰਨ ਦੀ ਅਵਾਜ਼ ਸੁਣਨ ਲਈ ਤਿਆਰ ਹੋਵਾਂਗੇ ਵੀ ਜਾਂ ਕਥਿਤ ਗੁਪਤਚਰ ਏਜੰਸੀਆਂ ਦੇ ਝਾਂਸੇ ਵਿਚ ਆ ਕੇ ਭਰਾ ਮਾਰੂ ਖ਼ਾਨਾਜੰਗੀ ਜਾਰੀ ਰੱਖਾਂਗੇ? ਪੰਜਾਬੀਓ ਹੋਸ਼ ਤੋਂ ਕੰਮ ਲਓ। ਭੜਕਾਉਣ ਤੇ ਉਕਸਾਉਣ ਵਾ-ਲਿਆਂ ਦਾ ਕੁਝ ਨਹੀਂ ਵਿਗੜਨਾ ਪ੍ਰੰਤੂ ਤੁਹਾਡਾ ਕੁਝ ਨਹੀਂ ਬਚਣਾ। ਸੋਚੋ ਵਿਚਾਰੋ ਤੇ ਫੈਸਲਾ ਕਰੋ। ਲਾਈਲੱਗ ਨਾ ਬਣੋ, ਸੁਣੇ ਸੁਣਾਏ ਤੇ ਵਿਸ਼ਵਾਸ਼ ਨਾ ਕਰੋ। ਭਾਵਨਾਵਾਂ ਵਿਚ ਬਹਿ ਕੇ ਜੈਕਾਰੇ ਨਾ ਛੱਡ ਦਿਆ ਕਰੋ। ਹਰ ਗੱਲ ਦੀ ਤਹਿ ਤੱਕ ਜਾਇਆ ਕਰੋ। ਤੁਹਾਨੂੰ ਗੁਮਰਾਹ ਕੀਤਾ ਜਾ ਰਿਹਾ। ਤੁਹਾਡੇ ਵਿਚ ਬੈਠੇ ਗ਼ਦਾਰਾਂ ਤੋਂ ਬਚੋ, ਉਹ ਤੁਹਾਡੇ ਵਿਚ ਘੁਸ ਪੈਠ ਕਰ ਚੁੱਕੇ ਹਨ। ਗੁਰੂ ਗੋਬਿੰਦ ਸਿੰਘ ਨੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਕਿਹਾ ਸੀ। ਭਰਾਵਾਂ ਤੇ ਭਾਈਚਾਰੇ ਦਾ ਕਤਲ ਕਰਨ ਲਈ ਨਹੀਂ। ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਨੂੰ ਯਾਦ ਕਰੋ, ਜਿਹੜਾ ਮਹਾਰਾਸ਼ਟਰ ਤੋਂ ਚਲਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਗਿਆ। ਗ਼ਦਾਰਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਤੇ ਵੀ ਉਂਗਲਾਂ ਉਠਾਉਣ ਦੀ ਕੋਸ਼ਿਸ਼ ਕੀਤੀ ਸੀ। ਸਚਾਈ ਇੱਕ ਦਿਨ ਸਾਹਮਣੇ ਆ ਹੀ ਜਾਂਦੀ ਹੈ। ਪੰਜਾਬ ਵਿਚੋਂ ਉਦੋਂ ਕਿਸੇ ਸਿੰਘ ਨੇ ਮਾਤਾ ਗੁਜਰੀ ਅਤੇ ਸਾਹਿਬਜਾਦਿਆਂ ਦੀ ਕੁਰਬਾਨੀ ਦਾ ਬਦਲਾ ਲੈਣ ਲਈ ਕਿਉਂ ਨਹੀਂ ਹੌਸਲਾ ਕੀਤਾ? ਗੁਰੂ ਤੇ ਤਾਂ ਅਸੀਂ ਆਪਣਾ ਕਬਜਾ ਸਮਝਦੇ ਹਾਂ। ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਸ਼ਲਾਘਾ ਕਰਦੇ ਹਾਂ। ਮਾਤਾ ਗੁਜਰੀ ਨੂੰ ਪ੍ਰਣਾਮ ਕਰਦੇ ਹਾਂ, ਕਿਥੇ ਸੀ ਅਸੀਂ ਜਦੋਂ ਗੁਰੂ ਦੇ ਪਰਿਵਾਰ ਨਾਲ ਅਨਿਆਂ ਹੋ ਰਿਹਾ ਸੀ। ਭਰਾਵੋ ਆਪਣੀ ਲਿਆਕਤ ਤੋਂ ਕੰਮ ਲਵੋ, ਮੈਂ ਇਹ ਨਹੀਂ ਕਹਿੰਦਾ ਕਿ ਸਰਕਾਰ ਜਾਂ ਸ਼ਰੋਮਣੀ ਪ੍ਰਬੰਧਕ ਕਮੇਟੀ ਗ਼ਲਤ ਨਹੀਂ ਕਰ ਰਹੀ। ਉਹ ਗ਼ਲਤ ਕਰ ਰਹੇ ਹਨ, ਇਸ ਦੀ ਵੀ ਸਾਡੀ ਜ਼ਿੰਮੇਵਾਰੀ ਹੈ। ਅਸੀਂ ਵੋਟਾਂ ਨਾਲ ਕਿਉਂ ਨਹੀਂ ਬਦਲਾ ਲੈ ਸਕਦੇ। ਗ਼ਲਤ ਕੰਮ ਨੂੰ ਗ਼ਲਤੀ ਕਰਕੇ ਠੀਕ ਕਰਨ ਦੀ ਕੋਸ਼ਿਸ਼ ਕਰਨਾ ਜਾਇਜ ਨਹੀਂ। ਲੋਕਤੰਤਰਿਕ ਢਾਂਚੇ ਵਿਚ ਆਪਣੇ ਵੋਟ ਦਾ ਅਧਿਕਾਰ ਵਰਤੋ। ਅਜਿਹੇ ਮੈਂਬਰ ਕਿਉਂ ਚੁਣਦੇ ਹੋ, ਜਿਹੜੇ ਗੁਰਮੁਖ ਨਹੀਂ ਹਨ ਅਤੇ ਗੁਰਮਤਿ ਅਨੁਸਾਰ ਕੰਮ ਨਹੀਂ ਕਰਦੇ? ਲਾਲਚ, ਪੈਸਾ, ਭੁੱਕੀ ਅਤੇ ਹੋਰ ਅਨੈਤਿਕ ਗੱਲਾਂ ਤੋਂ ਖਹਿੜਾ ਛੁਡਾਕੇ ਸਿਆਣਿਆਂ ਅਤੇ ਇਮਾਨਦਾਰਾਂ ਨੂੰ ਚੁਣੋਂ ਅਤੇ ਫਿਰ ਵੇਖੋ ਕੀ ਨਤੀਜੇ ਨਿਕਲਦੇ ਹਨ। ਖ਼ੁਦਗਰਜ ਲੀਡਰਾਂ ਤੇ ਵਿਸ਼ਵਾਸ ਨਾ ਕਰੋ, ਸਾਰੇ ਤੁਹਾਡੀਆਂ ਭਾਵਨਾਵਾਂ ਨਾਲ ਖੇਡ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਤੁਹਾਡੇ ਅਧਿਕਾਰ ਅਸੀਮ ਹਨ, ਤੁਸੀਂ ਉਨ੍ਹਾਂ ਤੇ ਪਹਿਰਾ ਨਹੀਂ ਦਿੰਦੇ , ਚੰਦ ਲੰਮਿਆਂ ਦਾ ਆਨੰਦ ਮਾਨਣ ਲਈ ਆਪਣੀ ਹੋਸ਼ ਗੁਆ ਕੇ ਗ਼ਲਤ ਵਿਅਕਤੀਆਂ ਨੂੰ ਚੁਣ ਲੈਂਦੇ ਹੋ। ਹੁਣ ਵਾਰ ਵਾਰ ਕਹਿੰਦੇ ਹੋ ਕਿ ਸਰਕਾਰ ਮਾੜੀ ਹੈ। ਜ਼ਿਆਦਤੀਆਂ ਕਰ ਰਹੀ ਹੈ, ਭਰਿਸ਼ਟਾਚਾਰੀ ਹੈ, ਜ਼ੋਰ ਜਬਰਦਸਤੀ ਕਰਦੀ ਹੈ। ਪਾਰਦਰਸ਼ਤਾ ਨਾਂ ਦੀ ਕੋਈ ਚੀਜ਼ ਨਹੀਂ। ਧਰਮ ਕਰਮ ਦਾ ਡਰ ਨਹੀਂ। ਇਹ ਸਰਕਾਰ ਚੁਣੀ ਤਾਂ ਤੁਸੀਂ ਹੀ ਹੈ, ਤੁਸੀਂ ਮਾੜੇ ਲੋਕਾਂ ਨੂੰ ਕਿਉਂ ਚੁਣਦੇ ਹੋ? ਹਰ ਪੰਜ ਸਾਲ ਬਾਅਦ ਤੁਸੀਂ ਇਨ੍ਹਾਂ ਨੂੰ ਬਦਲ ਸਕਦੇ ਹੋ ਪ੍ਰੰਤੂ ਇਹ ਧਿਆਨ ਰੱਖਿਓ ਕਿ ਫਿਰ ਕੋਈ ਅਜਿਹੇ ਲੋਕ ਨਾ ਚੁਣਨ ਦੀ ਭੁਲ ਕਰ ਲੈਣਾ, ਜਿਹੜੇ ਵਰਤਮਾਨ ਨੇਤਾਵਾਂ ਦੀ ਤਰ੍ਹਾਂ ਗ਼ਲਤ ਕੰਮ ਕਰਨ ਲੱਗ ਜਾਣ, ਕਿਤੇ ਖੂਹ ਵਿਚੋਂ ਨਿਕਲ ਕੇ ਖਾਈ ਵਿਚ ਡਿਗ ਪਵੋ। ਸਿਆਸਤਦਾਨਾ ਵਿਚ ਨਿਘਾਰ ਆ ਗਿਆ ਹੈ। ਇੱਕ ਹੋਰ ਗੱਲ ਪਰਵਾਸੀ ਵੀਰਾਂ ਅਤੇ ਭੈਣਾਂ ਨੂੰ ਕਹਿਣੀ ਚਾਹੁੰਦਾ ਹਾਂ। ਤੁਸੀਂ ਬੜੇ ਸਿਆਣੇ ਹੋ, ਪੰਜਾਬੀਆਂ ਨਾਲੋਂ ਜ਼ਿਆਦਾ ਧਾਰਮਿਕ ਲੱਗਦੇ ਹੋ, ਕਾਨੂੰਨ ਦੇ ਪਾਬੰਦ ਹੋ, ਖ਼ੁਸ਼ਹਾਲ ਹੋ, ਤੁਹਾਡੇ ਕੋਲ ਪੈਸੇ ਵੀ ਹਨ, ਜਿਸ ਵੀ ਦੇਸ਼ ਵਿਚ ਰਹਿੰਦੇ ਹੋ ਉਥੋਂ ਦੇ ਹਰ ਕਾਨੂੰਨ ਅਨੁਸਾਰ ਕੰਮ ਕਰਦੇ ਤੇ ਵਿਚਰਦੇ ਹੋ। ਕਦੀਂ ਵੀ ਕਾਨੂੰਨ ਦੀ ਉਲੰਘਣਾ ਕਰਨ ਦੀ ਹਿੰਮਤ ਨਹੀਂ ਕਰਦੇ। ਗੁਰਮੁਖ ਪਿਆਰਿਓ ਫਿਰ ਪੰਜਾਬ ਵਿਚ ਆਪਣੇ ਭੈਣਾਂ ਭਰਾਵਾਂ ਨੂੰ ਅਜਿਹਾ ਕਰਨ ਲਈ ਉਕਸਾਉਣ ਦੀ ਕੋਸ਼ਿਸ਼ ਕਿਉਂ ਕਰਦੇ ਹੋ, ਇੰਝ ਨਾ ਕਰੋ। ਏਥੇ ਤੁਹਾਡੇ ਵਰਗਾ ਰਾਜ ਨਹੀਂ, ਇਥੇ ਤੁਹਾਡੇ ਭੈਣਾਂ ਭਰਾਵਾਂ ਤੇ ਸਰਕਾਰੀ ਤੰਤਰ ਦੀਆਂ ਜ਼ਿਆਦਤੀਆਂ ਸ਼ੁਰੂ ਹੋ ਜਾਂਦੀਆਂ ਹਨ। ਉਨ੍ਹਾਂ ਦਾ ਜੀਣਾ ਦੁੱਭਰ ਹੋ ਜਾਂਦਾ ਹੈ। ਕ੍ਰਿਪਾ ਕਰਕੇ ਪੰਜਾਬੀਆਂ ਨੂੰ ਪੰਜਾਬ ਵਿਚ ਸ਼ਾਂਤੀ ਤੇ ਸਦਭਾਵਨਾ ਦਾ ਮਾਹੌਲ ਕਾਇਮ ਰੱਖਣ ਦੀ ਪ੍ਰੇਰਨਾ ਕਰੋ, ਸਬਰ ਸੰਤੋਖ ਤੇ ਚਲਣ ਲਈ ਕਹੋ। ਪੰਜਾਬੀ ਤੁਹਾਡੇ ਆਪਣੇ ਸਾਕ ਸੰਬੰਧੀ, ਦੋਸਤ ਮਿੱਤਰ, ਭੈਣ ਭਰਾ ਹਨ, ਆਪਣਿਆਂ ਦਾ ਭਲਾ ਸੋਚਣਾ ਤੁਹਾਡਾ ਫਰਜ ਹੈ। ਤੁਹਾਡੀ ਹੱਲਾਸ਼ੇਰੀ ਨਾਲ ਇਹ ਸ਼ੇਰ ਬਣ ਜਾਂਦੇ ਹਨ। ਸ਼ੇਰ ਬਣਨਾ ਕੋਈ ਗ਼ਲਤ ਗੱਲ ਨਹੀਂ ਪ੍ਰੰਤੂ ਕੰਮ ਗ਼ਲਤ ਨਹੀਂ ਹੋਣਾ ਚਾਹੀਦਾ। ਭਾਵਨਾਵਾਂ ਵਿਚ ਵਹਿਣ ਨਾਲ ਕਈ ਵਾਰ ਅਮਨ ਕਾਨੂੰਨ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ।


ਉਜਾਗਰ ਸਿੰਘ
94178 13072

10 ਨਵੰਬਰ 2015 ਨੂੰ ਅੰਮ੍ਰਿਤਸਰ ਦੇ ਚੱਬਾ ਪਿੰਡ ਵਿਚ ਪੰਥਕ ਜਥੇਬੰਦੀਆਂ ਅਤੇ ਕੁਝ ਕੁ ਅਕਾਲੀ ਦਲਾਂ ਨੇ ਰਲਕੇ ਪੰਥਕ ਇਕੱਠ ਕੀਤਾ, ਜਿਸ ਨੂੰ ਸਰਬਤ ਖਾਲਸਾ ਦਾ ਨਾਂ ਦਿੱਤਾ ਗਿਆ। ਆਪਾਂ ਇਸ ਗੱਲ ਵਿਚ ਨਹੀਂ ਪੈਂਦੇ ਕਿ ਇਹ ਪੰਥਕ ਇਕੱਠ ਸੀ ਜਾਂ ਸਰਬਤ ਖਾਲਸਾ। ਅਸਲ ਵਿਚ ਪਿਛੇ ਜਿਹੇ ਪੰਜਾਬ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਵਿਰੋਧ ਅਤੇ ਇਨ੍ਹਾਂ ਘਟਨਾਵਾਂ ਦੀਆਂ ਪ੍ਰਤੀਕ੍ਰਿਆਵਾਂ ਵਿਰੁਧ ਰੋਸ ਪ੍ਰਗਟ ਕਰਨ ਲਈ ਸਿੱਖਾਂ ਦਾ ਇਕੱਠ ਸੀ। ਅਜਿਹੇ ਇਕੱਠ ਕਰਕੇ ਰੋਸ ਪ੍ਰਗਟ ਕਰਨਾ ਜਾਂ ਵਿਚਾਰ ਵਟਾਂਦਰਾ ਕਰਨਾ ਜਿਸਨੂੰ ਸੰਬਾਦ ਵੀ ਕਿਹਾ ਜਾ ਸਕਦਾ ਚੰਗੀ ਗੱਲ ਹੈ, ਸੰਬਾਦ ਵਿਚੋਂ ਚੰਗੇ ਨਤੀਜੇ ਨਿਕਲ ਸਕਦੇ ਹਨ, ਪ੍ਰੰਤੂ ਪ੍ਰਬੰਧਕਾਂ ਅਤੇ ਲੋਕਾਂ ਦੀ ਭਾਵਨਾ ਅਤੇ ਨੀਅਤ ਸਾਫ਼ ਹੋਣੀ ਚਾਹੀਦੀ ਹੈ। ਜਿਵੇਂ ਪਹਿਲਾਂ ਕਿਹਾ ਗਿਆ ਸੀ ਕਿ ਇਸ ਸਰਬਤ ਖਾਲਸਾ ਵਿਚ ਸਿੱਖਾਂ ਦੇ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦੀ ਪ੍ਰਣਾਲੀ ਬਾਰੇ ਸੰਬਾਦ ਕੀਤਾ ਜਾਵੇਗਾ ਤਾਂ ਜੋ ਜਥੇਦਾਰ ਆਪਣੇ ਅਧਿਕਾਰ ਸਹੀ ਢੰਗ ਨਾਲ ਨਿਰਪੱਖ ਹੋ ਕੇ ਬਿਨਾ ਕਿਸੇ ਦੀ ਦਖ਼ਲਅੰਦਾਜੀ ਦੇ ਵਰਤ ਸਕਣ। ਪਹਿਲੀ ਗੱਲ ਤਾਂ ਇਹ ਹੈ ਕਿ ਪ੍ਰਮੁੱਖ ਰਾਗੀ, ਕੀਰਤਨੀਏਂ ਜਿਨ੍ਹਾਂ ਵਿਚ ਰਣਜੀਤ ਸਿੰਘ ਢਡਰੀਆਂ ਵਾਲਾ, ਦਲੇਰ ਸਿੰਘ, ਪੰਥਪ੍ਰੀਤ ਸਿੰਘ ਅਤੇ ਪਿੰਦਰਪਾਲ ਸਿੰਘ ਇਸ ਸਰਬਤ ਖਾਲਸਾ ਵਿਚ ਸ਼ਾਮਲ ਹੀ ਨਹੀਂ ਹੋਏ, ਜਿਸ ਤੋਂ ਪੰਥ ਵਿਚ ਫੁੱਟ ਦੇ ਸੰਕੇਤ ਮਿਲ ਗਏ, ਉਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਇਸ ਸਮਾਗਮ ਵਿਚ ਕੀ ਐਲਾਨ ਹੋਣਾ ਹੈ। ਪ੍ਰੰਤੂ ਇਸ ਪਲੇਟਫਾਰਮ ਦੀ ਗ਼ਲਤ ਵਰਤੋਂ ਹੋਣ ਲੱਗ ਪਈ, ਹਰ ਬੁਲਾਰਾ ਸਿਰਫ ਤੇ ਸਿਰਫ ਵੱਖਵਾਦ ਦੀ ਗੱਲ ਕਰਨ ਲੱਗ ਪਿਆ। ਜੇਕਰ ਅਸੀਂ ਭਾਰਤ ਵਿਚ ਰਹਿਣਾ ਹੈ ਤਾਂ ਭਾਰਤ ਦੇ ਨਾਗਰਿਕ ਬਣਕੇ ਰਹਿਣਾ ਚਾਹੀਦਾ ਹੈ। ਭੜਕਾਊ ਅਤੇ ਉਕਸਾਊ ਗੱਲਾਂ ਦਾ ਪ੍ਰਭਾਵ ਆਮ ਸਿੱਖਾਂ ਤੇ ਪੈਂਦਾ ਹੈ ਜਿਨ੍ਹਾਂ ਨੇ ਅਜਿਹੀ ਸਿਆਸਤ ਤੋਂ ਕੁਝ ਵੀ ਲੈਣਾ ਦੇਣਾ ਨਹੀਂ। ਜਿਹੜੇ ਜਥੇਦਾਰ ਬਣਾਏ ਗਏ ਹਨ, ਉਨ੍ਹਾਂ ਦੀ ਕਾਬਲੀਅਤ ਤੇ ਸ਼ੰਕੇ ਐਲਾਨ ਮੌਕੇ ਹੀ ਵਿਰੋਧ ਵੱਜੋਂ ਖੜ੍ਹੇ ਹੋ ਗਏ। ਸਟੇਜ ਤੋਂ ਹੀ ਕੁਝ ਵਿਅਕਤੀਆਂ ਨੇ ਵਿਰੋਧ ਪ੍ਰਗਟ ਕੀਤਾ। ਪੰਜਾਬੀ ਤਾਂ ਪਹਿਲਾਂ ਹੀ ਬਹੁਤ ਸੰਤਾਪ ਹੰਢਾ ਚੁੱਕੇ ਹਨ। ਰੱਬ ਦਾ ਵਾਸਤਾ ਸਿਆਸਤ ਕਰਕੇ ਪੰਜਾਬੀਆਂ ਦੇ ਗਲ ਮਰਿਆ ਸੱਪ ਨਾ ਪਾਓ। ਪਹਿਲਾਂ ਹੀ ਪੰਜਾਬ ਤੋਂ ਬਾਹਰ ਪੰਜਾਬੀਆਂ ਦਾ ਆਉਣਾ ਜਾਣਾ ਸ਼ੱਕੀ ਦੇ ਤੌਰ ਤੇ ਵੇਖਿਆ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਬਹੁਤ ਸਾਰੇ ਸਾਡੇ ਪਰਵਾਸੀ ਵੀਰ ਪਹਿਲਾਂ ਹੀ ਕਾਲੀ ਸੂਚੀ ਵਿਚ ਦਰਜ ਹੋਣ ਕਰਕੇ ਪੰਜਾਬ ਆ ਨਹੀਂ ਸਕਦੇ। ਅਸੀਂ ਤਾਂ ਉਸ ਸੂਚੀ ਨੂੰ ਖ਼ਤਮ ਕਰਵਾਉਣ ਦੇ ਉਪਰਾਲੇ ਕਰੀਏ, ਹੋਰ ਸੂਚੀ ਨਾ ਬਣਵਾਈਏ। ਨਤੀਜਾ ਕੀ ਨਿਕਲਿਆ? ਦੇਸ਼ ਧਰੋਹੀ ਦੇ ਕੇਸ ਦਰਜ ਹੋ ਗਏ, ਇਨ੍ਹਾਂ ਵਿਚ ਕੁ? ਪਰਵਾਸੀ ਵੀਰ ਵੀ ਸ਼ਾਮਲ ਹਨ। ਸਰਬਤ ਖਾਲਸਾ ਦੇ ਪ੍ਰਬੰਧਕ ਅਤੇ ਨਿਯੁਕਤ ਜਥੇਦਾਰ ਗ੍ਰਿਫ਼ਤਾਰ ਕਰ ਲਏ ਗਏ। ਹੁਣ ਨੌਜਵਾਨ ਗੁਮਰਾਹ ਹੋਣਗੇ। ਵਾਦ ਵਿਵਾਦ ਹੋਵੇਗਾ। ਜਲਸੇ ਮੁਜ਼ਾਹਰੇ, ਧਰਨੇ ਅਤੇ ਬੰਦ ਹੋਣਗੇ, ਪੰਜਾਬ ਦੀ ਆਰਥਿਕਤਾ ਨੂੰ ਢਾਹ ਲਗੇਗੀ। ਕੀ ਖੱਟਾਂਗੇ ਸਮਝ ਤੋਂ ਬਾਹਰ ਹੈ। ਹਵਾਈ ਅੱਡਿਆਂ ਤੇ ਸਿੱਖਾਂ ਨੂੰ ਹਮੇਸ਼ਾ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਭਰਾਵੋ ਪੰਜਾਬੀਆਂ ਤੇ ਤਰਸ ਕਰੋ।

ਇਸ ਸਾਰੀ ਪਰੀਚਰਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਗ਼ਲਤੀ ਵਿਚ ਸੋਧ ਕਰਵਾਉਣ ਲਈ ਪਰਜਾਤੰਤਰਿਕ ਢੰਗ ਦੀ ਵਰਤੋਂ ਕਰੀਏ ਅਤੇ ਪੰਜਾਬ ਵਿਚ ਸਦਭਾਵਨਾ ਦਾ ਮਾਹੌਲ ਕਾਇਮ ਰੱਖਣ ਵਿਚ ਆਪੋ ਆਪਣਾ ਯੋਗਦਾਨ ਪਾਈਏ। ਇਸ ਤੋਂ ਇਲਾਵਾ ਚੋਣਾਂ ਦੌਰਾਨ ਲਾਲਚ, ਫਰੇਬ ਤੋਂ ਖਹਿੜਾ ਛੁਡਾ ਕੇ ਗੁਰਮੁਖ ਵਿਅਕਤੀਆਂ ਨੂੰ ਅੱਗੇ ਲਿਆਈਏ ਤਾਂ ਜੋ ਪ੍ਰਸ਼ਾਸ਼ਨ ਵਿਚ ਪਾਰਦਰਸ਼ਤਾ ਲਿਆਕੇ ਸਾਫ ਸੁਥਰਾ ਪ੍ਰਸ਼ਾਸ਼ਨ ਸਥਾਪਤ ਕਰ ਸਕੀਏ। ਸਹੀ ਚੋਣ ਸਾਰੇ ਮਸਲੇ ਹਲ ਕਰਨ ਵਿਚ ਸਹਾਈ ਹੋ ਸਕਦੀ ਹੈ।

## ਉਜਾਗਰ ਸਿੰਘ ਦੀ ਪੁਸਤਕ "ਸਮਕਾਲੀਨ ਸਮਾਜ ਅਤੇ ਸਿਆਸਤ" ਲੋਕ ਅਰਪਣ

ਪਟਿਆਲਾ- ਨੈਸ਼ਨਲ ਪ੍ਰੈਸ ਦਿਵਸ ਦੇ ਮੌਕੇ ਤੇ ਪਟਿਆਲਾ ਮੀਡੀਆ ਕਲੱਬ ਵੱਲੋਂ ਆਯੋਜਤ ਖ਼ੂਨ ਦਾਨ ਕੈਂਪ ਦੇ ਮੌਕੇ ਤੇ ਉਜਾਗਰ ਸਿੰਘ ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਦੀ ਪੁਸਤਕ "ਸਮਕਾਲੀਨ ਸਮਾਜ ਅਤੇ ਸਿਆਸਤ" ਸੀਨੀਅਰ ਕਾਂਗਰਸੀ ਨੇਤਾ ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ, ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਅਤੇ ਮੈਂਬਰ ਲੋਕ ਸਭਾ ਅੰਮ੍ਰਿਤਸਰ ਵਲੋਂ ਅੱਜ ਪਟਿਆਲਾ ਵਿਖੇ ਮੀਡੀਆ ਕਲੱਬ ਦੇ ਦਫਤਰ ਵਿਚ ਲੋਕ ਅਰਪਣ ਕੀਤੀ ਗਈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਤੇ ਉਜਾਗਰ ਸਿੰਘ ਨੂੰ



ਵਧਾਈ ਦਿੰਦਿਆਂ ਕਿਹਾ ਕਿ ਵਰਤਮਾਨ ਸਮਾਜ ਵਿਚ ਆਈਆਂ ਕੁਰੀਤੀਆਂ ਅਤੇ ਚਲੰਤ ਲੋਕ ਮਸਲਿਆਂ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰਕੇ ਉਜਾਗਰ ਸਿੰਘ ਨੇ ਚੰਗਾ ਉਦਮ ਕੀਤਾ ਹੈ ਤਾਂ ਜੋ ਲੋਕਾਂ ਨੂੰ ਜਾਗ੍ਰਿਤ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਆਪਣੇ ਤਜਰਬੇ ਦਾ ਲਾਭ ਆਮ ਜਨਤਾ ਨੂੰ ਦੇਣਾ ਸੁਚਾਰੂ ਕਾਰਵਾਈ ਹੈ। ਉਜਾਗਰ ਸਿੰਘ ਦੀ 2007 ਵਿਚ 33 ਸਾਲ ਦੀ ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਤੋਂ ਬਾਅਦ ਇਹ ਛੇਵੀਂ ਪੁਸਤਕ ਹੈ। ਇਸ ਪੁਸਤਕ ਵਿਚ ਚਲੰਤ ਮਸਲੇ, ਭਾਸ਼ਾ, ਸਾਹਿਤ, ਧਾਰਮਿਕ, ਆਰਥਿਕ, ਸਿਆਸੀ ਅਤੇ ਸਮਾਜਿਕ ਵਿਸ਼ਿਆਂ ਤੇ ਲਿਖੇ ਗਏ 54 ਆਲੋਚਨਾਤਮਿਕ ਲੇਖ ਸ਼ਾਮਲ ਕੀਤੇ ਗਏ ਹਨ। ਇਸ ਮੌਕੇ ਤੇ ਸਾਬਕਾ ਸੀਨੀਅਰ ਡਿਪਟੀ ਮੇਅਰ ਨਗਰ ਨਿਗਮ ਪਟਿਆਲਾ, ਪ੍ਰੈਸ ਕਲੱਬ ਦੇ ਪ੍ਰਧਾਨ ਰਵੇਲ ਸਿੰਘ ਭਿੰਡਰ ਅਤੇ ਹੋਰ ਅਹੁਦੇਦਾਰ ਵੀ ਮੌਜੂਦ ਸਨ।

## ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆ, ਦੀ ਸਾਲਾਨਾ ਕਾਨਫੰਸ 29 ( ਐਤਵਾਰ) ਨਵੰਬਰ ਨੂੰ

ਇਹ ਕਾਨਫਰੰਸ ਮਿਤੀ 29 ( ਐਤਵਾਰ) ਨਵੰਬਰ, 2015 ਨੂੰ ਫਰੈਜ਼ਨੋ ਵਿਖੇ ਿਨਦਆਿੰ ਇਨ, (3035 ੱ। ਓਸਹਲਅਨ ਓਵਣ।) ਰੈਸਟੋਰੈਂਟ, ਵਿਚ ਹੋ ਰਹੀ ਹੈ। ਇਸ ਵਿਚ ਬਾਬਾ ਫਰੀਦ ਜੀ ਦੀ ਬਾਣੀ ਬਾਰੇ ਪੇਪਰ ਪੜ੍ਹਿਆ ਜਾਵੇਗਾ। ਮਸ਼ਹੂਰ ਕਲਾਸੀਕਲ ਗਾਇਕ ਸੁਖਦੇਵ ਸਾਹਿਲ ਬਾਬ ਫਰੀਦ ਜੀ ਦੀ ਬਾਣੀ ਦਾ ਗਾਇਨ ਕਰਨਗੇ, ਅਤੇ ਅਕੈਡਮੀ ਦੇ ਕਵੀਆਂ ਦੀਆਂ ਚੋਣਵੀਆਂ ਰਚਨਾਵਾਂ ਪੇਸ਼ ਕਰਨਗੇ। ਸਥਾਨਿਕ ਗਾਇਕ ਧਰਮਵੀਰ ਥਾਂਦੀ ਵੀ ਆਪਣੇ ਕਲਾਮ ਨਾਲ ਸਰੋਤਿਆ ਦਾ ਮਨੋਰੰਜਨ ਕਰਨਗੇ। ਕਵੀ ਦਰਬਾਰ ਹੋਵੇਗਾ ਅਤੇ ਆਕਾਡਮੀ ਦੇ ਮੈਂਬਰਾਂ ਦੀਆਂ ਪੁਸਤਕਾਂ ਦੀ ਪ੍ਰਦਰਸ਼ਣੀ ਲਾਈ ਜਾਵੇਗੀ।ਕੁਝ ਨਵੀਆਂ ਪੁਸਤਕਾਂ ਦੀ ਮੂੰਹ ਦਿਖਾਈ ਕੀਤੀ ਜਾਵੇਗੀ। ਸਮਾਗਮ 11.00 ਤੋਂ 5.00 ਵਜੇ ਤੱਕ ਚੱਲੇਗਾ। ਚਾਹ ਪਾਣੀ ਅਤੇ ਲੰਗਰ ਅਟੁੱਟ ਵਰਤੇਗਾ। ਮੀਟਿੰਗ ਦਾ ਪੂਰਾ ਅਜੰਡਾ ਅਗਲੇ ਹਫਤੇ ਛਾਪਿਆ ਜਾਵੇਗਾ।

ਡਾ. ਗੁਰੂਮੇਲ ਸਿੱਧੂ, ਪ੍ਰਧਾਨ

ਸੰਪਰਕ: ਸਕੱਤਰ: ਹਰਜਿੰਦਰ ਕੰਗ (559) 917-4890), ਸਾਹਿਤ ਸਕੱਤਰ: ਅਵਤਾਰ ਗੋਂਦਾਰਾ (559) 375-2589), ਕੁਲਵਿੰਦਰ: ਸਹਾਇਕ ਪ੍ਰਧਾਨ (510) 367-2090, ਸਹਾਇਕ ਸਕੱਤਰ : ਜਗਜੀਤ ਨੌਸ਼ਹਿਰਵੀ (510) 676-1565)


ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD

ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

# A & S

## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

Ph: 916-238-4431

649 W. Elkhorn Blvd. Suite B2

Rio Linda, CA 95673

# Continental

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।


ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Truck, Trailer Repair & Tyre Servicse

Bhajji Gill (510-277-6315)

Chain Gill 510-542-1181

42400 Boyce Rd., Unite F, Fremont, CA 94538



FREE WiFi

Ram Gopal

# Annabelle's

Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

## Annabelle's Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer & Wine!




Varieties of Video Games Available

Variety of Sandwiches are also available

FREE WiFi

Ram Gopal (916) 448-6239

200 "J" Street, Sacramento, CA 95814

ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰ॥ ਮੈਂ ਰਾਮ ਨਾਮ ਧਨ ਲਾਦਿਆ ਬਿਖ ਲਾਦੀ ਸੰਸਾਰਿ॥



ਭਵਿੱਖ ਵਿਚ ਉਸਾਰੀ ਜਾਣ ਵਾਲੀ ਬਿਲਡਿੰਗ ਦਾ ਇਕ ਮਾਡਲ

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ

## ਸੈਕਰਾਮੈਂਟੋ (ਕੈਲੀਫੋਰਨੀਆ) ਵਿਖੇ

## ਆਉਣ ਵਾਲੇ ਸਮੇਂ ਵਿਚ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਹਨ ਜੀ

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

### ਪ੍ਰੋਗਰਾਮਾਂ ਦਾ ਵੇਰਵਾ



### ਸਵਾਮੀ ਮਹਾਂਰਿਸ਼ੀ ਵਾਲਮੀਕ ਮਹਾਰਾਜ ਜੀ ਦਾ ਜਨਮ ਦਿਹਾੜਾ

ਸਵਾਮੀ ਮਹਾਂਰਿਸ਼ੀ ਵਾਲਮੀਕ ਮਹਾਰਾਜ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ 20 ਨਵੰਬਰ 2015 ਸ਼ੁੱਕਰਵਾਰ ਸਵੇਰੇ 10 ਵਜੇ ਭੋਗ 22 ਨਵੰਬਰ 2015 ਐਤਵਾਰ 10 ਵਜੇ

ਉਪਰੰਤ ਧਾਰਮਿਕ ਦੀਵਾਨ ਹੋਣਗੇ

**ਸੇਵਾ: ਸਮੂਹ ਸੰਗਤ ਤੇ ਗੁਰਦੁਆਰਾ ਪ੍ਰਬੰਧਕੀ ਕਮੇਟੀ**



### ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ 27 ਨਵੰਬਰ 2015 ਸ਼ੁੱਕਰਵਾਰ ਸਵੇਰੇ 10 ਵਜੇ ਭੋਗ 29 ਨਵੰਬਰ 2015 ਐਤਵਾਰ 10 ਵਜੇ।

ਉਪਰੰਤ ਕੀਰਤਨ ਦੀਵਾਨ ਹੋਣਗੇ।

**ਸੇਵਾ: ਸਮੂਹ ਸੰਗਤ ਤੇ ਗੁਰਦੁਆਰਾ ਪ੍ਰਬੰਧਕੀ ਕਮੇਟੀ**



### ਭਾਈ ਜੈਤਾ ਜੀ (ਸ਼ਹੀਦ ਭਾਈ ਜੀਵਨ ਸਿੰਘ) ਜੀ ਦਾ ਸ਼ਹੀਦੀ ਦਿਹਾੜਾ

ਭਾਈ ਜੈਤਾ ਜੀ (ਸ਼ਹੀਦ ਭਾਈ ਜੀਵਨ ਸਿੰਘ ਜੀ) ਦਾ ਸ਼ਹੀਦੀ ਦਿਹਾੜੇ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ 04 ਦਸੰਬਰ 2015 ਸ਼ੁੱਕਰਵਾਰ ਸਵੇਰੇ 10 ਵਜੇ, ਭੋਗ 06 ਦਸੰਬਰ 2015 ਐਤਵਾਰ 10 ਵਜੇ। ਉਪਰੰਤ ਭਾਈ ਜਸਵੰਤ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕੀਰਤਨ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸੇਵਾ- ਪ੍ਰਦੀਪ ਕੁਮਾਰ ਅਤੇ ਪਰਿਵਾਰ ਅਤੇ ਰਾਜ ਕੁਮਾਰ ਸੂਦ ਅਤੇ ਪਰਿਵਾਰ**

### ਨਵੇਂ ਸਾਲ ਦੀ ਖੁਸ਼ੀ ਵਿਚ ਕੀਰਤਨ ਦੀਵਾਨ

ਨਵੇਂ ਸਾਲ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ 29 ਦਸੰਬਰ 2015 ਮੰਗਲਵਾਰ ਸਵੇਰ 10 ਵਜੇ। ਭੋਗ 31 ਦਸੰਬਰ 2015 ਵੀਰਵਾਰ ਸਵੇਰੇ 10 ਵਜੇ ਉਪਰੰਤ ਕੀਰਤਨ ਦੀਵਾਨ ਹੋਣਗੇ।

**ਸੇਵਾ: ਜਤਿੰਦਰ ਸਿੰਘ ਥਿੰਦ ਅਤੇ ਪਰਿਵਾਰ ਪਵਨ ਸਿੰਘ ਪੰਮਾ ਅਤੇ ਪਰਿਵਾਰ।**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਪ੍ਰਕਾਸ਼ ਦਿਹਾੜੇ ਅਤੇ 16ਵੇਂ ਨਗਰ ਕੀਰਤਨ ਦੀ ਖੁਸ਼ੀ ਵਿਚ ਹਫਤਾਵਾਰੀ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਸੇਵਾ ਲੈਣ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।

31 ਦਸੰਬਰ 2015 ਨੂੰ ਸ਼ਾਮ ਦੇ ਦੀਵਾਨ ਵਿਚ ਕੀਰਤਨ ਦਰਬਾਰ ਸ਼ਾਮ 7 ਵਜੇ ਤੋਂ ਲੈ ਕੇ ਨਵੇਂ ਸਾਲ 2016 ਦੀ ਆਮਦ ਤੱਕ ਚੱਲੇਗਾ।

### ਹੋਰ ਜਾਣਕਾਰੀ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ

ਜੱਸੀ ਬੰਗਾ 916-796-5003 | ਦਰਸ਼ਨ ਵਿਰਕ 916-228-0540 | ਸਤਨਾਮ ਮੰਢਾਲੀ 916-803-0108
ਜੋਗਿੰਦਰ ਚੁੰਬਰ 916-582-1611 | ਬਲਵਿੰਦਰ ਰੱਲ੍ਹ 916-425-2707 | ਜੱਸੀ ਸ਼ੀਮਾਰ (ਪੀ. ਆਰ. ਓ.) 916-293-6030

## Shri Guru Ravidass Temple Rio Linda, Sacramento

**6221-16th Street Rio Linda, CA 95673, Phone 916-992-1710**

# Grant Line Insurance Agency, Inc.

## DBA Sky High Insurance Agency

### One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

# 209-263-0860

3244 W. Grant Line Rd., Tracy, CA 95304

Email: nfo@skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





## Call : Dharminder Singh

Cell : 530-870-6600 Fax : 530-405-1429

Email: myfuturetruck@gmail.com

2535 Front St. West Sacramento, CA 95691